# ਪ੍ਰੋਢਾਵਾਦ

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਾਰੀ ਮਨੁੱਖਤਾ ਲਈ ਵਿਲੱਖਣ ਢੰਗ ਨਾਲ ਲਿਖੀ ਗਈ ਹੈ ਜਿਸਨੂੰ **"ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ"** (ਗੁਰੂ ਗ੍ਰੰਥ ਸਾਹਿਬ, ਪੰਨਾ : 304) ਅਤੇ **"ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ।।"** (ਗੁਰੂ ਗ੍ਰੰਥ ਸਾਹਿਬ, ਪੰਨਾ : 308) ਅਨੁਸਾਰ ਸਨਮਾਨਿਆ ਜਾਂਦਾ ਹੈ। ਇਸ ਬਾਣੀ ਦੇ ਕਿਸੀ ਵੀ ਸੁਨੇਹੇ ਨੂੰ ਝੁਠਲਾਇਆ ਨਹੀਂ ਜਾ ਸਕਦਾ। ਅੱਜ ਧਰਤੀ ਦੇ ਅਨੇਕਾਂ ਧਰਮਾਂ (ਮਜ਼੍ਹਬਾਂ) ਨੂੰ ਸਾਇੰਸ ਤੋਂ ਖਤਰੇ ਦਾ ਕਾਰਨ ਹੀ ਇਹੋ ਹੈ ਕਿ ਉਨ੍ਹਾਂ ਦੇ ਫਲਸਫੇ 'ਚ ਦਲੀਲ ਭਰਪੂਰ, ਹਕੀਕਤ ਰੂਪ 'ਚ ਜਿਊਣ ਲਾਇਕ ਖ਼ਰਾ ਸੱਚ ਨਹੀਂ ਹੈ, ਜਿਸ ਕਾਰਨ ਉਹ ਬਦਲਦੇ ਯੁਗ ਨਾਲ ਮੇਲ ਨਹੀਂ ਖਾ ਸਕਦਾ। ਹਾਂ, ਪਰ ਗੁਰਮਤ ਵਿਚਾਰਧਾਰਾ ਦਾ ਖਰਾ ਸੱਚ ਆਪਣੇ ਆਪ ਵਿਚ ਦਲੀਲ ਭਰਪੂਰ ਹੈ ਅਤੇ ਇਸਨੂੰ ਸਾਇੰਸ ਤੋਂ ਕੋਈ ਖ਼ਤਰਾ ਨਹੀ। ਇਸੇ ਕਰਕੇ ਇਹ ਸਦੀਵੀ ਨਵੀਨ ਅਤੇ ਸਾਰੀ ਮਨੁੱਖਤਾ ਲਈ **'ਹੈ ਭੀ ਸਚੁ ਨਾਨਕ ਹੋਸੀ ਭੀ ਸਚੁ'** ਹੀ ਰਹਿਣੀ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਜਿਸ ਤਰੀਕੇ ਨਾਲ ਲਿਖਿਆ ਗਿਆ ਹੈ ਉਸੀ ਤਰੀਕੇ ਨੂੰ ਸਮਝ ਕੇ, ਉਸ ਅਨੁਸਾਰ ਹੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਦੀ ਪਰਿਭਾਸ਼ਾ ਨੂੰ ਸਮਝਣਾ ਪਵੇਗਾ। ਇਹ ਕਾਵਿ-ਰੂਪ ਅਤੇ ਸੰਗੀਤਕ ਤਰਤੀਬ ਵਿਚ ਵਿਆਕਰਣ ਦੇ ਨਿਯਮਾਂ ਅਨੁਸਾਰ ਲਿਖੀ ਗਈ ਹੈ। ਇਸ ਦੀ ਬਣਤਰ ਵਿਕੋਲਿਤਰੀ ਹੈ, ਇਸ ਵਿਚ ਸਿਰਲੇਖ, ਰਹਾਉ, ਛੰਤ, ਪਉੜੀ, ਸਲੋਕ ਅਤੇ ਵਾਰ ਇਤਿਆਦਿ ਰਾਹੀਂ ਸੱਚ ਦਾ ਸੁਨੇਹਾ ਦੇਣ ਦਾ ਯਤਨ ਕੀਤਾ ਗਿਆ ਹੈ। ਲੋਕ ਗੀਤ, ਲੋਕ ਭਾਸ਼ਾ ਅਤੇ ਪ੍ਰਚਲਤ ਅਨੇਕਾਂ ਬੋਲੀਆਂ ਦੇ ਅਖਾਣ, ਪ੍ਰਮਾਣ ਅਤੇ ਪ੍ਰਚਲਤ ਅਖੌਤੀ ਕਹਾਣੀਆਂ ਦੇ ਪ੍ਰਤੀਕ ਵਰਤ ਕੇ ਗੁਰਮਤ ਸਿਧਾਂਤਾਂ ਨੂੰ ਦ੍ਰਿੜ ਕਰਵਾਇਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਮਨੁੱਖ ਨੂੰ ਸਮਝਾਉਣ ਲਈ ਸੌਖੇ ਅਤੇ ਸੁੱਚਜੇ ਢੰਗ ਵਰਤੇ ਗਏ ਹਨ ਉਨ੍ਹਾਂ ਵਿਚੋਂ ਇਕ ਬਹੁਤ ਅਹਿਮ ਢੰਗ ਹੈ ਜਿਸ ਨੂੰ **ਪ੍ਰੋਢਾਵਾਦ** ਕਿਹਾ ਜਾਂਦਾ ਹੈ।

ਪ੍ਰੋਢਾਵਾਦ ਇਕ ਐਸਾ ਢੰਗ ਹੈ ਜਿਸ ਵਿਚ ਪ੍ਰਚਲਤ ਬੋਲੀ, ਅਖਾਣ, ਇਤਿਹਾਸਕ ਜਾਂ ਮਿਥਿਹਾਸਕ ਕਹਾਣੀਆਂ ਦੇ ਕਿਰਦਾਰ, ਉਨ੍ਹਾਂ ਦੇ ਨਾਮ ਜਾਂ ਪ੍ਰਚਲਤ ਵਿਚਾਰਧਾਰਾ ਦੇ ਹਵਾਲੇ ਦਿਤੇ ਜਾਂਦੇ ਹਨ। ਬੋਲਣ ਜਾਂ ਲਿਖਣ ਵਾਲਾ ਉਨ੍ਹਾਂ ਅਖੌਤੀ ਵਿਚਾਰਾਂ, ਕਹਾਣੀਆਂ ਨਾਲ ਆਪ ਭਾਵੇਂ ਸਹਿਮਤ ਨਹੀਂ ਹੁੰਦਾ ਲੇਕਿਨ ਉਨ੍ਹਾਂ ਪ੍ਰਤੀਕਾਂ ਨੂੰ ਵਰਤ ਕੇ, ਸੁਨੇਹਾ ਆਪਣਾ ਦੇਣਾ ਚਾਹੁੰਦਾ ਹੈ। (This technique is called speaking or writing in vernacular)। ਬੋਲਣ ਜਾਂ ਲਿਖਣ ਵਾਲੇ ਦੀ ਆਪਣੀ ਨਵੀਨ ਵਿਚਾਰਧਾਰਾ ਹੁੰਦੀ ਹੈ ਜੋ ਕਿ ਉਸਦੇ ਸਿਧਾਂਤਾਂ ਮੁਤਾਬਿਕ ਇਕਸਾਰ, ਲੜੀਬੱਧ ਹੁੰਦੀ ਹੈ, ਇਸ ਕਰਕੇ ਉਸਦੀ ਵਿਚਾਰਧਾਰਾ ਨੂੰ ਸਮਝਣ ਲਈ ਉਸਦੇ ਹੀ ਸਿਧਾਂਤਾਂ ਨੂੰ ਮੁੱਖ ਰੱਖਣਾ ਅਤਿ ਜ਼ਰੂਰੀ ਹੁੰਦਾ ਹੈ। ਸੁਣਨ ਜਾਂ ਪੜ੍ਹਨ ਵਾਲਾ ਵਰਤੇ ਗਏ ਪ੍ਰਤੀਕਾਂ ਜਾਂ ਕਹਾਣੀਆਂ ਦੇ ਨਾਲ ਜੇ ਕਰ ਜੁੜ ਜਾਵੇ ਤਾਂ ਉਹ ਉਸ ਵਿਚਾਰਧਾਰਾ ਨੂੰ ਸਮਝਣ ਵੇਲੇ ਟਪਲਾ ਖਾ ਸਕਦਾ ਹੈ।

ਜੇ ਕਰ ਵਰਤੇ ਗਏ ਅੱਖਰ, ਪ੍ਰਤੀਕ ਜਾਂ ਅਖਾਣਾਂ ਨੂੰ ਉਸ ਲਿਖਾਰੀ ਦੀ 'ਨਵੀਨ ਵਿਚਾਰਧਾਰਾ' ਉੱਤੇ ਥੋਪ ਦਿੱਤਾ ਜਾਵੇ ਤਾਂ ਉਸ ਨਵੀਨ ਵਿਚਾਰਧਾਰਾ ਨੂੰ ਸਮਝਣ ਵੇਲੇ ਟਪਲਾ ਲੱਗ ਸਕਦਾ ਹੈ ਅਤੇ ਸਮਝਣ ਵਾਲਾ ਸਿੱਧਾਂਤਾਂ ਤੋਂ ਟੁੱਟ ਕੇ ਕੇਵਲ ਵਰਤੇ ਗਏ ਪ੍ਰਤੀਕਾਂ ਅਤੇ ਅਖਾਣਾਂ ਨਾਲ ਹੀ ਜੁੜ ਜਾਵੇਗਾ।

ਪ੍ਰੋਢਾਵਾਦ ਢੰਗ ਨੂੰ ਸਮਝਣ ਲਈ ਅਸੀਂ ਕੁਝ ਮਿਸਾਲਾਂ ਨੂੰ ਵਿਚਾਰਦੇ ਹਾਂ ਜਿਸ ਨਾਲ ਸਾਨੂੰ ਸਮਝ ਪੈ ਜਾਵੇਗੀ ਕਿ ਵਰਤੇ ਗਏ ਪ੍ਰਤੀਕ ਦਾ ਮਕਸਦ ਕੇਵਲ ਸੁਣਨ, ਪੜ੍ਹਨ ਵਾਲੇ ਨੂੰ ਭਾਵ ਅਰਥ ਤੱਕ ਪਹੁੰਚਾਉਣਾ ਸੀ ਪਰ ਵਰਤੇ ਗਏ ਪ੍ਰਤੀਕ ਨਾਲ ਕੋਈ ਤਾਅਲੁਕ ਹੀ ਨਹੀਂ ਸੀ, ਜਿਵੇਂ ਕਿ :

1. ਉਸਨੇ ਤਾਂ ਅਸਮਾਨ ਹੀ ਸਿਰ ਤੇ ਚੁੱਕ ਲਿਆ – ਇਸ 'ਚ ਕੇਵਲ ਸ਼ੋਰ ਪਾਉਣਾ ਹੀ ਦਸਿਆ ਹੈ, ਅਸਮਾਨ ਦਾ ਤਾਅਲੁਕ ਸਿਰ ਨਾਲ ਨਹੀਂ।
2. ਕਪੜਾ ਦੁੱਧ ਵਰਗਾ ਚਿੱਟਾ ਹੋਵੇ – ਇਸ 'ਚ ਕਪੜੇ ਦਾ ਦੁੱਧ ਨਾਲ ਕੋਈ ਤਾਅਲੁਕ ਨਹੀਂ ਕੇਵਲ ਕਪੜੇ ਦੀ ਸਫੇਦੀ ਬਾਰੇ ਗੱਲ ਕੀਤੀ ਗਈ ਹੈ।
3. ਢਾਬੇ ਵਾਲਾ ਟਰੱਕ ਵਾਲੇ ਨੂੰ ਪੁਛਦੈ ਕਿ ਚਾਹ ਕਿਤਨੀ ਰਫ਼ਤਾਰ ਦੀ ਬਣਾਵਾਂ ? ਇਸ 'ਚ ਚਾਹ ਦਾ ਰਫ਼ਤਾਰ ਨਾਲ ਕੋਈ ਸੰਬੰਧ ਨਹੀਂ ਕੇਵਲ ਟਰੱਕ ਵਾਲੇ ਦੀ ਬੋਲੀ ਵਿੱਚ ਚਾਹ ਨੂੰ 'ਕੜਕ ਜਾਂ ਹਲਕੀ' ਪੁੱਛਣ ਦਾ ਢੰਗ ਹੈ।
4. ਜੋ ਲਾਹੋਰ ਭੈੜੇ ਉਹ ਪਿਸ਼ੌਰ ਵੀ ਭੈੜੇ – ਇਸ 'ਚ ਲਾਹੋਰ-ਪਿਸ਼ੌਰ ਦੇ ਮਨੁੱਖ ਜਾਂ ਸ਼ਹਿਰ ਦੀ ਗੱਲ ਨਹੀਂ ਕੇਵਲ ਪ੍ਰਤੀਕ ਹੈ ਕਿ ਭੈੜੇ ਮਨੁੱਖ ਹਰ ਥਾਂ ਭੈੜੇ ਕਰਮ ਹੀ ਕਰਦੇ ਹਨ।
5. ਪੰਜੋ ਉਂਗਲਾਂ ਘਿਉ 'ਚ – ਘਿਉ ਦਾ ਉਂਗਲਾਂ ਨਾਲ ਤਾਅਲੁਕ ਨਹੀਂ ਕੇਵਲ ਕੰਮ ਧੰਧਾ ਚੰਗਾ ਜਾਂ ਵੱਧ ਮਾਇਆ ਦੇ ਮੁਨਾਫੇ ਦਾ ਪ੍ਰਤੀਕ ਹੈ।

ਉਪਰੋਕਤ ਦਿੱਤੀਆਂ ਗਈਆਂ ਕੁਝ ਕੁ ਮਿਸਾਲਾਂ ਤੋਂ ਬਾਅਦ ਪ੍ਰੋਢਾਵਾਦ ਦੇ ਢੰਗ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 'ਚੋਂ ਸਮਝਦੇ ਹਾਂ ਤਾ ਕਿ ਅਸੀਂ ਆਪਣੇ ਮਜ਼ਮੂਨ ਵੱਲ ਅਗੇ ਵੱਧ ਸਕੀਏ।

ਮਨੁੱਖ ਨੂੰ ਜਿਸ ਬੋਲੀ ਦੀ ਸਮਝ ਹੋਵੇ ਗੁਰਬਾਣੀ ਵਿਚ ਉਸੀ ਲਹਿਜ਼ੇ (ਰਮਜ਼) ਰਾਹੀਂ 'ਸਤਿਗੁਰ' ਦ੍ਰਿੜ ਕਰਵਾਇਆ ਗਿਆ ਹੈ। ਜਿਵੇਂ ਕਿ :-

1. ਵਪਾਰੀ ਬੋਲੀ 'ਚ :- **'ਸਚੁ ਵਾਪਾਰੁ ਕਰਹੁ ਵਾਪਾਰੀ।।'** (ਗੁਰੂ ਗ੍ਰੰਥ ਸਾਹਿਬ, ਪੰਨਾ : 293) ਜਾਂ **'ਸਾਹ ਵਾਪਾਰੀ ਦੁਆਰੈ ਆਏ।। ਵਖਰੁ ਕਾਢਹੁ ਸਉਦਾ ਕਰਾਏ।।'** (ਗੁਰੂ ਗ੍ਰੰਥ ਸਾਹਿਬ, ਪੰਨਾ : 372) ਇਸ 'ਚ ਵਪਾਰੀ ਬੋਲੀ ਵਿਚ ਸੌਦਾ ਅਤੇ ਲੈਣ ਦੇਣ ਦਾ ਪ੍ਰਤੀਕ ਵਰਤ ਕੇ 'ਆਤਮਕ ਸੱਚੇ ਸੌਦੇ' ਨੂੰ ਵਿਹਾਝਨ ਦੀ ਗੱਲ ਕੀਤੀ ਗਈ ਹੈ।
2. ਕਿਰਸਾਣੀ ਬੋਲੀ 'ਚ :- **'ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ'** (ਗੁਰੂ ਗ੍ਰੰਥ ਸਾਹਿਬ, ਪੰਨਾ : 595) ਇਸ ਵਿਚ ਬੀਜ, ਧਰਤੀ ਅਤੇ ਸੁਹਾਗੇ ਦਾ ਪ੍ਰਤੀਕ ਵਰਤ ਕੇ 'ਆਤਮਕ ਧਰਤੀ' ਨੂੰ ਤਿਆਰ ਕਰਨਾ ਦ੍ਰਿੜ ਕਰਵਾਇਆ ਗਿਆ ਹੈ।
3. ਪਰਿਵਾਰਕ ਬੋਲੀ 'ਚ :- **'ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ'** (ਗੁਰੂ ਗ੍ਰੰਥ ਸਾਹਿਬ, ਪੰਨਾ : 103) – ਇਸ ਵਿਚ ਦੁਨਿਆਵੀ ਰਿਸ਼ਤਿਆਂ ਦੇ ਨਿੱਘ-ਪਿਆਰ ਨੂੰ ਪ੍ਰਤੀਕ ਰੂਪ ਵਿਚ ਵਰਤ ਕੇ ਰੱਬੀ-ਪਿਆਰ ਦ੍ਰਿੜ ਕਰਵਾਇਆ ਹੈ।

ਆਓ, ਗੁਰਬਾਣੀ ਵਿਚ ਵਰਤੇ ਗਏ ਇਸ ਪ੍ਰੋਢਾਵਾਦੀ ਢੰਗ ਨੂੰ ਹੋਰ ਗਹਿਰਾਈ 'ਚ ਸਮਝਣ ਦਾ ਜਤਨ ਕਰੀਏ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਬਣਤਰ 'ਚ ਦੁਨਿਆਵੀ ਪ੍ਰਚਲਤ ਲਫਜ਼, ਬੋਲੀ, ਅਖਾਣ

(idioms/phrases), ਥਾਂਵਾਂ ਦੇ ਨਾਮ ਅਤੇ ਮਿਥਿਹਾਸਕ ਕਹਾਣੀਆਂ ਦੇ ਕਿਰਦਾਰ ਵਰਤ ਕੇ 'ਸਤਿਗੁਰ' ਦ੍ਰਿੜ ਕਰਵਾਇਆ ਹੈ।

ਸਾਰੀ ਦੁਨੀਆ ਅੱਖਾਂ ਹੀਣੇ ਮਨੁੱਖ ਨੂੰ ਅੰਨ੍ਹਾ ਸਮਝਦੀ ਹੈ ਲੇਕਿਨ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਨੁਸਾਰ, ''ਜੋ ਮਨੁੱਖ ਸੱਚੇ ਰਾਹ ਤੋਂ ਮੁਨਕਰ ਹੈ, ਸੱਚ ਨੂੰ ਨਹੀਂ ਸਮਝਦਾ, ਸੱਚ ਨੂੰ ਨਹੀਂ ਵੇਖਦਾ, ਜਾਣ-ਬੁੱਝ ਕੇ ਗਲਤ ਰਸਤੇ ਤੇ ਟੁਰ ਕੇ ਖ਼ੁਆਰ ਹੁੰਦਾ ਹੈ, ਉਸਨੂੰ ਅੰਨ੍ਹਾ ਕਹਿੰਦੇ ਹਨ।'' ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਆਇਆ ਹੈ :-

**ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ।।**

**ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ।।**

(ਗੁਰੂ ਗ੍ਰੰਥ ਸਾਹਿਬ, ਪੰਨਾ : 954)

ਦੁਨੀਆ ਸਰੀਰਕ ਰੂਪ 'ਚ ਮੋਏ ਮਨੁੱਖ ਨੂੰ ਮਿਰਤਕ ਸਮਝਦੀ ਹੈ ਲੇਕਿਨ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ 'ਚ ਮਿਰਤਕ ਮਨੁੱਖ ਦੀ ਪਰਿਭਾਸ਼ਾ ਹੈ :-

(i) **ਜੋ ਬਿਨੁ ਸਤਿਗੁਰ ਸੇਵੇ ਖਾਦੇ ਪੈਨਦੇ ਸੇ ਮੁਏ ਮਰਿ ਜੰਮੇ ਕੋੜ੍ਹੇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 306)

(ii) **ਆਖਾ ਜੀਵਾ ਵਿਸਰੈ ਮਰਿ ਜਾਉ।।** (ਗੁਰੂ ਗ੍ਰੰਥ ਸਾਹਿਬ, ਪੰਨਾ : 9)

(iii) **ਨਾਨਕ ਸੇਈ ਮੂਏ ਜਿ ਨਾਮੁ ਨ ਚੇਤਹਿ ਭਗਤ ਜੀਵੇ ਵੀਚਾਰੀ।।** (ਗੁਰੂ ਗ੍ਰੰਥ ਸਾਹਿਬ, ਪੰਨਾ : 911)

(iv) **ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1383)

(v) **ਝੂਠਾ ਮੰਗਣੁ ਜੇ ਕੋਈ ਮਾਗੈ।। ਤਿਸ ਕਉ ਮਰਤੇ ਘੜੀ ਨ ਲਾਗੈ।।** (ਗੁਰੂ ਗ੍ਰੰਥ ਸਾਹਿਬ, ਪੰਨਾ : 109)

ਐਸੀਆਂ ਅਨੇਕਾਂ ਹੀ ਮਿਸਾਲਾਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਿਲਦੀਆਂ ਹਨ ਜਿਨ੍ਹਾਂ 'ਚ ਜਿਊਂਦੇ ਮਨੁੱਖ ਨੂੰ ਮੋਇਆ, ਮਿਰਤਕ ਜਾਂ ਮਰ ਗਿਆ ਕਿਹਾ ਗਿਆ ਹੈ। ਭਾਵੇਂ ਮਨੁੱਖ ਸਰੀਰਕ ਤੌਰ ਤੇ ਜਿਊਂਦਾ ਹੈ ਲੇਕਿਨ ਸੱਚ ਤੋਂ ਮੁਨਕਰ ਜਿਊਣੀ ਵਾਲਾ ਮਨੁੱਖ 'ਮਿਰਤਕ' ਹੀ ਕਹਿਲਾਉਂਦਾ ਹੈ। ਗੁਰਬਾਣੀ ਦੇ ਅਨੇਕ ਪ੍ਰਮਾਣਾਂ 'ਚੋਂ ਕੁਝ ਪ੍ਰਮਾਣ ਵਰਤ ਕੇ ਇਹ ਸਮਝਣ ਦਾ ਜਤਨ ਕੀਤਾ ਗਿਆ ਹੈ ਕਿ ਗੁਰਮਤ 'ਚ ਸੱਚ ਦਾ ਗਿਆਨ (ਸਤਿਗੁਰ) ਦ੍ਰਿੜ ਕਰਵਾਇਆ ਹੈ ਤਾ ਕਿ ਮਨੁੱਖ ਜਿਊਂਦੇ-ਜੀਅ 'ਆਤਮਕ ਮੌਤ' ਨਾ ਮਰੇ।

ਦੁਨੀਆ ਸਰੀਰਕ ਮੌਤ ਮਗਰੋਂ ਮੁਕਤੀ ਸਮਝਦੀ ਹੈ ਲੇਕਿਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰਾਹੀਂ ਮੌਤ ਦੇ ਪ੍ਰਤੀਕਾਂ ਨੂੰ ਵਰਤ ਕੇ ਮਨੁੱਖ ਨੂੰ ਜਿਊਂਦਿਆਂ ਮੁਕਤੀ ਦਾ 'ਸਤਿਗੁਰ' (wisdom-universal truth) ਦ੍ਰਿੜ ਕਰਵਾਇਆ ਗਿਆ ਹੈ। ਸਰੀਰਕ ਮਰਨ ਤੋਂ ਬਾਅਦ ਮੁਕਤੀ ਨਿਰਮੂਲ (ਫਜ਼ੂਲ, superfluous) ਹੈ ਜਦਕਿ ਜਿਊਂਦਿਆਂ ਮੁਕਤ ਅਵਸਥਾ ਸਾਰੀ ਮਨੁਖਤਾ ਦੇ ਭਲੇ ਲਈ ਅਤਿ ਜ਼ਰੂਰੀ ਹੈ। ਆਓ ਗੁਰੂ ਗ੍ਰੰਥ ਸਾਹਿਬ ਵਿਚੋਂ ਹੋਰ ਪ੍ਰਮਾਣਾਂ ਰਾਹੀਂ ਸਮਝੀਏ :-

1. **ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ।।** (ਗੁਰੂ ਗ੍ਰੰਥ ਸਾਹਿਬ, ਪੰਨਾ : 58)

2. **ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ ਭਾਈ ਸਬਦੇ ਹੀ ਮੁਕਤਿ ਪਾਈ।।** (ਗੁਰੂ ਗ੍ਰੰਥ ਸਾਹਿਬ, ਪੰਨਾ : 601)

3. **ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ।।** (ਗੁਰੂ ਗ੍ਰੰਥ ਸਾਹਿਬ, ਪੰਨਾ : 604)

4. **ਨਾਨਕ ਸਦਾ ਅਰਾਧਿ ਕਦੇ ਨਾ ਜਾਂਹਿ ਮਰਿ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1363)

5. **ਮਨੁ ਤਨੁ ਥਾਪਿ ਕੀਆ ਸਭੁ ਅਪਨਾ ਏਹੋ ਆਵਣ ਜਾਣਾ।।** (ਗੁਰੂ ਗ੍ਰੰਥ ਸਾਹਿਬ, ਪੰਨਾ : 882)

6. **ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ।।** (ਗੁਰੂ ਗ੍ਰੰਥ ਸਾਹਿਬ, ਪੰਨਾ : 449)

ਇਨ੍ਹਾਂ ਉਪਰਲੀਆਂ ਪੰਕਤੀਆਂ ਰਾਹੀਂ ਮਨੁੱਖ ਨੂੰ ਜਿਊਂਦੇ ਜੀਅ ਮੁਕਤ ਅਵਸਥਾ ਪ੍ਰਾਪਤ ਕਰਨ ਦਾ ਸੁਨੇਹਾ ਦਿੱਤਾ ਗਿਆ ਹੈ ਅਤੇ ਇਹੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦਾ ਵਿਕੋਲਿਤਰਾ (unique) ਸਿਧਾਂਤ ਹੈ।

ਦੁਨੀਆ ਸਰੀਰਕ ਮਰਨ ਮਗਰੋਂ ਸਵਰਗ, ਨਰਕ, ਜੱਨਤ, ਦੋਜ਼ਖ਼, ਬਹਿਸ਼ਤ, ਬੈਕੁੰਠ ਅਤੇ ਸੱਚਖੰਡ ਮੰਨਦੀ ਹੈ ਲੇਕਿਨ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ 'ਚ ਇਹ ਅਖੌਤੀ ਲਫ਼ਜ਼ ਕਿਸੇ ਥਾਂ ਦੇ ਨਾਮ ਨਹੀਂ ਹਨ ਬਲਕਿ ਮਨੁੱਖ ਦੀ ਜਿਊਂਦਿਆਂ ਹੀ ਆਤਮਕ ਅਵਸਥਾ (its state of mind while living) ਦੇ ਪ੍ਰਤੀਕ ਵਜੋਂ ਪ੍ਰੋੜ੍ਹਾਵਾਦੀ ਢੰਗ 'ਚ ਵਰਤੇ ਗਏ ਹਨ ਜਿਵੇਂ ਕਿ :-

1. **ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ।।** (ਗੁਰੂ ਗ੍ਰੰਥ ਸਾਹਿਬ, ਪੰਨਾ : 755) – ਭਾਵ ਨਿੰਦਾ ਕਰਨ ਵਾਲਾ ਮਨੁੱਖ ਅੱਜ, ਹੁਣੇ ਹੀ ਆਤਮਕ ਤੇ ਮਾਨਸਕ ਤੌਰ ਤੇ ਨਰਕ 'ਚ ਪਿਆ ਹੈ।

2. **ਜਿਸ ਕੈ ਅੰਤਰਿ ਰਾਜ ਅਭਿਮਾਨੁ।। ਸੋ ਨਰਕਪਾਤੀ ਹੋਵਤ ਸੁਆਨੁ।।** (ਗੁਰੂ ਗ੍ਰੰਥ ਸਾਹਿਬ, ਪੰਨਾ : 278) – ਭਾਵ ਜਦੋਂ ਮਨੁੱਖ ਕਿਸੇ ਵੀ ਕਿਸਮ ਦੇ ਰਾਜ ਅਭਿਮਾਨ ਕਾਰਨ ਦੂਜਿਆਂ 'ਤੇ ਹਾਵੀ (dominate) ਹੁੰਦਾ ਹੈ, ਉਹ ਆਤਮਕ ਤੌਰ 'ਤੇ ਹੁਣੇ ਹੀ, ਅੱਜ ਹੀ ਕੁੱਤੇ ਦੀ ਨਿਆਈਂ ਨਰਕ ਵਿਚ ਹੈ।

3. **ਅਕਿਰਤਘਣੈ ਕਉ ਰਖੈ ਨ ਕੋਈ ਨਰਕ ਘੋਰ ਮਹਿ ਪਾਵਣਾ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1086) – ਭਾਵ ਜਦੋਂ ਕੋਈ ਮਨੁੱਖ ਨਾਸ਼ੁਕਰਾ, ਅਕ੍ਰਿਤਘਣ ਹੁੰਦਾ ਹੈ ਤਾਂ ਉਹ ਉਸ ਪਲ ਹੀ ਨਰਕੀ ਜੀਵਨ ਜਿਊ ਰਿਹਾ ਹੁੰਦਾ ਹੈ।

4. **ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1358) – ਜਦੋਂ ਮਨੁੱਖ ਕਾਮੀ ਬਿਰਤੀ 'ਚ ਹੁੰਦਾ ਹੈ ਉਹ ਉਸ ਸਮੇਂ, ਉਸ ਪਲ ਮਾਨਸਕ, ਆਤਮਕ, ਤੌਰ 'ਤੇ ਨਰਕ 'ਚ ਹੀ ਪਿਆ ਹੈ ਅਤੇ ਮਾਨੋ ਕਿ ਅਨੇਕ ਜੂਨੀਆਂ ਵਿਚ ਭਟਕ ਰਿਹਾ ਹੈ।

5. **ਮਨਸਾ ਬਾਚਾ ਕਰਮਨਾ ਮੈ ਦੇਖੇ ਦੋਜਕ ਜਾਤ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1105) – ਭਾਵ ਜਿਵੇਂ ਹੀ ਅਸੀਂ ਮਨ ਦੀਆਂ ਖ਼ਾਹਿਸ਼ਾਂ ਪਿੱਛੇ ਦੌੜਦੇ ਹਾਂ, ਦੋਜ਼ਖ਼ ਵਿਚ ਪੈ ਜਾਂਦੇ ਹਾਂ।

ਗੁਰੂ ਗ੍ਰੰਥ ਸਾਹਿਬ ਜੀ ਵਿਚ 'ਸਤਿਗੁਰ' ਰਾਹੀਂ ਦ੍ਰਿੜ ਕਰਵਾਇਆ ਹੈ ਕਿ ਮਨਮੁੱਖਤਾ, ਮੰਦੇ ਕਰਮਾਂ ਵਾਲੀ ਜੀਵਨੀ ਹੀ 'ਨਰਕ ਜਾਂ ਦੋਜ਼ਖ਼' ਹੈ ਅਤੇ ਰੱਬੀ ਗੁਣਾਂ ਅਤੇ ਮਨੁੱਖਤਾ ਭਰਪੂਰ ਗੁਣਾਂ ਵਾਲਾ ਜੀਵਨ (ideal, full of humanity) ਹੀ ਬਹਿਸ਼ਤ, ਸੱਚਖੰਡ ਦੀ ਅਵਸਥਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ 'ਚ ਸਵਰਗ-ਨਰਕ, ਜਨੱਤ-ਦੋਜ਼ਖ਼, ਬਹਿਸ਼ਤ ਨੂੰ ਮਰਨ ਮਗਰੋਂ ਕੋਈ ਅਲਗ ਥਾਂ ਨਹੀਂ ਮੰਨਿਆ ਗਿਆ ਬਲਕਿ ਅਖੌਤੀ ਪ੍ਰਚਲਤ ਵਿਚਾਰਧਾਰਾ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰਾਹੀਂ ਬੜੇ ਹੀ ਸੁੱਚਜੇ ਢੰਗ ਨਾਲ ਪ੍ਰਮਾਣ ਦੇ ਕੇ ਨਕਾਰਿਆ (invalid) ਗਿਆ ਹੈ ਜਿਵੇਂ ਕਿ :-

1. **ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ।। ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ।।** (ਗੁਰੂ ਗ੍ਰੰਥ ਸਾਹਿਬ, ਪੰਨਾ : 337)
2. **ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ।। ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 969)
3. **ਸਭ ਕੋਈ ਚਲਨ ਕਹਤ ਹੈ ਊਹਾਂ।। ਨਾ ਜਾਨਉ ਬੈਕੁੰਠੁ ਹੈ ਕਹਾਂ।।੧।। ਰਹਾਉ।। ਆਪ ਆਪ ਕਾ ਮਰਮੁ ਨ ਜਾਨਾਂ।। ਬਾਤਨ ਹੀ ਬੈਕੁੰਠੁ ਬਖਾਨਾਂ।। ।। ਜਬ ਲਗੁ ਮਨ ਬੈਕੁੰਠ ਕੀ ਆਸ।। ਤਬ ਲਗੁ ਨਾਹੀ ਚਰਨ ਨਿਵਾਸ।।੨।। ਖਾਈ ਕੋਟੁ ਨ ਪਰਲ ਪਗਾਰਾ।। ਨਾ ਜਾਨਉ ਬੈਕੁੰਠ ਦੁਆਰਾ।।੩।। ਕਹਿ ਕਮੀਰ ਅਬ ਕਹੀਐ ਕਾਹਿ।। ਸਾਧਸੰਗਤਿ ਬੈਕੁੰਠੈ ਆਹਿ।।੪।।**

(ਗੁਰੂ ਗ੍ਰੰਥ ਸਾਹਿਬ, ਪੰਨਾ : 1161)

ਕਬੀਰ ਸਾਹਿਬ ਨੇ ਇਸ ਸਾਰੇ ਸ਼ਬਦ ਰਾਹੀਂ ਵਿਅੰਗ ਰੂਪ 'ਚ ਅਖੌਤੀ ਬੈਕੁੰਠ ਦੀ ਨਿਖੇਦੀ (invalidate) ਕਰਕੇ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਵਾਲਾ ਅਸਲੀ ਸਦੀਵੀ ਸੱਚ ਦਾ ਆਤਮਕ ਬੈਕੁੰਠ, ਸੱਚਖੰਡ, ਬਹਿਸ਼ਤ ਬਿਆਨ ਕੀਤਾ ਹੈ। ਜੇ ਕਰ 'ਰਹਾਉ' ਦੇ ਪਦੇ ਅਨੁਸਾਰ ਇਸ ਸ਼ਬਦ ਨੂੰ ਵਿਚਾਰੀਏ ਤਾਂ ਕਬੀਰ ਜੀ ਕਹਿ ਰਹੇ ਹਨ- "ਸਭ ਕੋਈ ਬੈਕੁੰਠ ਬਾਰੇ ਕਹਿੰਦੇ ਹਨ ਕਿ ਮਰਨ ਮਗਰੋਂ ਫਲਾਣੀ ਥਾਂ ਤੇ ਹੈ ਪਰ ਮੈਂ ਅਜਿਹੇ ਬੈਕੁੰਠ ਬਾਰੇ ਕੁਝ ਨਹੀਂ ਜਾਣਦਾ। ਐ ਮੇਰੇ ਮਨ ! ਉਸ ਅਖੌਤੀ ਬੈਕੁੰਠ 'ਚ ਮਰਨ ਮਗਰੋਂ ਅਪੜਨ ਦੀ ਆਸ ਜਦੋਂ ਤਕ ਰਖੇਂਗਾ ਉਦੋਂ ਤਕ ਰੱਬ ਜੀ ਨਾਲ ਤੇਰਾ ਮੇਲ ਨਹੀਂ ਹੋ ਸਕਦਾ। ਪ੍ਰਚਲਤ ਅਖੌਤੀ ਬੈਕੁੰਠ ਦਾ ਦਰਵਾਜ਼ਾ, ਕਿਲਾ, ਸ਼ਹਿਰ ਜਾਂ ਖਾਈ ਬਾਰੇ ਮੈਨੂੰ ਕੁਝ ਨਹੀਂ ਪਤਾ।" ਕਬੀਰ ਜੀ ਤਾਂ ਕਹਿੰਦੇ ਹਨ ਕਿ ਹੁਣ ਮੈਂ ਕਿਸ-ਕਿਸ ਨੂੰ ਕੀ ਕੀ ਦੱਸਾਂ, ਮੇਰੇ ਭਾਣੇ ਤਾਂ ਜਦੋਂ ਮੇਰਾ ਮਨ ਗਿਆਨ-ਗੁਰੂ ਦਾ ਸੰਗ ਕਰਦਾ ਹੈ ਅਤੇ ਉਸ ਅਨੁਸਾਰ ਜਿਉਂਦਾ ਹੈ ਤਾਂ ਇਹੀ ਅਵਸਥਾ 'ਬੈਕੁੰਠ' ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਨੁਸਾਰ ਅਖੌਤੀ ਬੈਕੁੰਠ ਲਫਜ਼ ਨੂੰ ਪ੍ਰੋਢਾਵਾਦੀ ਢੰਗ ਨਾਲ ਵਰਤ ਕੇ ਗੁਰਮਤ ਅਨੁਸਾਰ ਸੱਚੇ ਸਦੀਵੀਂ 'ਬੈਕੁੰਠ' ਨੂੰ ਦ੍ਰਿੜ ਕਰਵਾਇਆ ਹੈ।

ਇਸੇ ਨੁਕਤੇ ਨੂੰ ਸਮਝ ਕੇ ਅਸੀਂ ਬਾਣੀ 'ਚੋਂ ਪ੍ਰਚਲਤ ਬੈਕੁੰਠ, ਦਰਗਾਹ, ਪਰਲੋਕ, ਆਗੈ, ਓਥੈ, ਈਹਾਂ-ਊਹਾਂ, ਸਚਖੰਡ, ਕਰਤਾਰਪੁਰ, ਬੇਗਮਪੁਰਾ ਅਤੇ ਸਵਰਗ ਨੂੰ ਸਮਝ ਸਕਦੇ ਹਾਂ ਕਿ ਗੁਰਮਤ ਅਨੁਸਾਰ ਇਹ ਥਾਂਵਾਂ ਨਹੀਂ ਬਲਕਿ ਮਨੁੱਖ ਲਈ ਜਿਊਂਦਿਆਂ ਹੀ (ਇਥੇ ਹੀ) ਉੱਚੇ ਆਚਰਣ ਦੀਆਂ ਆਤਮਕ ਅਵਸਥਾਵਾਂ ਹਨ।

## ਸਰੀਰਕ ਮਰਨ ਮਗਰੋਂ
## ਮੁਕਤੀ ਦੇ ਫਲਸਫੇ

ਸਰੀਰਕ ਮਰਨ ਮਗਰੋਂ ਕੀ ਵਾਪਰਦਾ ਹੈ, ਉਸ ਬਾਰੇ ਕੁਝ ਵੀ ਕਿਹਾ ਨਹੀਂ ਜਾ ਸਕਦਾ। ਜੇ ਕੋਈ ਵੀ ਸਰੀਰਕ ਤੌਰ ਤੇ ਮਰ ਕੇ ਮੁੜਿਆ ਨਹੀਂ ਤਾਂ ਅਸੀਂ ਵੀ ਅੱਗਾ ਵੇਖ ਨਹੀਂ ਆਏ ਹਾਂ ਸੋ ਅਸੀਂ ਕੁਝ ਵੀ ਦਮ ਭਰ ਕੇ ਨਹੀਂ ਕਹਿ ਸਕਦੇ ਅਤੇ ਨਾ ਹੀ ਅੱਗਾ ਰੱਦ ਕਰਨ ਬਾਰੇ ਇਹ ਲਿਖ਼ਤ ਲਿਖੀ ਜਾ ਰਹੀ ਹੈ। ਸਾਨੂੰ ਨਹੀਂ ਪਤਾ ਕਿ....

1. ਮਰਨ ਮਗਰੋਂ ਮਨੁੱਖ ਕਿਥੇ ਜਾਂਦਾ ਹੈ ?

2. ਜਨਮ ਤੋਂ ਪਹਿਲਾਂ ਮਨੁੱਖ ਕਿਥੋਂ ਆਇਆ ਹੈ ?
3. ਮਰਨ ਮਗਰੋਂ ਜਮ, ਬਿਖੜਾ ਪੈਂਡਾ, ਤਰਣੀ ਨਦੀ ਅਤੇ ਪੁਰਸਲਾਤ ਦਾ ਪੁਲ ਹੈ ਕਿ ਨਹੀਂ ?
4. ਮਨੁੱਖ ਦੇ ਮਰਨ ਮਗਰੋਂ ਲੇਖਾ ਜੋਖਾ ਕਿਵੇਂ ਅਤੇ ਕੌਣ ਕਰਦਾ ਹੈ ?
5. ਮਨੁੱਖ ਦੇ ਮਰਨ ਮਗਰੋਂ ਚਿਤ੍ਰਗੁਪਤ ਅਤੇ ਧਰਮਰਾਜ ਕਿਹੜੀ ਦਰਗਾਹ 'ਚ ਕਿਵੇਂ ਕੰਮ ਕਰਦੇ ਹਨ ?
6. ਮਨੁੱਖ ਦੇ ਮਰਨ ਮਗਰੋਂ ਜੂਨਾਂ 'ਚ ਭਟਕਣਾ ਕੀ ਹੁੰਦਾ ਹੈ ਅਤੇ ਮੁੜ ਕੇ ਮਨੁੱਖਾ ਜਨਮ ਕਿਵੇਂ ਪ੍ਰਾਪਤ ਹੁੰਦਾ ਹੈ ?
7. ਸPਰਗ-ਨਰਕ, ਜੱਨਤ-ਦੋਜ਼ਖ, ਧਰਤੀ ਤੋਂ ਪਰੇ ਕਿਤੇ ਹਨ ਵੀ ਜਾਂ ਨਹੀਂ ?
8. ਮਨੁੱਖ ਦੇ ਮਰਨ ਮਗਰੋਂ ਪਰਲੋਕ, ਬੈਕੁੰਠ, ਸੱਚਖੰਡ, ਰੱਬੀ ਦਰਗਾਹ ਹੈ ਵੀ ਜਾਂ ਨਹੀਂ ?
9. ਮਰਨ ਮਗਰੋਂ ਲੇਖੇ ਤੋਂ ਬਚ ਕੇ ਰੱਬੀ ਚਰਨਾਂ 'ਚ ਨਿਵਾਸ ਮਿਲਦਾ ਵੀ ਹੈ ਜਾਂ ਨਹੀਂ ?
10. ਭੂਤ ਪ੍ਰੇਤ ਹੁੰਦੇ ਹਨ ਕਿ ਨਹੀਂ ?

ਐਸੇ ਅਨੇਕਾਂ ਹੀ ਸਵਾਲ ਹਨ ਜਿਨ੍ਹਾਂ ਦਾ ਉੱਤਰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚੋਂ ਹਰੇਕ ਸੱਚ ਦੇ ਪਾਂਧੀ ਨੇ ਇਮਾਨਦਾਰੀ ਦੇ ਸੁਭਾਅ ਤਹਿਤ, ਨਿਰਪੱਖ ਹੋ ਕੇ ਆਪ ਲੱਭਣਾ ਹੈ। ਅਸੀਂ ਆਪਣੇ ਵੱਲੋਂ ਉੱਪਰ ਕੀਤੇ ਗਏ ਅਤੇ ਐਸੇ ਅਨੇਕਾਂ ਸਵਾਲਾਂ ਬਾਰੇ ਕੁਝ ਵੀ ਨਹੀਂ ਕਹਿ ਸਕਦੇ ਕਿ ਮਰਨ ਮਗਰੋਂ ਮਨੁੱਖ ਨਾਲ ਕੀ ਵਾਪਰਦਾ ਹੈ। ਪਰ ਦਰਦ ਭਰੇ ਜੀਅੜੇ ਨਾਲ ਸਨਿਮਰ ਬੇਨਤੀ ਕਰ ਰਹੇ ਹਾਂ ਕਿ ਸੱਚ ਦਾ ਪਾਂਧੀ, ਜਗਿਆਸੂ, ਧਾਰਮਕਤਾ ਦਾ ਇੱਛਕ (seeker of spirituality) ਮਨੁੱਖ ਹੇਠ ਲਿਖੇ ਇਨ੍ਹਾਂ ਸਵਾਲਾਂ ਬਾਰੇ ਆਪਣੇ ਆਪ ਨੂੰ ਪੁੱਛੇ, ਆਪਣੀ ਪੜਚੋਲ (Self analysis) ਕਰੇ :-

1. ਅੱਜ, ਵਰਤਮਾਨ ਵਿੱਚ ਮੇਰੀ ਮਨ ਦੀ ਅਵਸਥਾ ਕੈਸੀ ਹੈ ?
2. ਕੀ ਮੇਰਾ ਕਿਰਦਾਰ ਅੰਦਰੋਂ-ਬਾਹਰੋ ਇਕੋ ਜਿਹਾ ਹੈ ?
3. ਕੀ ਮੈਂ ਲੋਕਾਂ ਨੂੰ ਪਾਪੀ ਜਾਂ ਨਾਸਤਕ ਅਤੇ ਆਪਣੇ ਆਪ ਨੂੰ ਪੁੰਨੀ ਜਾਂ ਆਸਤਕ ਸਮਝਦਾ ਰਹਿੰਦਾ ਹਾਂ ?
4. ਕੀ ਮੈਂ ਹਮੇਸ਼ਾ ਬਹਿਸ ਕਰਕੇ ਜਿੱਤਣ ਦਾ ਸੁਭਾਅ ਰਖਦਾ ਹਾਂ (ਭਾਵੇਂ ਮੈਂ ਗਲਤ ਹੋਵਾਂ ਤਾਂ ਵੀ) ?
5. ਕੀ ਮੈਂ ਬਾਹਰੋਂ ਨਿਮਰਤਾ ਪਰ ਅੰਦਰੋਂ ਹੰਕਾਰ 'ਚ ਰਹਿੰਦਾ ਹਾਂ ?
6. ਕੀ ਮੈਂ ਪਰਾਈ ਵਸਤ, ਰੂਪ, ਦੌਲਤ ਜਾਂ ਕੁਝ ਵੀ ਵੇਖ ਕੇ ਮੋਹਿਤ ਹੋ ਜਾਂਦਾ ਹਾਂ ?
7. ਕੀ ਮੈਂ ਨਿੰਦਾ ਚੁਗਲੀ ਕਰਕੇ ਆਪਣੇ ਆਪ ਨੂੰ ਵੱਡਾ ਅਤੇ ਧਰਮੀ ਦਿਖਾਉਣਾ ਚਾਹੁੰਦਾ ਹਾਂ।
8. ਕੀ ਮੈਂ ਆਪ ਵਿਕਾਰਾਂ ਦੇ ਵੱਸ ਪਿਆ ਹੋਇਆ ਹਾਂ ਤੇ ਹੋਰਨਾਂ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਬਚਣ ਲਈ ਕਹਿੰਦਾ ਫਿਰਦਾ ਹਾਂ ?
9. ਕੀ ਮੈਂ ਖੁਦਗਰਜ਼ੀ ਭਰਿਆ ਜਾਂ ਤੰਗ ਦਿਲੀ ਵਾਲਾ ਜੀਵਨ ਜਿਉ ਰਿਹਾ ਹਾਂ ?
10. ਕੀ ਮੈਂ ਛੇਤੀ ਹੀ ਛਿੱਥਾ ਪੈ ਕੇ ਕ੍ਰੋਧਿਤ ਹੋ ਕੇ ਕੁਬੋਲ ਬੋਲਦਾ ਹਾਂ ?
11. ਕੀ ਮੈਂ ਧਰਮ ਦਾ ਠੇਕੇਦਾਰ ਬਣਕੇ ਲੋਕਾਂ ਨੂੰ ਆਪਣੇ ਪਿੱਛੇ ਲਾਉਣਾ ਚਾਹੁੰਦਾ ਹਾਂ ?
12. ਕੀ ਮੈਂ ਮਜ਼ਬੀ ਵਿਤਕਰੇ ਕਾਰਨ ਤੇਰ-ਮੇਰ, ਆਪਣਾ-ਪਰਾਇਆ ਜੈਸੇ ਅਨੇਕਾਂ ਵਖਰੇਵਿਆਂ ਦੇ ਜਨੂਨ 'ਚ ਰਹਿੰਦਾ ਹਾਂ ?
13. ਕੀ ਮੈਂ ਮਾਫ਼ ਨਾ ਕਰ ਸਕਣ ਅਤੇ ਬਦਲੇ ਲੈਣ ਦੀ ਭਾਵਨਾ ਰਖਦਾ ਹਾਂ ?

14. ਮੈਂ ਖੁਲਦਿਲੀ ਨਾਲ ਹੋਰਨਾਂ ਦੇ ਨਵੇਂ ਖਿਆਲਾਂ ਨੂੰ ਦਲੀਲ ਭਰਪੂਰ, ਸੱਚ ਦੀ ਕਸਵਟੀ ਤੇ ਨਿਰਪੱਖ ਹੋ ਕੇ ਸੁਣਨ/ਵਿਚਾਰਨ ਨੂੰ ਤਿਆਰ ਹਾਂ ਜਾਂ ਨਹੀਂ ?
15. ਮੈਂ ਆਪਣੇ ਅਵਗੁਣਾਂ ਦੀ ਪੜਚੋਲ ਕਰ ਕੇ ਗੁਣਾਂ ਦਾ ਧਾਰਨੀ ਬਣਨਾ ਚਾਹੁੰਦਾ ਹਾਂ ਕਿ ਨਹੀਂ ?
16. ਕੀ ਮੈਂ ਸੁਣੀ ਸੁਣਾਈ ਕਾਰਨ ਹੋਰਨਾਂ ਬਾਰੇ ਮਾੜੀ ਰਾਏ ਬਣਾਉਣ ਦਾ ਆਦੀ ਹਾਂ ?
17. ਕੀ ਮੈਂ ਬਿਨ੍ਹਾਂ ਪਰਖ ਕੀਤਿਆਂ ਹੋਰਨਾਂ ਦੀ ਨਿੰਦਾ ਜਾਂ ਉਨ੍ਹਾਂ ਨਾਲ ਈਰਖਾ ਕਰਦਾ ਰਹਿੰਦਾ ਹਾਂ ?
18. ਕੀ ਮੈਂ ਅਮੀਰ-ਗਰੀਬ ਦਾ ਵਿਤਕਰਾ ਕਰਕੇ ਅਮੀਰਾਂ ਨੂੰ ਜੀ-ਆਇਆਂ ਕਰਦਾ ਹਾਂ ਪਰ ਗਰੀਬਾਂ ਨੂੰ ਅਣਦੇਖਾ (ignore) ਕਰਦਾ ਹਾਂ ?
19. ਕੀ ਮੈਂ ਅਖੌਤੀ ਧਾਰਮਿਕ ਕਰਮਕਾਂਡਾਂ ਨੂੰ ਪੂਰਾ ਕਰਨਾ ਹੀ ਧਰਮ ਸਮਝਦਾ ਹਾਂ ਜਾਂ ਆਪਣੀ ਉੱਚੀ ਆਤਮਕ ਅਵਸਥਾ ਪ੍ਰਾਪਤੀ ਲਈ ਕੋਈ ਉੱਦਮ ਵੀ ਕਰਦਾ ਹਾਂ ?
20. ਕੀ ਮੈਂ ਬਾਹਰਲੇ ਧਰਮੀ ਭੇਖ ਨਾਲ ਲੋਕਾਂ ਨੂੰ ਜਿੱਤ ਲੈਂਦਾ ਹਾਂ ਪਰ ਅਸਲੀਅਤ ਵਿੱਚ ਅੰਦਰੋਂ ਧਰਮੀ ਨਹੀਂ ?
21. ਮੈਂ ਆਪਣੇ ਆਪ ਉੱਤੇ ਭਾਵ ਆਪਣੀਆਂ ਆਦਤਾਂ ਅਤੇ ਇੰਦ੍ਰੀਆਂ ਉੱਤੇ ਕਾਬੂ ਪਾ ਸਕਦਾ ਹਾਂ ਕਿ ਨਹੀਂ ਜਾਂ ਹੋਰਨਾਂ ਨੂੰ ਆਪਣੇ ਦਬਦਬੇ ਹੇਠ ਰਖਣਾ ਹੀ ਮੈਨੂੰ ਚੰਗਾ ਲਗਦਾ ਹੈ ?

ਉਪਰੋਕਤ ਕੀਤੇ ਸਵਾਲ ਅਤੇ ਐਸੇ ਹੋਰ ਅਨੇਕਾਂ ਹੀ ਸਵਾਲ ਜਦੋਂ ਮਨੁੱਖ ਆਪਣੀ ਪੜਚੋਲ ਲਈ ਆਪਣੇ ਆਪ ਨਾਲ ਕਰਨ ਲੱਗ ਪੈਂਦਾ ਹੈ ਤਾਂ ਮਾਨੋ, ਉਹ ਸਤਿਗੁਰ (divine wisdom), ਸੱਚੇ ਗਿਆਨ ਨੂੰ ਪ੍ਰਾਪਤ ਕਰਣ ਦੀ ਤਾਂਘ ਰੱਖਣ ਲਗ ਪਿਆ ਹੈ। ਆਪਣਾ ਮੂਲ ਪਛਾਣ ਕੇ ਸਹੀ ਜੀਵਨ ਜਾਚ ਸਿਖੱਣ ਲਈ 'ਸਤਿਗੁਰ'* ਪ੍ਰਾਪਤ ਕਰਨਾ ਅਤੇ ਉਸ ਅਨੁਸਾਰ ਅਮਲੀ ਤੌਰ 'ਤੇ ਜਿਊਣਾ ਐਸੇ ਮਨੁੱਖ ਦਾ ਮੁੱਖ ਟੀਚਾ ਬਣ ਜਾਂਦਾ ਹੈ। ਮਰਨ ਮਗਰੋਂ ਕੀ ਹੁੰਦਾ ਹੈ ? ਅਗੇ ਕਿੱਥੇ ਜਾਣਾ ਹੈ ? ਅਜਿਹੇ ਖਿਆਲਾਂ ਨੂੰ ਪਹਿਲ ਦੇਣ ਦੀ ਬਜਾਏ ਉਹ ਮਨੁੱਖ ਆਪਣੇ ਆਪ ਨੂੰ ਇਸ ਵਰਤਮਾਨ ਜੀਵਨ 'ਚ ਗੁਣਾਂ ਭਰਪੂਰ ਸ਼ਖਸੀਅਤ ਬਣਾਉਣ ਵਲ ਲੱਗ ਪੈਂਦਾ ਹੈ। ਸੱਚੇ ਆਚਾਰ ਵਾਲਾ ਮਨੁੱਖ, ਰੱਬੀ ਇਕਮਿਕਤਾ ਵਾਲੀ "ਜੀਵਨ ਮੁਕਤ" ਅਵਸਥਾ ਦਾ ਧਾਰਨੀ ਹੋ ਜਾਂਦਾ ਹੈ। ਉਸਨੂੰ ਕਿਸੇ ਫਲ ਦੀ ਇੱਛਾ ਰਹਿੰਦੀ ਹੀ ਨਹੀਂ **(ਕਾਹੂ ਫਲ ਕੀ ਇਛਾ ਨਹੀ ਬਾਛੈ।।)** (ਗੁਰੂ ਗ੍ਰੰਥ ਸਾਹਿਬ, ਪੰਨਾ : 274)। ਮਰਨ ਮਗਰੋਂ ਕਿਸੇ ਸਵਰਗ ਦੀ ਇੱਛਾ ਜਾਂ ਨਰਕ ਦਾ ਡਰ ਜਾਂ ਸਹਿਮ ਤੋਂ ਰਹਿਤ ਨਿਰਭੈਤਾ ਵਾਲੀ ਜੀਵਨੀ ਕਾਰਨ 'ਲੋਕ ਸੁਖੀਂ' ਅਤੇ 'ਪਰਲੋਕ ਸੁਹੇਲੇ' ਦੀ ਅਵਸਥਾ ਵਿੱਚ ਜਿਊਂਦਾ ਹੈ। ਅਜਿਹੇ ਕਿਰਦਾਰ ਵਾਲੇ ਮਨੁੱਖ ਨੂੰ ਸਰੀਰਕ ਮਰਨ ਮਗਰੋਂ ਅਗਲੇ ਜਹਾਨ ਜਾਂ ਪੁਨਰਜਨਮ ਦਾ ਸੰਸਾ, ਭਰਮ ਤੇ ਡਰ ਰਹਿੰਦਾ ਹੀ ਨਹੀਂ ਕਿਉਂਕਿ ਰੱਬੀ ਇੱਕਮਿਕਤਾ ਵਾਲਾ ਜੀਵਨ ਉਹ ਅੱਜ ਹੀ ਜਿਊ ਰਿਹਾ ਹੁੰਦਾ ਹੈ।

## ਚਉਰਾਸੀ ਲੱਖ ਜੂਨ

ਆਮ ਤੌਰ 'ਤੇ ਮਨੁੱਖ ਅਤੇ ਪਸ਼ੂ-ਪੰਛੀਆਂ ਨੂੰ ਅਲਗ-ਅਲਗ ਜੂਨ ਸਮਝਿਆ ਜਾਂਦਾ ਹੈ। ਸਰੀਰਕ ਰੂਪ 'ਚ ਵੀ ਵੇਖਣ ਨੂੰ 'ਮਨੁੱਖ' ਅਤੇ 'ਪਸ਼ੂ ਪੰਛੀ' ਵੱਖੋ-ਵੱਖਰੇ ਹਨ। ਮਨੁੱਖ ਭਾਵੇਂ ਆਪਣੇ ਆਪ ਨੂੰ 'ਮਨੁੱਖ' ਪਿਆ ਸਮਝੇ ਲੇਕਿਨ ਗੁਰੂ ਗ੍ਰੰਥ ਸਾਹਿਬ ਜੀ ਦੇ ਨਜ਼ਰੀਏ 'ਚ ਕਰਨੀਆਂ ਕਰਕੇ, ਸੋਚਣੀ ਕਰਕੇ, ਉਹ ਮਨੁੱਖ ਨਹੀਂ ਹੈ। ਆਓ ਗੁਰਬਾਣੀ ਰਾਹੀਂ ਵਿਚਾਰੀਏ, ਕਿਉਂ ਅਤੇ ਕਿਵੇਂ :-

1. **ਜਿਨਾ ਸਤਿਗੁਰੁ ਪੁਰਖੁ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ। ਓਇ ਮਾਣਸ ਜੂਨਿ ਨ ਆਖੀਅਨਿ ਪਸੂ ਢੋਰ ਗਾਵਾਰ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1418) ਭਾਵ ਜਿਨ੍ਹਾਂ ਮਨੁੱਖਾਂ ਨੇ ਸਤਿਗੁਰ ਅਨੁਸਾਰ ਸਵੈ-ਪੜਚੋਲ ਕਰਕੇ ਆਪਣੀਆਂ ਕਰਨੀਆਂ ਨੂੰ ਸੋਧਿਆ ਨਹੀਂ ਹੈ ਉਹ ਦਿਸਦੇ ਭਾਵੇਂ ਮਨੁੱਖ ਹਨ ਪਰ ਕਰਨੀਆਂ ਕਰਕੇ ਪਸ਼ੂ ਢੋਰ ਗਵਾਰ ਹਨ।

2. **ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ।। ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1284) ਭਾਵ ਬਾਹਰੋਂ ਚਮੜੀ ਕੇਵਲ ਮਨੁੱਖਾਂ ਵਾਲੀ ਹੈ ਪਰ ਅੰਦਰੋਂ ਪਸ਼ੂ ਹਨ।

3. **ਰਤਨੁ ਤਿਆਗਿ ਸੰਗ੍ਰਹਨ ਕਉਡੀ ਪਸੂ ਨੀਚੁ ਇਆਨਾ।।** (ਗੁਰੂ ਗ੍ਰੰਥ ਸਾਹਿਬ, ਪੰਨਾ : 547) ਭਾਵ ਰਤਨ ਵਰਗੀ ਮਤ ਤਿਆਗ ਕੇ ਨੀਵੀਂ ਮਤ ਕਾਰਨ ਪਸ਼ੂ ਹੈ।

4. **ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 983) ਭਾਵ ਲੋਭ ਕਾਰਨ ਹਲਕੇ ਕੁੱਤੇ ਦੀ ਨਿਆਈਂ ਹੈ।

5. **ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1132) ਮਨੁੱਖ ਪਸ਼ੂਆਂ ਵਾਲੇ ਕੰਮ ਕਰਦਾ ਹੈ ਪਰ ਆਪਣੇ ਆਪ ਨੂੰ ਪਛਾਣਦਾ ਨਹੀਂ ਹੈ।

6. **ਜਿਸ ਕੈ ਅੰਤਰਿ ਰਾਜ ਅਭਿਮਾਨੁ।। ਸੋ ਨਰਕਪਾਤੀ ਹੋਵਤ ਸੁਆਨੁ।।** (ਗੁਰੂ ਗ੍ਰੰਥ ਸਾਹਿਬ, ਪੰਨਾ : 278) ਭਾਵ ਜਦੋਂ ਮਨੁੱਖ ਕਿਸੇ ਵੀ ਕਿਸਮ ਦੇ ਰਾਜ ਅਭਿਮਾਨ ਕਾਰਨ ਦੂਜਿਆਂ ਤੇ ਹਾਵੀ ਹੁੰਦਾ ਹੈ, ਉਹ ਆਤਮਕ ਤੌਰ 'ਤੇ ਹੁਣੇ ਹੀ, ਅੱਜ ਹੀ ਕੁੱਤੇ ਦੀ ਨਿਆਈਂ ਨਰਕ ਵਿਚ ਹੈ।

7. **ਬਿਨੁ ਸਿਮਰਨ ਕੂਕਰ ਹਰਕਾਇਆ।।** (ਗੁਰੂ ਗ੍ਰੰਥ ਸਾਹਿਬ, ਪੰਨਾ : 239) ਰੱਬੀ ਗੁਣਾਂ ਤੋਂ ਬਿਨਾ ਮਨੁੱਖ ਹਰਕਾਏ ਕੁੱਤੇ ਦੀ ਨਿਆਈਂ ਹੈ।

8. **ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ।। ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1428) ਜੋ ਸੱਚ ਨਾਲ ਨਹੀਂ ਜੁੜਦਾ ਮਾਨੋ ਉਸ ਦਾ ਤਨ ਸੂਕਰ ਅਤੇ ਸੁਆਨ ਹੀ ਹੈ।

9. **ਬਿਨੁ ਸਿਮਰਨ ਗਰਧਭ ਕੀ ਨਿਆਈ।।** (ਗੁਰੂ ਗ੍ਰੰਥ ਸਾਹਿਬ, ਪੰਨਾ : 239) ਸੱਚ ਤੋਂ ਮੁਨਕਰ ਮਨੁੱਖ ਗਧੇ ਦੀ ਨਿਆਈਂ ਹੀ ਹੈ।

10. **ਜੋ ਨ ਸੁਨਹਿ ਜਸੁ ਪਰਮਾਨੰਦਾ।। ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ।।** (ਗੁਰੂ ਗ੍ਰੰਥ ਸਾਹਿਬ, ਪੰਨਾ : 188) ਭਾਵ ਜੋ ਮਨੁੱਖ ਪ੍ਰਭੂ ਜਸ ਨਹੀਂ ਸੁਣਦਾ ਉਹ ਪਸੁ-ਪੰਖੀ ਤੇ ਤ੍ਰਿਗਦ ਜੋਨ ਤੋਂ ਵੀ ਮੰਦਾ ਹੈ।

11. **ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1411) ਭਾਵ ਹੰਕਾਰ ਕਾਰਨ ਮਨੁੱਖ ਹੁਣੇ ਹੀ ਖੋਤੇ ਦੀ ਨਿਆਈਂ ਹੈ।

12. **ਮੂਲੁ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ।।** (ਗੁਰੂ ਗ੍ਰੰਥ ਸਾਹਿਬ, ਪੰਨਾ : 751) ਆਪਣਾ ਮੂਲ ਨ ਬੁਝਣ ਵਾਲਾ ਮਨੁੱਖ ਪਸ਼ੂ ਢੋਰ ਹੀ ਹੈ।

13. **ਹਰਿ ਬਿਸਰਤ ਸੋ ਮੂਆ।।** (ਗੁਰੂ ਗ੍ਰੰਥ ਸਾਹਿਬ, ਪੰਨਾ : 407)

14. **ਪਸੁ ਆਪਨ ਹਉ ਹਉ ਕਰੈ ਨਾਨਕ ਬਿਨੁ ਹਰਿ ਕਹਾ ਕਮਾਤਿ।।** (ਗੁਰੂ ਗ੍ਰੰਥ ਸਾਹਿਬ, ਪੰਨਾ : 251)

15. **ਕੂਕਰ ਸੂਕਰ ਕਹੀਅਹਿ ਕੂੜਿਆਰਾ।। ਭਉਕਿ ਮਰਹਿ ਭਉ ਭਉ ਭਉ ਹਾਰਾ।** (ਗੁਰੂ ਗ੍ਰੰਥ ਸਾਹਿਬ, ਪੰਨਾ : 1029)

16. **ਗੁਰ ਮੰਤ੍ਰ ਹੀਣਸ੍ਹ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ।। ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1356)

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਐਸੇ ਅਨੇਕਾਂ ਪਰਮਾਣ ਹਨ ਜਿਨ੍ਹਾਂ ਵਿਚ ਪ੍ਰੋਢਾਵਾਦੀ ਢੰਗ (vernaculars, metaphurs) ਨਾਲ ਪਸ਼ੂ ਪੰਛੀਆਂ ਦੇ ਲਫਜ਼ ਵਰਤ ਕੇ ਮਨੁੱਖ ਨੂੰ 'ਸਤਿਗੁਰ' ਦ੍ਰਿੜ ਕਰਵਾਇਆ ਹੈ ਕਿ ਮਨੁੱਖ 'ਕਰਤੂਤਾਂ ਪਸ਼ੂਆਂ ਵਾਲੀਆਂ' ਕਰਦਾ ਹੈ ਪਰ 'ਮਾਨਸ ਜਾਤ' ਹੈ।

**ਗੁਰ ਸੇਵਾ ਤੇ ਭਗਤਿ ਕਮਾਈ।। ਤਬ ਇਹ ਮਾਨਸ ਦੇਹੀ ਪਾਈ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1159) ਦੇ ਭਾਵ ਅਰਥ ਹਨ ਕਿ ਜੇ ਕਰ ਮਨੁੱਖ ਸੱਚੇ ਗਿਆਨ, ਸਤਿਗੁਰ (universal truth) ਅਨੁਸਾਰ ਜਿਉਂਦਾ ਹੈ ਤਾਂ ਮਾਨੋ ਉਸਨੇ ਮਨੁੱਖਾ ਦੇਹੀ ਪ੍ਰਾਪਤ ਕੀਤੀ ਹੈ ਵਰਨਾ ਮਨੁੱਖੀ ਸਰੀਰ ਪ੍ਰਾਪਤ ਕਰਕੇ ਵੀ ਉਹ ਕਰਤੂਤਾਂ ਕਾਰਨ ਪਸ਼ੂ ਹੀ ਹੈ। ਭਾਵ ਇਹ ਨਿਕਲਿਆ ਕਿ ਮਨੁੱਖ ਕੋਲ ਮਨੁੱਖਾਂ ਵਾਲੀ ਚਮੜੀ ਤਾਂ ਹੈ ਪਰ ਅੰਦਰੋਂ (ਬਿਰਤੀ ਕਾਰਨ, ਸੋਚ ਕਾਰਨ) ਪਸ਼ੂ, ਪੰਛੀ, ਸੱਪ, ਖੋਤਾ ਹੀ ਹੈ। **ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਪ੍ਰੋਢਾਵਾਦੀ ਢੰਗ ਵਰਤ ਕੇ ਆਤਮਕ ਅਤੇ ਮਾਨਸਕ ਅਵਸਥਾ ਦੀਆਂ ਜੂਨੀਆਂ ਨੂੰ ਬਿਆਨ ਕਰਦੇ ਹੋਏ ਮਨੁੱਖ ਨੂੰ 'ਉੱਚੀ ਕਰਨੀ' ਵੱਲ ਪ੍ਰੇਰਿਤ ਕਰਦੀ ਹੈ।**

**ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ।।**

(ਗੁਰੂ ਗ੍ਰੰਥ ਸਾਹਿਬ, ਪੰਨਾ : 1428)

ਗੁਰੂ ਗ੍ਰੰਥ ਸਾਹਿਬ ਜੀ ਦੀ ਇਸ ਪੰਕਤੀ ਅਨੁਸਾਰ ਕੁੱਤਾ ਵੀ ਚੰਗਾ ਹੈ ਪਰ ਜਿਹੜਾ ਮਨੁੱਖ ਇਨਸਾਨੀਅਤ ਭਰਪੂਰ ਜ਼ਿੰਦਗੀ ਨਾ ਜਿਊ ਕੇ ਪਸ਼ੂਆਂ ਵਾਲੀਆਂ ਕਰਤੂਤਾਂ ਕਰਦਾ ਹੈ ਉਸ ਦੀ ਮਨੁੱਖਾ ਜੂਨ ਵੀ ਬੇਕਾਰ ਹੈ। **ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ।। ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ।।** (ਗੁਰੂ ਗ੍ਰੰਥ ਸਾਹਿਬ, ਪੰਨਾ : 489) ਗੁਰਬਾਣੀ 'ਚ ਐਸੇ ਅਨੇਕ ਪ੍ਰਮਾਣ ਹਨ ਜੋ ਇਹ ਦ੍ਰਿੜਾਉਂਦੇ ਹਨ ਕਿ 'ਮਨੁੱਖਾ ਸਰੀਰ' ਨੂੰ 'ਮਾਨਸ ਜੂਨ' ਨਹੀਂ ਕਹਿੰਦੇ ਹਨ ਬਲਕਿ ਮਾੜੀਆਂ ਕਰਤੂਤਾਂ ਵਾਲਾ ਮਨੁੱਖ ਮਾਨੋ ਆਤਮਕ/ਮਾਨਸਕ ਰੂਪ 'ਚ ਹੁਣੇ 'ਪਸ਼ੂ ਪੰਛੀ' ਦੀ ਜੂਨ ਵਿਚ ਹੀ ਪਿਆ ਹੈ। ਸਤਿਗੁਰ ਅਨੁਸਾਰ 'ਉੱਚੀ ਜੀਵਨੀ ਵਾਲੇ ਮਨੁੱਖ' ਬਣਨ ਨਾਲ ਜੋ ਆਤਮਕ ਅਵਸਥਾ ਪ੍ਰਾਪਤ ਹੁੰਦੀ ਹੈ ਉਸਨੂੰ 'ਮਾਨਸ ਜੂਨ' ਆਖੀਦਾ ਹੈ, ਇਹ ਸੋਝੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਮਿਲਦੀ ਹੈ।

## ਜਮ

ਆਮ ਤੌਰ ਤੇ ਸਮਝਿਆ ਜਾਂਦਾ ਹੈ ਕਿ ਜਦੋਂ ਮਨੁੱਖ ਮਰਦਾ ਹੈ, ਇਸ ਨੂੰ ਜਮ ਪਕੜ ਕੇ, ਕੇਸਾਂ ਤੋਂ ਫੜ ਕੇ, ਧੂਹ ਕੇ ਲੈ ਜਾਂਦੇ ਹਨ। ਇਸਲਾਮ ਦੀ ਵਿਚਾਰਧਾਰਾ 'ਚ ਇਨ੍ਹਾਂ ਜਮਾਂ ਨੂੰ ਅਜ਼ਰਾਈਲ ਫਰੇਸ਼ਤਾ ਵੀ ਕਹਿੰਦੇ ਹਨ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਸਹਿਜੇ-ਸਹਿਜੇ ਖੋਜ ਕੇ ਪੜਨ ਨਾਲ ਪਤਾ ਲਗਦਾ ਹੈ ਕਿ ਜਿਉਂਦੇ ਜੀਅ (ਇਸੇ ਜੀਵਨ ਵਿੱਚ) ਜਦੋਂ ਮਨੁੱਖ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਜੈਸੇ ਅਨੇਕਾਂ ਵਿਕਾਰਾਂ ਦੇ ਵੱਸ ਪੈ ਜਾਂਦਾ ਹੈ ਤਾਂ ਮਾਨੋ ਉਹ ਆਤਮਕ/ਮਾਨਸਕ ਤੌਰ ਤੇ 'ਜਮਾਂ' ਦੇ ਵੱਸ ਪੈ ਗਿਆ ਹੈ। ਸਰੀਰਕ ਮਰਨ ਮਗਰੋਂ ਜਮ ਪਕੜਨਗੇ ਕਿ ਨਹੀਂ ਲੇਕਿਨ ਇਸੇ ਸਰੀਰਕ ਜੀਵਨ ਨੂੰ ਜਿਉਂਦਿਆਂ ਵਿਕਾਰਾਂ ਰੂਪੀ ਜਮਾਂ ਨੇ ਅੱਜ ਹੀ ਗ੍ਰਸਿਆ, ਫੜਿਆ ਤੇ ਧੂਹ ਲਿਆ ਹੈ।

**ਜਉ ਜਮੁ ਆਇ ਕੇਸ ਗਹਿ ਪਟਕੈ ਤਾ ਦਿਨ ਕਿਛੁ ਨ ਬਸਾਹਿਗਾ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1106) ਇਸ ਪੰਕਤੀ ਦੇ ਆਮ ਤੌਰ 'ਤੇ ਅਰਥ ਸਮਝੇ ਜਾਂਦੇ ਹਨ ਕਿ ਐ ਮਨੁੱਖ, ਜਦੋਂ ਜਮ ਤੈਨੂੰ ਕੇਸਾਂ ਤੋਂ ਪਕੜ ਕੇ ਲੈ ਜਾਣਗੇ ਤਾਂ ਕੀ ਕਰੇਂਗਾ ? ਵਿਚਾਰਨਯੋਗ ਗੱਲ ਹੈ ਕਿ ਮਰਨ ਮਗਰੋਂ ਤਨ, ਧਨ, ਕਪੜਾ, ਮਕਾਨ ਜੇ ਕਰ ਨਾਲ ਕੁਝ ਵੀ ਨਹੀਂ ਜਾ ਸਕਦਾ, ਸਰੀਰ ਵੀ ਇਥੇ ਹੀ ਰਹਿ ਜਾਂਦਾ ਹੈ ਤਾਂ ਫਿਰ ਅੱਗੇ ਉਹ ਕਿਹੜੇ ਕੇਸ ਜਾਂਦੇ ਹਨ ਜਿਨ੍ਹਾਂ ਨੂੰ ਅਖੌਤੀ ਜਮ ਪਕੜ ਕੇ, ਘਸੀਟ ਕੇ ਲਿਜਾਂਦੇ ਹਨ। ਦਰਅਸਲ ਮਰਨ ਮਗਰੋਂ ਨਹੀਂ, ਅੱਜ ਹੀ ਵਿਕਾਰ ਰੂਪੀ ਜਮ, ਕੇਸਾਂ ਭਾਵ ਤੇਰੀ ਮਤ ਨੂੰ 'ਕੁਮਤ' ਬਨਾਉਣਗੇ ਤਾਂ ਐ, ਮਨੁੱਖ ਤੂੰ ਕੀ ਕਰੇਂਗਾ।

1. **ਸਤਿਗੁਰੁ ਜਿਨੀ ਨ ਸੇਵਿਓ ਸੇ ਕਿਤੁ ਆਏ ਸੰਸਾਰਿ।।**

   **ਜਮ ਦਰਿ ਬਧੇ ਮਾਰੀਅਹਿ ਕੂਕ ਨ ਸੁਣੈ ਪੂਕਾਰ।। ਬਿਰਥਾ ਜਨਮੁ ਗਵਾਇਆ ਮਰਿ ਜੰਮਹਿ ਵਾਰੋ ਵਾਰ।।** (ਗੁਰੂ ਗ੍ਰੰਥ ਸਾਹਿਬ, ਪੰਨਾ : 69) ਭਾਵ ਜੋ ਮਨੁੱਖ ਸਤਿਗੁਰ, ਸੱਚ ਦਾ ਗਿਆਨ ਨਹੀਂ ਲੈਂਦੇ ਉਨ੍ਹਾਂ ਦਾ ਜੀਵਨ ਹੀ ਵਿਅਰਥ ਹੈ ਕਿਉਂਕਿ ਮਨਮਤ ਕਾਰਨ ਜਮਾਂ ਦੇ ਵਸ ਪੈ ਜਾਂਦੇ ਹਨ, ਪਲ ਪਲ ਜੰਮਦੇ ਮਰਦੇ ਤੇ ਭਟਕਦੇ ਰਹਿੰਦੇ ਹਨ ਪਰ ਕੋਈ ਉਨ੍ਹਾਂ ਦੀ ਪੁਕਾਰ ਨਹੀਂ ਸੁਣਦਾ।

2. **ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ।। ਏਹ ਜਮ ਕੀ ਸਿਰਕਾਰ ਹੈ ਏਨ੍ਹਾ ਉਪਰਿ ਜਮ ਕਾ ਡੰਡੁ ਕਰਾਰਾ।।** (ਗੁਰੂ ਗ੍ਰੰਥ ਸਾਹਿਬ, ਪੰਨਾ : 513) ਭਾਵ ਮਾਇਆ ਵਿਚ ਖਚਤ ਮਨ ਕਾਮ, ਕ੍ਰੋਧ, ਹੰਕਾਰ, ਰੂਪੀ ਜਮਾਂ ਦੇ ਵੱਸ ਪੈ ਜਾਂਦਾ ਹੈ ਅਤੇ ਮਨੁੱਖ ਦੀ ਮਤ ਉੱਤੇ ਵਿਕਾਰਾਂ ਰੂਪੀ ਜਮਾਂ ਦਾ ਡੰਡਾ ਪੈਂਦਾ ਰਹਿੰਦਾ ਹੈ।

ਜਮਾਂ ਬਾਰੇ ਗੁਰਬਾਣੀ 'ਚ ਐਸੇ ਅਨੇਕ ਸ਼ਬਦ ਹਨ ਜਿਨ੍ਹਾਂ ਨੂੰ ਗਹਿਰਾਈ 'ਚ ਵਿਚਾਰਿਆਂ ਪਤਾ ਲਗਦਾ ਹੈ ਕਿ ਇਸੇ 'ਜੀਵਨ (ਸਰੀਰ) 'ਚ ਜਿਉਂਦੇ ਜੀਅ ਮਨੁੱਖ ਵਿਕਾਰਾਂ 'ਚ ਖੱਚਤ ਜੀਵਨੀ ਜੇ ਕਰ ਜਿਉਂਦਾ ਹੈ ਤਾਂ ਆਤਮਕ/ਮਾਨਸਕ ਤੌਰ ਤੇ ਉਸਨੂੰ ਜਮ ਚਮੜੇ ਹੀ ਹੋਏ ਹਨ। ਇਹ 'ਜਮ' ਮਰਨ ਮਗਰੋਂ ਵਾਲੇ ਨਹੀਂ ਬਲਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਨੁਸਾਰ ਵਿਕਾਰਾਂ ਨੂੰ ਹੀ 'ਜਮ' ਕਿਹਾ ਗਿਆ ਹੈ। ਪ੍ਰੋਢਾਵਾਦ ਦੇ ਵਿੱਲਖਣ ਢੰਗ ਨਾਲ 'ਸਤਿਗੁਰ' ਦ੍ਰਿੜ ਕਰਵਾਇਆ ਹੈ ਕਿ ਐ ਮਨੁੱਖ, ਤੂੰ ਮਰਨ ਮਗਰੋਂ ਜਮਾਂ ਬਾਰੇ ਬਹੁਤ ਫਲਸਫੇ ਜਾਣਦਾ ਹੈਂ ਪਰ ਅੱਜ ਤੇਰੇ ਜੀਵਨ ਵਿਚ, ਤੇਰੇ ਜ਼ਹਿਨ, ਸੋਚ, ਵਿਚਾਰਾਂ, ਖਿਆਲਾਂ ਅਤੇ ਫੁਰਨਿਆਂ ਵਿਚ, ਤੈਨੂੰ ਜਮ ਰੂਪੀ ਵਿਕਾਰ ਚਮੜੇ ਪਏ ਹਨ। ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਕੁਝ ਸ਼ਬਦਾਂ ਨੂੰ ਇਥੇ ਵਿਚਾਰ ਕੇ ਵੇਖਦੇ ਹਾਂ :- **"ਮਨਮੁਖ ਮੈਲੇ ਮਰਹਿ ਗਵਾਰ।। ਗੁਰਮੁਖਿ ਨਿਰਮਲ ਹਰਿ ਰਾਖਿਆ ਉਰਿ ਧਾਰਿ।। ਭਨਤਿ ਨਾਨਕੁ ਸੁਣਹੁ ਜਨ ਭਾਈ।। ਸਤਿਗੁਰੁ ਸੇਵਿਹੁ ਹਉਮੈ ਮਲੁ ਜਾਈ।। ਅੰਦਰਿ ਸੰਸਾ ਦੂਖੁ ਵਿਆਪੈ ਸਿਰਿ ਧੰਧਾ ਨਿਤ ਮਾਰ।। ਦੂਜੈ ਭਾਇ ਸੂਤੇ ਕਬਹੂ ਨ ਜਾਗਹਿ ਮਾਇਆ ਮੋਹ ਪਿਆਰ।। ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਬੀਚਾਰ।। ਹਰਿ ਨਾਮੁ ਨ ਭਾਇਆ ਬਿਰਥਾ ਜਨਮੁ ਗਵਾਇਆ ਨਾਨਕ ਜਮੁ ਮਾਰਿ ਕਰੇ ਖੁਆਰ।।"**

(ਗੁਰੂ ਗ੍ਰੰਥ ਸਾਹਿਬ, ਪੰਨਾ : 852) ਭਾਵਅਰਥ : ਜਦੋਂ ਮਨੁੱਖ ਸਤਿਗੁਰ ਅਨੁਸਾਰ ਨਾ ਜਿਊ ਕੇ, ਪਲ ਭਰ ਦੀ ਖ਼ੁਸ਼ੀ ਲਈ ਆਪਣੇ ਮਨ ਦੀ ਮਰਜ਼ੀ ਅਨੁਸਾਰ ਜਿਊਂਦਾ ਹੈ ਉਦੋਂ ਮਨੁੱਖ ਦਾ ਮਨ ਅਗਿਆਨਤਾ ਕਾਰਨ ਮੈਲਾ ਹੋ ਜਾਂਦਾ ਹੈ ਅਤੇ ਉਹ ਪਲ-ਪਲ ਆਤਮਕ ਮੌਤ ਮਰਦਾ ਰਹਿੰਦਾ ਹੈ। ਸਿੱਟੇ ਵਜੋਂ ਗੰਵਾਰਾਂ ਵਾਲਾ, ਵਿਕਾਰਾਂ ਰੂਪੀ ਮਾਇਆ ਵਿਚ ਖੱਚਤ ਜੀਵਨ ਜਿਊਂਦਾ ਹੈ। ਐਸੀ ਜੀਵਨੀ ਵਿਚ ਮਨੁੱਖ ਨੂੰ ਅੰਦਰੋਂ ਸੰਸਾ, ਡਰ ਅਤੇ ਤੌਖਲਾ ਰੂਪੀ ਦੁੱਖ ਵਿਆਪਦਾ ਹੈ ਜੋ ਕਿ ਪਲ-ਪਲ ਉਸਦੀ ਆਤਮਕ ਮੌਤ ਦਾ ਕਾਰਨ ਬਣਦਾ ਹੈ। ਉਹ ਮਨੁੱਖ ਮਾਇਆ ਦੇ ਮੋਹ ਪਿਆਰ ਵਿਚ ਇਤਨਾ ਖੱਚਤ ਰਹਿੰਦਾ ਹੈ ਕਿ ਸੱਚ ਵਾਸਤੇ ਜਾਗਦਾ ਹੀ ਨਹੀਂ। ਐਸੇ ਮਨਮੁਖ ਨੂੰ ਸੱਚ ਦਾ ਗਿਆਨ ਲੈਣਾ ਭਾਉਂਦਾ ਹੀ ਨਹੀਂ। ਅਗਿਆਨਤਾ ਵੱਸ ਜੋ ਮਨਮੁਖੀ ਕਿਰਦਾਰ ਵਾਲਾ ਖੁਆਰੀ ਜੀਵਨ ਬਣਦਾ ਹੈ ਉਸ ਦੇ ਹਰੇਕ ਪਲ ਵਿਚ ਜਮ ਮਾਰ ਕਰ ਰਿਹਾ ਹੁੰਦਾ ਹੈ ਜੋ ਕਿ ਆਤਮਕ ਤੌਰ 'ਤੇ ਗਿਰਾਵਟ ਵਾਲੀ ਜੀਵਨੀ ਦਾ ਲਖਾਇਕ ਹੈ। **ਜਿਨ੍ਹੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨਿ੍॥ ਪੰਚ ਚੋਰ ਤਿਨਾ ਘਰੁ ਮੁਹਨਿ੍ ਹਉਮੈ ਅੰਦਰਿ ਸੰਨਿ੍॥ ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨਿ੍॥ ਜਿਨ੍ਹੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨਿ੍॥ ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨਿ੍॥ ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨਿ੍॥ ਪਇਐ ਕਿਰਤ ਕਮਾਵਦੇ ਜਿਵ ਰਾਖਹਿ ਤਿਵੈ ਰਹੰਨਿ੍॥** (ਗੁਰੂ ਗ੍ਰੰਥ ਸਾਹਿਬ, ਪੰਨਾ : 854)

**ਭਾਵਅਰਥ :** ਜੋ ਮਨੁੱਖ ਸੱਚੇ ਗਿਆਨ (ਸਤਿਗੁਰ) ਨੂੰ ਵਿਸਾਰ ਕੇ ਜਿਊਂਦੇ ਹਨ ਉਨ੍ਹਾਂ ਦਾ ਜੀਵਨ ਵਿਕਾਰਾਂ ਭਰੇ, ਮੈਲੇ ਮਨ ਵਾਲਾ, ਕ੍ਰੋਧੀ, ਭੈੜੇ ਬੋਲਾਂ ਵਾਲਾ ਬਣ ਜਾਂਦਾ ਹੈ। ਉਨ੍ਹਾਂ ਦੇ ਅੰਦਰ ਪੰਜ ਚੋਰ (ਵਿਕਾਰ) ਹਉਮੈ ਦੀ ਪਉੜੀ ਲਗਾ ਕੇ ਚੰਗੇ ਗੁਣਾਂ ਦੀ ਚੋਰੀ ਕਰਦੇ ਰਹਿੰਦੇ ਹਨ। ਦੁਰਮਤ ਕਾਰਨ ਸੱਚੇ ਗਿਆਨ ਤੋਂ ਮੁਨਕਰ ਹੋ ਕੇ ਆਪਣੇ ਚੰਗੇ ਗੁਣ ਗਵਾਉਂਦੇ ਰਹਿੰਦੇ ਹਨ। ਸੱਚ ਦਾ ਗਿਆਨ (divine wisdom) ਨਾ ਹੋਣ ਕਾਰਨ, ਉਹ ਆਪਣਾ ਸਹਿਜ, ਸੰਤੋਖ, ਸ਼ੀਤਲਤਾ ਦਾ ਅੰਮ੍ਰਿਤ ਲੁਟਵਾਉਂਦੇ ਰਹਿੰਦੇ ਹਨ। ਸਿੱਟੇ ਵਜੋਂ ਬਿਖਿਆ ਰੂਪੀ ਜ਼ਿੰਦਗੀ ਵਿਚ ਖੱਚਤ ਰਹਿੰਦੇ ਹੋਏ ਪਲ-ਪਲ ਆਤਮਕ ਮੌਤ ਮਰਦੇ ਰਹਿੰਦੇ ਹਨ। ਉਨ੍ਹਾਂ ਮਨੁੱਖਾਂ ਨੂੰ ਸਤਿਗੁਰ ਰਾਹੀਂ ਰੱਬੀ ਗੁਣ ਲੈਣਾ ਪਸੰਦ ਨਹੀਂ ਹੁੰਦਾ।

ਨਾਨਕ ਜੀ ਆਖਦੇ ਹਨ ਕਿ ਐਸੇ ਮਨਮੁਖ (ਸਾਕਤ ਖਿਆਲਾਂ ਵਾਲੇ ਮਨੁੱਖ) ਮਾਨੋ ਜਿਵੇਂ ਨਰਕ ਵਿਚ ਪਏ ਹੋਏ ਹਨ ਅਤੇ ਸਰੀਰਕ ਜੀਵਨ ਨੂੰ ਜਿਊਂਦਿਆਂ, ਜਮਾਂ ਰੂਪੀ ਮਾੜੇ ਖ਼ਿਆਲਾਂ ਨਾਲ ਬੱਧੇ ਰਹਿੰਦੇ ਹਨ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਰਾਹੀਂ ਹੀ ਸਮਝੀਏ ਕਿ ਇਨ੍ਹਾਂ ਜਮਾਂ ਤੋਂ ਅਸੀਂ ਜਿਊਂਦੇ ਜੀਅ ਕਿਵੇਂ ਛੁੱਟ ਸਕਦੇ ਹਾਂ। **ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ। ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ॥** (ਗੁਰੂ ਗ੍ਰੰਥ ਸਾਹਿਬ, ਪੰਨਾ : 358) ਭਾਵ ਸੱਚ ਦੇ ਗਿਆਨ ਦਾ ਚਾਨਣ ਜਦੋਂ ਮਨੁੱਖ ਨੂੰ ਹੋ ਜਾਵੇ ਤਾਂ ਮਨੁੱਖ ਦੀ ਬਿਰਤੀ ਵਿਕਾਰਾਂ ਰੂਪੀ ਜਮਾਂ ਤੋਂ ਜਿਊਂਦਿਆਂ ਜੀਅ ਹੀ ਛੁੱਟ ਜਾਂਦੀ ਹੈ।

ਇਸੇ ਵਿਚਾਰ ਨੂੰ ਇਕ ਹੋਰ ਪੰਕਤੀ ਰਾਹੀਂ ਸਮਝਦੇ ਹਾਂ :-

**ਹਰਿ ਸੇਵੇ ਕੀ ਐਸੀ ਵਡਿਆਈ ਦੇਖਹੁ ਹਰਿ ਸੰਤਹੁ ਜਿਨਿ ਵਿਚਹੁ ਕਾਇਆ ਨਗਰੀ ਦੁਸਮਨ ਦੂਤ ਸਭਿ ਮਾਰਿ ਕਢੀਏ॥** (ਗੁਰੂ ਗ੍ਰੰਥ ਸਾਹਿਬ, ਪੰਨਾ : 851)

**ਭਾਵ** : ਸਾਡੇ ਸਰੀਰ (ਕਾਇਆ ਨਗਰੀ) ਅੰਦਰ ਸਾਡੇ ਮਨ ਦੀ ਮੈਲ ਕਾਰਨ ਵਿਕਾਰ ਰੂਪੀ ਦੁਸ਼ਮਣ ਦੂਤ (ਜਮ) ਉਤਪੰਨ ਹੁੰਦੇ ਹਨ। ਉਨ੍ਹਾਂ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਆਸ਼ਾ, ਤ੍ਰਿਸ਼ਨਾ, ਵੈਰ ਵਿਰੋਧ, ਈਰਖਾ ਅਤੇ ਨਿੰਦਾ) ਰੂਪੀ ਜਮਾਂ ਨੂੰ 'ਸਤਿਗੁਰ' (ਹਰਿ ਸੇਵੇ) ਅਨੁਸਾਰ ਅਮਲੀ ਜੀਵਨ ਜਿਊਣ ਨਾਲ ਕਾਬੂ ਕਰਨਾ ਹੀ **'ਦੁਸਮਨ ਦੂਤ ਸਭਿ ਮਾਰਿ ਕਢੀਏ"** ਦਾ ਲਖਾਇਕ ਹੈ।

ਬਾਣੀ ਦੇ ਅੰਤ੍ਰੀਵ ਭਾਵ ਅਰਥਾਂ ਨੂੰ ਸਮਝਣ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਹੀ ਸਹਾਰਾ ਲੈਣਾ ਚਾਹੀਦਾ ਹੈ ਪਰ ਅਫਸੋਸ ਵਾਲੀ ਗੱਲ ਹੈ ਕਿ ਅਸੀਂ ਗੁਰਮਤ ਦੇ ਸਿਧਾਂਤਾਂ ਨੂੰ ਮਿਥਹਾਸਕ, ਪੌਰਾਣਕ ਕਹਾਣੀਆਂ ਦੇ ਰਾਹੀਂ ਪਰਖਦੇ ਰਹਿੰਦੇ ਹਾਂ। ਜਿਵੇਂ ਕਿ 'ਅਜਾਮਲ' ਡਾਕੂ ਦੀ ਕਹਾਣੀ ਰਾਹੀਂ ਮੰਨਣਾ ਕਿ ਜਮ ਆ ਕੇ ਅਜਾਮਲ ਨੂੰ ਫੜਨ ਲਗੇ ਤਾਂ ਉਸਨੇ ਪੁੱਤਰ (ਨਰਾਇਣ) ਨੂੰ ਅਵਾਜ਼ ਮਾਰੀ ਤੇ ਜਮ ਡਰ ਕੇ ਭੱਜ ਗਏ। ਜੇ ਜਮ ਧਰਮਰਾਜ ਦੇ ਭੇਜੇ ਤਗੜੇ ਦੂਤ ਹਨ ਤਾਂ ਉਨ੍ਹਾਂ ਨੂੰ ਭੁਲੇਖਾ ਕਿਵੇਂ ਪੈ ਗਿਆ "ਕਿ 'ਅਜਾਮਲ' ਆਪਣੇ ਪੁੱਤਰ ਦਾ ਨਾਮ ਨਰਾਇਣ ਨਹੀਂ ਬਲਕਿ ਰੱਬ ਦਾ ਨਾਮ ਲੈ ਰਿਹਾ ਹੈ ?" ਕਹਿੰਦੇ ਸੁਣੀਦਾ ਹੈ ਕਿ ਜੇ ਸੱਚੇ ਮਨ ਨਾਲ, ਭਾਵਨਾ ਅਤੇ ਵਿਸ਼ਵਾਸ ਨਾਲ ਕੁਝ ਵੀ ਮੰਗੋ ਤਾਂ ਰੱਬ ਬਹੁੜ ਕੇ ਦਿੰਦਾ ਹੈ ਲੇਕਿਨ ਇਸ ਮਿਥਹਾਸਕ ਕਹਾਣੀ ਵਿਚ ਸਾਫ ਕਿਹਾ ਹੈ ਕਿ 'ਅਜਾਮਲ' ਤਾਂ ਸੱਚੇ ਦਿਲੋਂ ਆਪਣੇ ਪੁੱਤਰ ਨਾਰਾਇਣ ਨੂੰ ਅਵਾਜ਼ ਮਾਰਦਾ ਪਿਆ ਸੀ। ਫਿਰ ਜਮਾਂ ਨੂੰ ਕਿਵੇਂ ਭੁਲੇਖਾ ਪੈ ਗਿਆ ਕਿ ਇਹ ਰੱਬ ਦਾ ਨਾਮ ਲੈ ਰਿਹਾ ਹੈ। ਇਹ ਅਖੌਤੀ ਜਮ ਇਤਨੇ ਕੰਨਾਂ ਦੇ ਕੱਚੇ ਹੁੰਦੇ ਹਨ ਕਿ ਪੁੱਤਰ ਦੇ ਨਾਮ ਤੋਂ ਹੀ ਡਰ ਕੇ ਨ੍ਹੱਸ ਜਾਂਦੇ ਹਨ ? ਫਿਰ ਤਾਂ ਦੁਨੀਆ ਦਾ ਹਰੇਕ ਠੱਗ, ਚੋਰ, ਡਾਕੂ, ਮੰਦ ਕਰਮੀ ਮਨੁੱਖ, ਅਜਾਮਲ ਵਾਂਗੂੰ ਬੱਚੇ ਦਾ ਨਾਮ ਰੱਬ ਦੇ ਕਿਸੀ ਨਾਮ 'ਚੋਂ ਰੱਖ ਲਵੇਗਾ ਪਰ ਆਪਣੇ ਜੀਵਨ ਦੀਆਂ ਮਾੜੀਆਂ ਕਰਨੀਆਂ ਵੱਲ ਉਸਦਾ ਧਿਆਨ ਪਵੇਗਾ ਹੀ ਨਹੀਂ।

ਅਜਾਮਲ ਦੀ ਮਿਥਹਾਸਕ ਕਹਾਣੀ ਨੂੰ ਅਧਾਰ ਬਣਾਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਅਰਥ ਕਰਨਾ ਟਪਲਾ ਖਾਣ ਦੇ ਤੁਲ ਸਿੱਧ ਹੋ ਰਿਹਾ ਹੈ। ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਹੀ ਉੱਚੀ ਕਰਣੀ ਵਾਲੇ ਗੁਣ ਸਿੱਖ ਕੇ, ਇਸੇ ਜੀਵਨ 'ਚ ਜਿਉਂਦਿਆਂ ਹੀ ਜਮਾਂ ਰੂਪੀ ਵਿਕਾਰਾਂ ਤੋਂ ਮੁਕਤ ਅਵਸਥਾ ਪ੍ਰਾਪਤ ਕਰਨੀ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਜਮ, ਜਮਕਾਲ, ਜਮਰਾਜ ਬਾਰੇ ਅਨੇਕ ਸ਼ਬਦ ਹਨ। ਬੇਨਤੀ ਕੀਤੀ ਜਾਂਦੀ ਹੈ ਕਿ ਉਨ੍ਹਾਂ ਨੂੰ ਦੁਰਮਤ, ਮਾੜੀ ਕਰਤੂਤ, ਵਿਕਾਰਾਂ ਵਾਲੇ ਪਖੋਂ ਸਮਝਣਾ ਹੈ ਤਾਂ ਕਿ ਅੱਜ ਹੀ ਜਿਉਂਦਿਆਂ ਜੀਅ ਜੋ 'ਜਮ' ਸਾਨੂੰ ਚਮੜੇ ਹਨ ਉਨ੍ਹਾਂ ਤੋਂ ਛੁਟਕਾਰਾ ਹੋ ਸਕੇ। ਇਸੇ ਕਰਕੇ ਗੁਰਮਤ 'ਚ ਦ੍ਰਿੜਾਇਆ ਹੈ **"ਤਾ ਕਉ ਕਾਲੁ ਨਾਹੀ ਜਮੁ ਜੋਹੈ ਬੂਝਹਿ ਅੰਤਰਿ ਸਬਦੁ ਬੀਚਾਰ।।"** (ਗੁਰੂ ਗ੍ਰੰਥ ਸਾਹਿਬ, ਪੰਨਾ : 504) ਭਾਵ ਜੋ ਮਨੁੱਖ ਸ਼ਬਦ ਵਿਚਾਰ ਰਾਹੀਂ, ਗੁਰਮਤ ਅਨੁਸਾਰ ਅਮਲੀ ਤੌਰ 'ਤੇ ਉੱਚੀ ਸੁਰਤ ਵਾਲੀ ਸਦਗੁਣੀ ਜੀਵਨੀ ਜਿਊਂਦੇ ਹਨ ਉਨ੍ਹਾਂ 'ਤੇ ਵਿਕਾਰ ਰੂਪੀ ਜਮ (ਜੋਹੈ) ਅਸਰ ਨਹੀਂ ਕਰ ਸਕਦੇ। ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਮਨੁੱਖ ਨੂੰ ਜਿਉਂਦਿਆਂ ਜੀਅ, ਜਮਾਂ ਰੂਪੀ ਵਿਕਾਰਾਂ ਤੋਂ ਛੁੱਟਣ ਦਾ ਢੰਗ ਸਮਝਾਇਆ ਹੈ ਜੋ ਕਿ ਜੀਵਨ ਮੁਕਤ ਅਵਸਥਾ ਕਹਿਲਾਉਂਦੀ ਹੈ।

## ਧਰਮਰਾਜ, ਚਿਤ੍ਰ ਗੁਪਤ

ਆਮ ਤੌਰ 'ਤੇ ਸਮਝਿਆ ਜਾਂਦਾ ਹੈ ਕਿ ਮਨੁੱਖ ਦੇ ਮਰਨ ਮਗਰੋਂ ਇਸਨੂੰ ਜਮ ਪਕੜ ਕੇ, ਘਸੀਟ ਕੇ ਧਰਮਰਾਜ (ਚਿਤ੍ਰ ਗੁਪਤ) ਦੇ ਸਾਹਮਣੇ ਲੈ ਜਾਂਦੇ ਹਨ, ਉਥੇ ਮਨੁੱਖ ਦੇ, ਧਰਤੀ ਤੇ ਕੀਤੇ ਕਰਮਾਂ ਅਨੁਸਾਰ ਲੇਖਾ-

ਜੋਖਾ ਹੁੰਦਾ ਹੈ। ਦੁਨਿਆਵੀ ਸੋਚ ਮੁਤਾਬਕ ਉਸ ਕਚਿਹਰੀ (ਦੀਬਾਣ-ਦਰਗਾਹ) ਦਾ ਸਭ ਤੋਂ ਵੱਡਾ ਅਫਸਰ ਧਰਮਰਾਜ ਹੁੰਦਾ ਹੈ। ਚਿਤ੍ਰ ਗੁਪਤ ਇਕ ਹੋਰ ਅਖੌਤੀ ਅਫਸਰ ਹੁੰਦਾ ਹੈ ਜੋ ਮਨੁੱਖ ਦੇ ਕੀਤੇ ਕਰਮਾਂ ਦੇ ਖਾਤੇ ਤਿਆਰ ਕਰਕੇ ਅਖੌਤੀ ਧਰਮਰਾਜ ਅੱਗੇ ਰੱਖਦਾ ਹੈ। ਰੱਬ ਜੀ ਨੇ ਧਰਮਰਾਜ ਨੂੰ ਸਾਰੇ ਹੱਕ ਦਿੱਤੇ ਹੁੰਦੇ ਹਨ ਕਿ ਉਹ ਮਨੁੱਖ ਦੇ ਕਰਮਾਂ ਅਨੁਸਾਰ ਉਸ ਨੂੰ ਨਰਕ-ਦੋਜ਼ਖ਼ 'ਚ ਸੁੱਟ ਦੇਵੇ, ਸਵਰਗ-ਜਨੱਤ 'ਚ ਭੇਜ ਦੇਵੇ, ਮੁੜ ਧਰਤੀ ਤੇ ਕਿਸੀ ਜੂਨ 'ਚ ਜਾਂ ਮਨੁੱਖੀ ਜਨਮ ਵਿਚ ਹੀ ਪੈਦਾ ਕਰ ਦੇਵੇ ਅਤੇ ਜਾਂ ਫਿਰ ਮਨੁੱਖ ਨੂੰ ਰੱਬ ਜੀ ਦੇ ਚਰਨਾਂ 'ਚ ਹਮੇਸ਼ਾ ਲਈ ਰੱਖੇ, ਇਹ ਸਭ ਕੰਮ ਅਖੌਤੀ ਧਰਮਰਾਜ ਦੇ ਇਖਤਿਆਰ ਮੰਨੇ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਨੁਸਾਰ ਐਸੇ ਧਰਮਰਾਜ (ਅਖੌਤੀ) ਨੂੰ ਪਰਵਾਨ ਨਹੀ ਕੀਤਾ ਗਿਆ ਬਲਕਿ ਉਸਦਾ ਡਰ ਵੀ ਲਾਹ ਸੁਟਿਆ ਹੈ। ਜਿਵੇਂ ਕਿ :-

1. **ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ।।** (ਗੁਰੂ ਗ੍ਰੰਥ ਸਾਹਿਬ, ਪੰਨਾ : 698)
2. **ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ।।** (ਗੁਰੂ ਗ੍ਰੰਥ ਸਾਹਿਬ, ਪੰਨਾ : 614)
3. **ਧਰਮ ਰਾਇ ਕਾ ਦਫਤਰੁ ਸੋਧਿਆ ਬਾਕੀ ਰਿਜਮ ਨ ਕਾਈ।।** (ਗੁਰੂ ਗ੍ਰੰਥ ਸਾਹਿਬ, ਪੰਨਾ : 793)
4. **ਧਰਮ ਰਾਇ ਕੀ ਕਾਣਿ ਚੁਕਾਈ ਸਭਿ ਚੂਕੇ ਜਮ ਕੇ ਛੰਦੇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 800)
5. **ਧਰਮ ਰਾਇ ਕੇ ਕਾਗਰ ਫਾਟੇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1348)
6. **ਧਰਮ ਰਾਇ ਕੇ ਦੂਤ ਨ ਜੋਹੈ।।** (ਗੁਰੂ ਗ੍ਰੰਥ ਸਾਹਿਬ, ਪੰਨਾ : 185)
7. **ਧਰਮ ਰਾਇ ਜਮੁ ਨੇੜਿ ਨ ਆਵੈ ਮੇਰੇ ਠਾਕੁਰ ਕੇ ਜਨ ਪਿਆਰੇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 980)

ਗੁਰੂ ਗ੍ਰੰਥ ਸਾਹਿਬ ਅਨੁਸਾਰ ਸਮਝਾਇਆ ਹੈ ਕਿ ਅਖੌਤੀ ਧਰਮਰਾਜ ਜਾਂ ਜਮ (ਵਿਕਾਰ) ਰੱਬ ਦੇ ਪਿਆਰਿਆਂ ਦੇ ਨੇੜੇ ਨਹੀਂ ਢੁਕਦੇ ਭਾਵ ਜੋ ਮਨੁੱਖ ਸੱਚੇ ਧਰਮ (ਸਤਿਗੁਰ) ਅਨੁਸਾਰ ਜੀਵਨ ਜਿਊਂਦੇ ਹਨ ਉਨ੍ਹਾਂ ਨੂੰ ਇਥੇ ਇਸੇ ਜੀਵਨ (ਸਰੀਰ) 'ਚ ਜਿਊਂਦਿਆਂ ਹੀ ਵਿਕਾਰਾਂ ਰੂਪੀ ਜਮਾਂ ਜੈਸੀ ਮਾੜੀ ਸੋਚ, ਦੁਰਮਤ ਜਾਂ ਮਾੜੇ ਕਰਮ ਨਹੀਂ ਕਰਨੇ ਪੈਂਦੇ ਕਿਉਂਕਿ ਉਹ ਮਨੁੱਖ, ਜਿਊਂਦਿਆਂ ਹੀ ਆਪਣੀ ਅੰਤਰ ਆਤਮੇ ਦੀ ਰੱਬੀ ਦਰਗਾਹ 'ਚ ਪਰਵਾਨ (ਜੀਵਨ ਮੁਕਤ) ਹੁੰਦੇ ਹਨ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 'ਚੋਂ ਐਸੇ ਅਨੇਕਾਂ ਪ੍ਰਮਾਣ ਹਨ। ਖਾਸ ਤੌਰ 'ਤੇ ਵਿਚਾਰਨ ਵਾਲੀ ਗੱਲ ਇਹ ਹੈ ਕਿ ਜਿਥੇ-ਜਿਥੇ ਧਰਮਰਾਜ, ਚਿਤ੍ਰਗੁਪਤ ਜਾਂ ਜਮ, ਜਮਰਾਜ ਨੂੰ ਨਿੰਦਿਆ ਜਾਂ ਉਸਦਾ ਡਰ-ਭਉ ਮੁਕਾਉਣ ਬਾਰੇ ਗੱਲ ਕੀਤੀ ਹੈ ਉਥੇ ਇਨ੍ਹਾਂ ਅਫਸਰਾਂ ਨੂੰ ਵਿਅੰਗਾਤਮਕ ਢੰਗ ਨਾਲ, ਪ੍ਰੋਢਾਵਾਦ ਵਰਤ ਕੇ ਨਕਾਰਿਆ ਹੈ। ਜਿਵੇਂ ਕਿ :-

1. **ਚਿਤ੍ਰ ਗੁਪਤ ਕਾ ਕਾਗਦੁ ਫਾਰਿਆ ਜਮਦੂਤਾ ਕਛੂ ਨ ਚਲੀ।।** (ਗੁਰੂ ਗ੍ਰੰਥ ਸਾਹਿਬ, ਪੰਨਾ : 79) (ਅਖੌਤੀ ਚਿਤ੍ਰ ਗੁਪਤ, ਜਮਦੂਤ)

2. **ਚਿਤ੍ਰ ਗੁਪਤੁ ਸਭ ਲਿਖਤੇ ਲੇਖਾ।। ਭਗਤ ਜਨਾ ਕਉ ਦ੍ਰਿਸਟਿ ਨ ਪੇਖਾ।।** (ਗੁਰੂ ਗ੍ਰੰਥ ਸਾਹਿਬ, ਪੰਨਾ : 393) (ਅਖੌਤੀ ਚਿਤ੍ਰ ਗੁਪਤ)

ਗੁਰੂ ਗ੍ਰੰਥ ਸਾਹਿਬ ਜੀ ਦੀ ਮੁਢਲੀ ਬਾਣੀ 'ਜਪੁ ਜੀ' ਦੇ ਅਖੀਰ 'ਚ ਸਲੋਕ **"ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।। ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ।। ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ।। ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ।"** (ਗੁਰੂ ਗ੍ਰੰਥ ਸਾਹਿਬ, ਪੰਨਾ : 8) ਇਥੇ ਲਫ਼ਜ਼ 'ਧਰਮ' ਦਾ ਆਮਤੌਰ ਤੇ ਅਰਥ ਅਖੌਤੀ ਧਰਮਰਾਜ ਲੈ ਲਿਆ ਜਾਂਦਾ ਹੈ ਪਰ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਨੁਸਾਰ ਇਥੇ 'ਧਰਮ' ਦਾ ਭਾਵਅਰਥ ਬਣਦਾ ਹੈ 'ਮਨੁੱਖ ਦੇ ਹਿਰਦੇ 'ਚ ਬੈਠਾ 'ਸੱਚਾ ਧਰਮ'। **ਮੇਰਾ ਪ੍ਰਭੁ ਅੰਤਰਿ ਬੈਠਾ ਵੇਖੈ।।** (ਗੁਰੂ ਗ੍ਰੰਥ ਸਾਹਿਬ, ਪੰਨਾ : 123) ਸਾਡੇ ਸਭ ਦੇ ਅੰਦਰ ਅੰਤਰ ਆਤਮੇ 'ਚ ਸੱਚਾ ਰੱਬ, ਸੱਚਾ ਧਰਮ, ਸੱਚਾ ਧਰਮਰਾਏ ਬੈਠਾ ਹੈ, ਜੋ ਸਾਨੂੰ ਤਤਕਾਲ ਕਚਿਹਰੀ 'ਚ ਫੈਸਲਾ ਕਰਕੇ ਦੱਸ ਦਿੰਦਾ ਹੈ ਕਿ ਸਰ-ਅਪਸਰ, ਚੰਗਾ-ਮੰਦਾ ਕਰਮ ਕੀ ਹੈ। ਉਸੀ ਅੰਤਰ ਆਤਮੇ (ਜ਼ਮੀਰ, conscience, will) ਦੀ ਅਵਾਜ਼ ਨੂੰ ਰੱਬ ਜੀ ਦੀ ਅਵਾਜ਼ ਕਹਿੰਦੇ ਹਨ। ਉਹੋ ਹੀ ਰੱਬੀ ਦਰਗਾਹ ਦੀ ਤੱਕੜੀ, ਤਰਾਜੂ ਹਰੇਕ ਮਨੁੱਖ ਦੇ ਅੰਦਰ, ਹੁੰਦੀ ਹੈ। ਇਹ ਗੱਲ ਵਖਰੀ ਹੈ ਕਿ ਅਸੀ ਅੰਦਰ ਦੀ ਅਵਾਜ਼ ਨੂੰ ਸੁਣ ਕੇ ਵੀ ਅਣਸੁਣੀ ਕਰ ਦਿੰਦੇ ਹਾਂ ਤੇ 'ਵਿਕਾਰਾਂ ਰੂਪੀ ਜਮਾਂ' ਨਾਲ ਖੁਸ਼ ਰਹਿੰਦੇ ਹਾਂ।

**ਨੋਟ :-** ਮਾਣਯੋਗ ਭਾਈ ਕਾਨ੍ਹ ਸਿੰਘ ਨਾਭਾ ਜੀ ਆਪਣੀ ਪੁਸਤਕ ਗੁਰਮਤ ਮਾਰਤੰਡ (ਭਾਗ ਦੂਜਾ) ਪੰਨਾ 607 'ਚ 'ਧਰਮਰਾਜ' ਬਾਰੇ ਇਉਂ ਲਿਖਦੇ ਹਨ:-

**ਧਰਮਰਾਜ :- "ਸੰਸਕ੍ਰਿਤ ਗ੍ਰੰਥਾਂ ਵਿਚ ਧਰਮ ਅਤੇ ਧਰਮਰਾਜ ਨਾਮ, ਜਮ ਅਥਵਾ ਯਮਰਾਜ ਦਾ ਹੈ, ਗੁਰਮਤ ਵਿਚ ਨਯਾਯਕਾਰੀ ਕਰਤਾਰ ਲਈ ਇਹ ਸ਼ਬਦ ਵਰਤਿਆ ਹੈ, ਪੌਰਾਣਿਕ 'ਧਰਮਰਾਜ' ਦਾ ਸਿੱਖਾਂ ਨਾਲ ਵਾਸਤਾ ਨਹੀਂ ਪੈਂਦਾ ਅਰ ਨਾ ਸਿੱਖਾਂ ਨੂੰ ਯਮ ਦਾ ਭੈ, ਸੰਤਾਪ ਦਿੰਦਾ ਹੈ।"**

ਗੁਰਬਾਣੀ ਦੇ ਕੁਝ ਪ੍ਰਮਾਣ ਸਮਝਦੇ ਹਾਂ ਜਿਨ੍ਹਾਂ 'ਚ ਧਰਮ ਜਾਂ ਧਰਮਰਾਏ, ਧਰਮਰਾਜ ਅਤੇ ਚਿਤ੍ਰਗੁਪਤ ਲਫ਼ਜ਼ ਕਰਤਾਰ (ਰੱਬ) ਵਾਸਤੇ ਵਰਤੇ ਗਏ ਹਨ। ਪ੍ਰੋੜ੍ਹਾਵਾਦੀ ਢੰਗ ਨਾਲ ਧਰਮਰਾਜ (ਮਰਨ ਮਗਰੋਂ ਵਾਲੇ ਅਖੌਤੀ ਪ੍ਰਚਲਤ) ਅੱਖਰ ਵਰਤ ਕੇ ਰੱਬ ਜੀ ਨੂੰ ਹੀ ਧਰਮਰਾਜ ਕਿਹਾ ਹੈ।

1. **ਧਰਮ ਰਾਇ ਜਬ ਪਕਰਸਿ ਬਵਰੇ ਤਬ ਕਿਆ ਜਬਾਬੁ ਕਰੇਇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 77) (ਸੱਚਾ ਧਰਮ)
2. **ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੇ ਜਾਹਿਗਾ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1106) (ਸੱਚਾ ਧਰਮ ਅੰਦਰ ਦੀ ਦਰਗਾਹ)
3. **ਧਰਮ ਰਾਇ ਤਿਨ ਕਾ ਮਿਤੁ ਹੈ ਜਮ ਮਗਿ ਨ ਪਾਵੈ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1091) (ਸੱਚਾ ਧਰਮ)
4. **ਧਰਮ ਰਾਇ ਕੀ ਬਾਕੀ ਲੀਜੈ ਜਿਨਿ ਹਰਿ ਕਾ ਨਾਮੁ ਵਿਸਾਰਾ ਹੇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1029) (ਸੱਚਾ ਧਰਮ)

# ਭੂਤ, ਪ੍ਰੇਤ, ਜਿੰਨ, ਬੇਤਾਲ

ਆਮ ਤੌਰ 'ਤੇ ਸਮਝਿਆ ਜਾਂਦਾ ਹੈ ਕਿ ਧਰਤੀ ਤੇ ਸਰੀਰਕ ਜੀਵਨ ਜਿਊਂਦਿਆਂ ਮਨੁੱਖ ਨੇ ਜੋ ਖ਼ਾਹਿਸ਼ਾਂ, ਖ਼ਿਆਲ ਬਣਾਏ ਸਨ ਉਹ ਪੂਰੇ ਨ ਹੋਣ ਤਾਂ ਮਰਨ ਮਗਰੋਂ ਉਸਦੀ ਆਤਮਾ ਭਟਕਦੀ ਰਹਿੰਦੀ ਹੈ। ਆਪਣੇ ਜੀਵਨ ਦੌਰਾਨ ਕੀਤੇ ਕਰਮਾਂ ਅਨੁਸਾਰ ਇਹ ਆਤਮਾ ਆਪਣੇ ਲਾਇਕ ਮਾਤਾ-ਪਿਤਾ ਲੱਭਦੀ ਰਹਿੰਦੀ ਹੈ। ਜਿਨ੍ਹਾਂ ਨੂੰ ਆਪਣੇ ਮੁਤਾਬਿਕ ਮਾਤਾ-ਪਿਤਾ ਲੱਭ ਪੈਂਦੇ ਹਨ ਉਹ ਤਾਂ ਮੁੜ ਜਨਮ ਲੈ ਲੈਂਦੇ ਹਨ ਤੇ ਬਾਕੀ ਦੀਆਂ ਰੂਹਾਂ ਭੂਤ, ਪ੍ਰੇਤ, ਬੇਤਾਲ, ਜਿੰਨ ਬਣ ਜਾਂਦੀਆਂ ਹਨ ਤੇ ਹੋਰਨਾਂ ਮਨੁੱਖਾਂ ਨੂੰ ਤੰਗ ਕਰਦੀਆਂ ਰਹਿੰਦੀਆਂ ਹਨ। ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਨੁਸਾਰ ਇਹ ਸਭ ਪ੍ਰਪੰਚੀਆਂ ਦੇ ਘੜੇ ਗਏ ਕਿਰਦਾਰ ਹਨ ਜੋ ਲੋਕਾਂ ਨੂੰ ਡਰਾ ਕੇ ਤਾਂਤ੍ਰਿਕ (superstition) ਦੀ ਦੁਕਾਨ ਚਲਾਉਂਦੇ ਹਨ ਅਤੇ ਲੁੱਟਦੇ ਰਹਿੰਦੇ ਹਨ। ਅਗਿਆਨਤਾ ਅਤੇ ਡਰ ਵੱਸ ਪਏ ਮਨੁੱਖ ਇਨ੍ਹਾਂ ਦੇ ਪਾਖੰਡਾਂ 'ਚ ਫੱਸ ਜਾਂਦੇ ਹਨ ਤੇ ਖ਼ੁਆਰ ਹੁੰਦੇ ਰਹਿੰਦੇ ਹਨ।

ਭਾਈ ਕਾਨ੍ਹ ਸਿੰਘ ਜੀ ਨਾਭਾ ਆਪਣੀ ਪੁਸਤਕ ਗੁਰਮਤ ਮਾਰਤੰਡ ਭਾਗ ਦੂਜਾ (ਪੰਨਾ 508) ਤੇ ਲਿਖਦੇ ਹਨ:- **"ਪੰਜਾਂ ਤਤਾਂ ਦਾ ਨਾਮ ਭੂਤ ਹੈ। ਪਰ ਭ੍ਰਮ ਗ੍ਰਸੇ ਅਗਿਆਨੀਆਂ ਨੇ ਮਰੇ ਹੋਏ ਜੀਵਾਂ ਦੀ ਆਤਮਾ ਦੇ ਕਈ ਨਾਮ ਰਖ ਕੇ ਆਡੰਬਰ ਰਚ ਰਖੇ ਹਨ। ਤਾਂਤ੍ਰਿਕ ਦੇ ਵਸ ਪਏ ਆਸੇਬ ਛਾਯਾ ਆਦਿਕ ਮੰਨ ਕੇ, ਗੁਰਮਤ ਵਿਰੁੱਧ ਕਰਮ ਕਰਦੇ ਹਨ। ਵਾਸਤਵ ਵਿਚ ਕਰਤਾਰ ਤੋਂ ਵਿਮੁਖ ਕੁਕਰਮਾਂ ਦੇ ਪ੍ਰੇਮੀ ਦੁਖਦਾਈ ਲੋਕਾਂ ਦੀ "ਭੂਤ ਪ੍ਰੇਤ" ਆਦਿ ਸੰਗਯਾ ਹੈ, ਇਹੀ ਤਾਮਸੀ ਜੀਵ ਗੁਰ ਉਪਦੇਸ਼ ਤੇ ਅਮਲ ਕਰਨ ਤੋਂ ਦੇਵ ਪਦ ਨੂੰ ਪ੍ਰਾਪਤ ਹੋ ਜਾਂਦੇ ਹਨ।"**

ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਨੁਸਾਰ ਜਿਊਂਦੇ ਜੀਅ ਹੀ ਜੋ ਮਨੁੱਖ ਮੰਦ ਕਰਮੀ ਹੋ ਕੇ ਦੂਜਿਆਂ ਨੂੰ ਦੁਖੀ ਕਰਦੇ ਹਨ ਉਨ੍ਹਾਂ ਨੂੰ ਪ੍ਰੋੜ੍ਹਵਾਦੀ ਢੰਗ 'ਚ "ਜਿੰਨ, ਭੂਤ, ਪ੍ਰੇਤ, ਬੇਤਾਲ" ਦੀ ਤਸ਼ਬੀਹ ਦਿੱਤੀ ਹੈ। ਜਿਵੇਂ ਕੀ ਬਾਣੀ 'ਚ ਆਉਂਦਾ ਹੈ:-

1. **ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ।। ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1374)
2. **ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੁੜੀਏ ਸੇ ਮਨਮੁਖ ਮੂੜ ਬਿਤਾਲੇ ਰਾਮ।।** (ਗੁਰੂ ਗ੍ਰੰਥ ਸਾਹਿਬ, ਪੰਨਾ : 538)
3. **ਹਰਿ ਕੇ ਨਾਮਹੀਨ ਬੇਤਾਲ।। ਜੇਤਾ ਕਰਨ ਕਰਾਵਨ ਤੇਤਾ ਸਭਿ ਬੰਧਨ ਜੰਜਾਲ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1222)
4. **ਹਰਿ ਭਗਤਿ ਭਾਵ ਹੀਣੰ ਨਾਨਕ ਪ੍ਰਭ ਬਿਸਰਤ ਤੇ ਪ੍ਰੇਤਤਹ।।** (ਗੁਰੂ ਗ੍ਰੰਥ ਸਾਹਿਬ, ਪੰਨਾ : 706)
5. **ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ।।** (ਗੁਰੂ ਗ੍ਰੰਥ ਸਾਹਿਬ, ਪੰਨਾ : 513)
6. **ਅੰਤਰਿ ਵਸਤੁ ਮੂੜਾ ਬਾਹਰੁ ਭਾਲੇ।। ਮਨਮੁਖ ਅੰਧੇ ਫਿਰਹਿ ਬੇਤਾਲੇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 117)

ਜੋ ਮਨੁੱਖ ਸਤਿਗੁਰ, ਸੱਚ ਦੇ ਗਿਆਨ (universal truth) ਅਨੁਸਾਰ ਜੀਵਨੀ ਜਿਉਂਦੇ ਹਨ, ਉਹ ਮੰਦੇ ਕਰਮਾਂ, ਖ਼ਿਆਲਾਂ, ਫੁਰਨਿਆਂ ਤੋਂ ਉੱਪਰ ਉਠ ਕੇ, ਪਰਮਪਦ (ਉਚੀ ਆਤਮਕ ਅਵਸਥਾ) ਪ੍ਰਾਪਤ ਕਰ ਲੈਂਦੇ ਹਨ:-

7. **ਪਰੇਤਹੁ ਕੀਤੋਨੁ ਦੇਵਤਾ ਤਿਨਿ ਕਰਣੈਹਾਰੇ।। ਸਭੇ ਸਿਖ ਉਬਾਰਿਅਨੁ ਪ੍ਰਭਿ ਕਾਜ ਸਵਾਰੇ।।** (ਗੁਰੂ ਗ੍ਰੰਥ ਸਾਹਿਬ,
ਪੰਨਾ : 323)

8. **ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ।। ਸਤਿਗੁਰਿ ਪਾਇਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1329)

ਉਪਰੋਕਤ ਪੰਕਤੀਆਂ ਅਨੁਸਾਰ ਸਮੁੱਚੇ ਤੌਰ 'ਤੇ ਭਾਵ ਅਰਥ ਇਹੋ ਨਿਕਲਦਾ ਹੈ ਕਿ ਜੋ ਮਨੁੱਖ ਸੱਚ ਨਾਲ ਨਹੀਂ ਜੁੜਦੇ, ਰੱਬੀ ਗੁਣ ਧਾਰਨ ਨਹੀਂ ਕਰਦੇ ਉਹ ਮਾਨੋ ਭੂਤ ਪ੍ਰੇਤ ਦੀ ਨਿਆਈਂ ਜੀਵਨ ਜਿਊ ਰਹੇ ਹਨ। ਜਿਨ੍ਹਾਂ ਮਨੁੱਖਾਂ ਨੇ ਆਪਣੇ ਹਿਰਦੇ ਘਰ (ਸੁਰਤ, ਮਤ, ਮਨ, ਬੁੱਧ) ਵਿਚ ਸਤਿਗੁਰ ਅਨੁਸਾਰ ਜੀਵਨ ਜਿਊਣ ਦਾ ਮਾਰਗ ਨਹੀਂ ਅਪਣਾਇਆ ਉਹ ਮਾਨੋ ਜਿੰਨ, ਭੂਤ, ਪ੍ਰੇਤ, ਬੇਤਾਲ ਵਾਲੀ ਜੀਵਨੀ ਜਿਊ ਰਹੇ ਹਨ। ਐਸੇ ਮਨੁੱਖ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਰਾਹੀਂ ਇਨਸਾਨੀਅਤ ਭਰਪੂਰ ਜੀਵਨੀ ਜਿਊਣ ਵਾਲੇ ਸੱਚ ਦੇ ਗਿਆਨ (ਸਤਿਗੁਰ) ਵਾਲੇ ਸਰੋਵਰ ਵਿਚ ਚੁੱਭੀ ਮਾਰ ਕੇ (ਅਵਗੁਣਾਂ ਦੀ ਮੈਲ ਨੂੰ ਗਿਆਨ-ਗੁਰੂ ਨਾਲ ਇਸ਼ਨਾਨ ਕਰਾ ਕੇ) ਪਰਮ ਪਦ ਪ੍ਰਾਪਤ ਕਰ ਸਕਦੇ ਹਨ।

## ਤਤਕਾਲ ਆਤਮਕ ਮੌਤ

ਅਸੀਂ ਸਾਰੇ ਸਰੀਰਕ ਤੌਰ 'ਤੇ ਮਰਨ ਨੂੰ ਹੀ ਮਰਨਾ ਸਮਝਦੇ ਹਾਂ ਪਰ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਰੀਰਕ ਮੌਤ ਨੂੰ ਪ੍ਰੋੜ੍ਹਾਵਾਦੀ ਢੰਗ ਰਾਹੀਂ ਸਰੀਰਕ ਮੌਤ ਦਾ ਹਵਾਲਾ ਦੇ ਕੇ ਮਨੁੱਖ ਨੂੰ ਜਿਉਂਦੇ ਜੀਅ ਪਲ-ਪਲ ਦੀ 'ਆਤਮਕ ਮੌਤ' ਬਾਰੇ 'ਸਤਿਗੁਰ' ਦ੍ਰਿੜ ਕਰਵਾਇਆ ਹੈ:-

1. **ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ।।**
**ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ।।**

(ਗੁਰੂ ਗ੍ਰੰਥ ਸਾਹਿਬ, ਪੰਨਾ : 253)

ਕੋਈ ਮਨੁੱਖ ਸੁੰਦਰ, ਉੱਚੇ ਕੁਲ ਦਾ, ਚਤੁਰ ਅਤੇ ਭਾਵੇਂ ਗਿਆਨਵਾਨ ਹੋਵੇ ਪਰ ਜੇ ਕਰ ਉਸ ਮਨੁੱਖ ਦੀ ਸੱਚੇ ਭਗਵੰਤ ਨਾਲ ਪ੍ਰੀਤ ਨਹੀਂ ਭਾਵ ਉਸ ਦੇ ਮਨ ਵਿਚ ਸਹਿਜ, ਸੰਤੋਖ, ਹਮਦਰਦੀ ਅਤੇ ਨਿਮਰਤਾ ਨਹੀਂ ਤਾਂ ਮਾਨੋ ਉਹ ਮ੍ਰਿਤਕ ਦੀ ਨਿਆਈਂ ਹੈ।

2. **ਗਲਾ ਉਪਰਿ ਤਪਾਵਸੁ ਨ ਹੋਈ ਵਿਸੁ ਖਾਧੀ ਤਤਕਾਲ ਮਰਿ ਜਾਏ।।** (ਗੁਰੂ ਗ੍ਰੰਥ ਸਾਹਿਬ, ਪੰਨਾ : 308)

ਬਾਹਰੋਂ-ਬਾਹਰੋਂ ਰੱਬੀ ਪ੍ਰੀਤ ਦੀਆਂ ਗੱਲਾਂ ਕਰਨੀਆਂ ਪਰ ਹਿਰਦੇ ਵਿਚ ਜੇ ਜ਼ਹਿਰੀਲੀ ਸੋਚ ਹੈ ਭਾਵ ਹਿਰਦੇ ਵਿਚ ਵੈਰ, ਈਰਖਾ, ਨਿੰਦਾ, ਕਿਸੇ ਦਾ ਵਿਗਾੜ ਕਰਨ ਦੀ ਭਾਵਨਾ ਹੈ ਤਾਂ ਮਨੁੱਖ ਉਸੀ ਪਲ ਆਤਮਕ ਮੌਤ ਮਰਿਆ ਸਮਝੋ।

3. **ਸੰਗਿ ਹੋਵਤ ਕਉ ਜਾਨਤ ਦੂਰਿ।। ਸੋ ਜਨੁ ਮਰਤਾ ਨਿਤ ਨਿਤ ਝੂਰਿ।।** (ਗੁਰੂ ਗ੍ਰੰਥ ਸਾਹਿਬ, ਪੰਨਾ : 395)

ਜੋ ਮਨੁੱਖ ਰੱਬ ਜੀ ਨੂੰ ਹਾਜ਼ਰ ਨਾਜ਼ਰ ਨਹੀਂ ਸਮਝਦਾ, ਕੁਦਰਤ ਦੇ ਨਿਯਮਾਂ ਨੂੰ ਸਮਝ ਕੇ ਉਸ ਅਨੁਸਾਰ ਜੀਵਨ ਨਹੀਂ ਜਿਉਂਦਾ ਅਤੇ ਗਰੀਬ-ਅਮੀਰ, ਗੋਰਾ-ਕਾਲਾ, ਛੋਟਾ-ਵੱਡਾ, ਇਸਤਰੀ-ਮਰਦ ਵਿਚ ਵਿਤਕਰੇ ਦੀ ਭਾਵਨਾ ਰਖਦਾ ਹੈ ਤਾਂ ਮਾਨੋ ਮ੍ਰਿਤਕ ਦੀ ਨਿਆਈਂ ਹੈ।

4. **ਕਿਆ ਜਾਨਾ ਕਿਵ ਮਰਹਗੇ ਕੈਸਾ ਮਰਣਾ ਹੋਇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 555)
5. **ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ।।** (ਗੁਰੂ ਗ੍ਰੰਥ ਸਾਹਿਬ, ਪੰਨਾ : 58)
6. **ਭਾਈ ਰੇ ਇਉ ਸਿਰਿ ਜਾਣਹੁ ਕਾਲੁ।। ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ।।** (ਗੁਰੂ ਗ੍ਰੰਥ ਸਾਹਿਬ, ਪੰਨਾ : 55)
7. **ਹਰਿ ਬਿਸਰਤ ਸੋ ਮੂਆ।।** (ਗੁਰੂ ਗ੍ਰੰਥ ਸਾਹਿਬ, ਪੰਨਾ : 407)
8. **ਜੋ ਬਿਨੁ ਸਤਿਗੁਰ ਸੇਵੇ ਖਾਦੇ ਪੈਨਦੇ ਸੇ ਮੁਏ ਮਰਿ ਜੰਮੇ ਕੋੜ੍ਹੇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 306)
9. **ਨਾਮ ਬਿਨਾ ਨਹੀ ਜੀਵਿਆ ਜਾਇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 366)
10. **ਝੂਠਾ ਮੰਗਣੁ ਜੇ ਕੋਈ ਮਾਗੈ।। ਤਿਸ ਕਉ ਮਰਤੇ ਘੜੀ ਨ ਲਾਗੈ।।** (ਗੁਰੂ ਗ੍ਰੰਥ ਸਾਹਿਬ, ਪੰਨਾ : 109)
11. **ਮਨਮੁਖ ਅਗਿਆਨੀ ਅੰਧੁਲੇ ਜਨਮਿ ਮਰਹਿ ਫਿਰਿ ਆਵੈ ਜਾਏ।। ਕਾਰਜ ਸਿਧਿ ਨ ਹੋਵਨੀ ਅੰਤਿ ਗਇਆ ਪਛੁਤਾਏ।।** (ਗੁਰੂ ਗ੍ਰੰਥ ਸਾਹਿਬ, ਪੰਨਾ : 851)
12. **ਹਰਿ ਨਾਮੁ ਨ ਭਾਇਆ ਬਿਰਥਾ ਜਨਮੁ ਗਵਾਇਆ ਨਾਨਕ ਜਮੁ ਮਾਰਿ ਕਰੇ ਖੁਆਰ।।** (ਗੁਰੂ ਗ੍ਰੰਥ ਸਾਹਿਬ, ਪੰਨਾ : 852)

ਜੋ ਮਨੁੱਖ ਸੱਚ ਦਾ ਗਿਆਨ ਭਾਵ ਸਤਿਗੁਰ (divine wisdom) ਨਾ ਲੈ ਕੇ ਮਨ ਦੀ ਮਰਜ਼ੀ ਕਰਦੇ ਹਨ, ਉਨ੍ਹਾਂ ਦਾ ਮਨ ਮੈਲਾ ਅਤੇ ਜੀਵਨ ਕੁਚੀਲ ਹੋ ਜਾਂਦਾ ਹੈ। ਸੱਚ ਉਨ੍ਹਾਂ ਨੂੰ ਭਾਉਂਦਾ ਨਹੀਂ, ਜਿਸ ਕਾਰਨ ਵਿਕਾਰਾਂ ਰੂਪੀ ਜਮਾਂ ਦੇ ਵਸ ਪੈ ਕੇ ਨਿਤ-ਨਿਤ ਮਰਦੇ ਅਤੇ ਖ਼ੁਆਰ ਹੁੰਦੇ ਰਹਿੰਦੇ ਹਨ। ਸਰੀਰਕ ਮੌਤ ਤੋਂ ਪਹਿਲਾਂ ਹੀ ਆਤਮਕ ਮੌਤ ਮਰਦੇ ਰਹਿੰਦੇ ਹਨ।

ਇਸੇ ਤਰ੍ਹਾਂ ਬਾਕੀ ਪੰਕਤੀਆਂ ਦਾ ਸਮੁੱਚਾ ਭਾਵ ਅਰਥ ਇਹੋ ਨਿਕਲਦਾ ਹੈ ਕਿ ਜਦੋਂ ਰੱਬ ਨੂੰ ਵਿਸਾਰੋ, ਰੱਬ ਨੂੰ ਦੂਰ ਸਮਝੋ, ਸੱਚ ਦੇ ਗਿਆਨ, ਸਤਿਗੁਰ ਨੂੰ ਅਣਗੌਲਿਆ (ignore) ਕਰੋ, ਦੁਨਿਆਵੀ ਪਦਾਰਥਾਂ ਦੀ ਮੰਗ ਵਿਚ ਖਚਤ ਰਹੋ ਤਾਂ ਇਹ ਤਤਕਾਲ ਆਤਮਕ ਮੌਤ ਮਰ ਜਾਣ ਦੀ ਨਿਆਈਂ ਹੀ ਹੈ ਭਾਵੇਂ ਮਨੁੱਖ ਸਰੀਰਕ ਤਲ 'ਤੇ ਜਿਉਂਦਾ ਰਹਿੰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਭਾਵ ਅਰਥਾਂ ਨੂੰ ਸਮਝਣ ਲਈ ਉਪਰੋਕਤ ਅਨੇਕਾਂ ਪ੍ਰਮਾਣਾਂ ਨੂੰ ਵਿਚਾਰਿਆਂ ਸਾਨੂੰ ਸਮਝ ਪਵੇਗਾ ਕਿ ਗੁਰਮਤ ਸਿਧਾਂਤਾਂ ਅਨੁਸਾਰ 'ਸਰੀਰਕ ਮੌਤ' ਨੂੰ ਕੁਦਰਤ ਦੇ ਨਿਯਮ (ਰਜ਼ਾ, ਕਾਨੂੰਨ) 'ਚ ਪਰਵਾਨ ਕੀਤਾ ਗਿਆ ਹੈ। **"ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ"** (ਗੁਰੂ ਗ੍ਰੰਥ ਸਾਹਿਬ, ਪੰਨਾ : 1429) ਇਹ ਕੁਦਰਤ ਦਾ ਅਟਲ ਨਿਯਮ ਹੈ, ਰੱਬੀ ਰਜ਼ਾ ਦੇ ਇਸ ਭਾਣੇ ਨੂੰ ਮੰਨਣਾ ਹੀ ਚਾਹੀਦਾ ਹੈ। ਸੋ ਜਿਉਂਦਿਆਂ ਜੀਅ ਤੈਨੂੰ ਜੋ ਮਾੜੀ ਸੋਚਨੀ ਵਾਲੀ 'ਆਤਮਕ ਮੌਤ' ਵਾਪਰ ਰਹੀ ਹੈ, ਐ ਮਨੁੱਖ, ਉਸ ਬਾਰੇ ਸੁਚੇਤ ਹੋ ਤਾ ਕਿ ਤੈਨੂੰ ਨਿਤ-ਨਿਤ, ਪਲ-ਪਲ ਮਰਨਾ ਨਾ ਪਵੇ।

## **ਜਨਮ-ਮਰਨ**

ਇਸ ਧਰਤੀ ਤੇ ਸਰੀਰਕ ਰੂਪ 'ਚ ਪੈਦਾ ਹੋਣ ਨੂੰ ਹੀ 'ਜਨਮ' ਸਮਝਿਆ ਜਾਂਦਾ ਹੈ। ਜਨਮ ਤੋਂ ਸਰੀਰਕ ਮੌਤ ਤੱਕ ਸਰੀਰਕ ਭੋਗ ਭੋਗਦੇ ਰਹਿਣਾ, ਇਸਨੂੰ 'ਜੀਵਨ' ਆਖਦੇ ਹਨ ਅਤੇ ਸਰੀਰਕ ਰੂਪ 'ਚ ਖਤਮ ਹੋ ਜਾਣ ਨੂੰ ਮਰਨਾ ਸਮਝਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਜੀਵਤ ਮਰਨ, ਜਨਮ ਮਰਨ ਆਦਿ ਲਫਜ਼ਾਂ ਨੂੰ ਪ੍ਰੋਢਾਵਾਦੀ ਢੰਗ ਨਾਲ ਵਰਤ ਕੇ 'ਸਤਿਗੁਰ' ਦ੍ਰਿੜ ਕਰਵਾਇਆ ਹੈ, ਸਰੀਰ ਕਰਕੇ ਜਿਉਂਦੇ ਪਰ ਆਤਮਕ ਮੌਤ ਮਰੇ ਹੋਏ ਮਨੁੱਖਾਂ ਦੀ ਜੀਵਨੀ ਬਾਰੇ ਸੁਚੇਤ ਕਰਾਇਆ ਹੈ। ਆਓ ਵਿਚਾਰੀਏ :-

1. **ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ।।** (ਗੁਰੂ ਗ੍ਰੰਥ ਸਾਹਿਬ, ਪੰਨਾ : 58) ਭਾਵ ਜੋ ਸੱਚ ਨਾਲ ਨਹੀਂ ਜੁੜਦੇ ਮਾਨੋ ਜੰਮਦੇ ਮਰਦੇ ਪਏ ਹਨ।
2. **ਸੋ ਜੀਵਿਆ ਜਿਸੁ ਮਨਿ ਵਸਿਆ ਸੋਇ।। ਨਾਨਕ ਅਵਰੁ ਨ ਜੀਵੈ ਕੋਇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 142) ਭਾਵ ਸਤਿਗੁਰ ਬਿਨਾ ਜਿਊਣਾ ਜੀਵਨ ਹੈ ਹੀ ਨਹੀਂ।
3. **ਖਾਂਦਿਆ ਖਾਂਦਿਆ ਮੁਹੁ ਘਠਾ ਪੈਨੰਦਿਆ ਸਭੁ ਅੰਗੁ।। ਨਾਨਕ ਧ੍ਰਿਗੁ ਤਿਨਾ ਦਾ ਜੀਵਿਆ ਜਿਨ ਸਚਿ ਨ ਲਗੋ ਰੰਗੁ।।** (ਗੁਰੂ ਗ੍ਰੰਥ ਸਾਹਿਬ, ਪੰਨਾ : 523)
4. **ਮਤੁ ਜਾਣਹੁ ਜਗੁ ਜੀਵਦਾ ਦੂਜੈ ਭਾਇ ਮੁਇਆਸੁ।।** (ਗੁਰੂ ਗ੍ਰੰਥ ਸਾਹਿਬ, ਪੰਨਾ : 643)
5. **ਮਰਣੰ ਬਿਸਰਣੰ ਗੋਬਿੰਦਹ।। ਜੀਵਣੰ ਹਰਿ ਨਾਮ ਧ੍ਯਾਵਣਹ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1361)
6. **ਬਿਨੁ ਸਬਦੈ ਮੁਆ ਹੈ ਸਭੁ ਕੋਇ।। ਮਨਮੁਖੁ ਮੁਆ ਅਪੁਨਾ ਜਨਮੁ ਖੋਇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1418)

ਉਪਰੋਕਤ ਕਿਸਮਾਂ ਦੇ ਕਈ ਪ੍ਰਮਾਣ ਗੁਰੂ ਗ੍ਰੰਥ ਸਾਹਿਬ ਵਿਚੋਂ ਸਾਨੂੰ ਮਿਲਦੇ ਹਨ ਜਿਨ੍ਹਾਂ ਰਾਹੀਂ ਅਸੀਂ ਇਹ ਸਮਝ ਸਕਦੇ ਹਾਂ ਕਿ ਜੇ ਕਰ ''ਮਨੁੱਖ ਅਗਿਆਨਤਾ ਕਾਰਨ ਵਿਕਾਰਾਂ ਵਸ ਪਿਆ, ਰਸਾਂ ਕਸਾਂ 'ਚ ਮਸਤ ਜੀਵਨ ਬਿਤਾ ਰਿਹਾ ਹੈ ਤਾਂ ਸਰੀਰਕ ਰੂਪ 'ਚ ਜਿਉਂਦਿਆਂ, ਉਸਦਾ ਇਸੇ ਜੀਵਨ 'ਚ ਮਨ ਕਰਕੇ 'ਜਨਮ-ਮਰਨ' ਹੋ ਰਿਹਾ ਹੈ।"

**ਆਵਾਗਵਨ, ਪੁਨਰ ਜਨਮ** (reincarnation) :- ਅਨੇਕ ਧਰਮਾਂ ਵਿਚ ਪ੍ਰਚਲਤ ਹੈ ਕਿ ਮਨੁੱਖ ਦੀ ਸਰੀਰਕ ਮੌਤ ਮਗਰੋਂ ਆਤਮਾ ਕਿਸੇ ਹੋਰ ਜੂਨ 'ਚ ਜਾਂ ਮਨੁੱਖਾ ਜਨਮ 'ਚ ਪੈ ਜਾਂਦੀ ਹੈ। ਇਸੇ ਕਿਸਮ ਦੇ ਮੁੜ-ਮੁੜ ਜਨਮ ਮਰਨ ਨੂੰ 'ਆਵਾਗਵਨ, ਪੁਨਰਜਨਮ' ਸਮਝਿਆ ਜਾਂਦਾ ਹੈ। ਆਓ ਗੁਰੂ ਗ੍ਰੰਥ ਸਾਹਿਬ ਜੀ ਦੇ ਤੱਤ ਗਿਆਨ ਅਨੁਸਾਰ ਪਹਿਲਾਂ ਆਤਮਕ ਤੌਰ 'ਤੇ ਪਲ-ਪਲ ਨਿਤ ਦਾ ਜੰਮਣ-ਮਰਨ ਜਾਂ ਆਵਾਗਵਨ ਵਿਚਾਰੀਏ :-

1. **ਓਨਾ ਅੰਤਰਿ ਗਿਆਨੁ ਨ ਧਿਆਨੁ ਹੈ ਹਰਿ ਸਿਉ ਪ੍ਰੀਤਿ ਨ ਪਿਆਰੁ।। ਮਨਮੁਖ ਮੁਏ ਵਿਕਾਰ ਮਹਿ ਮਰਿ ਜੰਮਹਿ ਵਾਰੋ ਵਾਰ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1418) ਭਾਵ, ਇਸੇ ਸਰੀਰਕ ਜੀਵਨ ਵਿਚ ਵਿਕਾਰਾਂ ਵਸ ਜਿਊਣਾ ਹੀ ਮਰ-ਜੰਮਣਾ (ਆਵਾ ਗਵਨ) ਦਾ ਲਖਾਇਕ ਹੈ।

2. **ਭਾਗਹੀਨ ਸਤਿਗੁਰੁ ਨਹੀ ਪਾਇਆ ਮਨਮੁਖੁ ਗਰਭ ਜੂਨੀ ਨਿਤਿ ਪਉਦਾ ਜੀਉ।।** (ਗੁਰੂ ਗ੍ਰੰਥ ਸਾਹਿਬ, ਪੰਨਾ : 95) ਭਾਵ, ਜੋ ਮਨੁੱਖ 'ਸਤਿਗੁਰ', ਸੱਚ ਦੇ ਗਿਆਨ (universal truth) ਅਨੁਸਾਰ ਜੀਵਨ ਨਹੀਂ ਜਿਊਂਦਾ ਉਹ ਮਾਨੋ ਮਨਮੁਖਾਂ ਵਾਲੀ ਜੀਵਨੀ ਕਾਰਨ ਗਰਭ ਜੂਨੀ 'ਚ ਨਿਤ-ਨਿਤ ਪੈ ਰਿਹਾ ਹੈ।

3. **ਵਿਸਟਾ ਅੰਦਰ ਵਾਸੁ ਹੈ ਫਿਰਿ ਫਿਰਿ ਜੂਨੀ ਪਾਇ।** (ਗੁਰੂ ਗ੍ਰੰਥ ਸਾਹਿਬ, ਪੰਨਾ : 591) ਭਾਵ, ਜੋ ਮਨੁੱਖ ਵਿਕਾਰ ਰੂਪੀ ਵਿਸਟਾ 'ਚ ਜਿਊ ਰਹੇ ਹਨ ਉਹ ਮਾਨੋ ਹੁਣੇ ਹੀ ਜੂਨੀਆਂ 'ਚ ਭਟਕ ਰਹੇ ਹਨ।

4. **ਪੰਚ ਦੂਤ ਕਾਇਆ ਸੰਘਾਰਹਿ।। ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1045) ਭਾਵ, ਪੰਜ ਵਿਕਾਰ ਮਨੁੱਖ ਦਾ ਜਮ ਵਾਂਗੂੰ ਸੰਘਾਰ ਕਰਦੇ ਰਹਿੰਦੇ ਹਨ ਜਿਸ ਕਰਕੇ ਮਨੁੱਖ ਜਿਊਂਦਿਆਂ ਹੀ ਆਤਮਕ ਅਤੇ ਮਾਨਸਕ ਤੌਰ 'ਤੇ ਮੁੜ-ਮੁੜ ਜੂਨੀਆਂ ਦੇ ਆਵਾਗਵਨ ਵਿਚ ਪਿਆ ਰਹਿੰਦਾ ਹੈ।

5. **ਜਿਸ ਕੈ ਅੰਤਰਿ ਰਾਜ ਅਭਿਮਾਨੁ।। ਸੋ ਨਰਕਪਾਤੀ ਹੋਵਤ ਸੁਆਨੁ।।** (ਗੁਰੂ ਗ੍ਰੰਥ ਸਾਹਿਬ, ਪੰਨਾ : 278) ਭਾਵ, ਮਰਨ ਮਗਰੋਂ ਨਰਕ ਜਾਂ ਕੁੱਤੇ ਦੀ ਜੂਨ 'ਚ ਜਾਏਗਾ ਕਿ ਨਹੀਂ ਪਰ ਰਾਜ ਅਭਿਮਾਨ (domination) ਦੀ ਬਿਰਤੀ ਕਾਰਨ ਮਨੁੱਖ ਮਾਨੋ ਅਜ ਹੀ, ਨਰਕ 'ਚ ਕੁੱਤੇ ਦੀ ਜੂਨ 'ਚ ਹੈ।

6. **ਬੋਲੈ ਨਾਹੀ ਹੋਇ ਬੈਠਾ ਮੋਨੀ।। ਅੰਤਰਿ ਕਲਪ ਭਵਾਈਐ ਜੋਨੀ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1348) ਭਾਵ, ਜਿਸ ਮਨੁੱਖ ਨੇ ਬਾਹਰੋਂ ਮੋਨ ਧਾਰਿਆ ਹੈ ਪਰ ਅੰਦਰ ਵਿਕਾਰਾਂ ਦਾ ਸ਼ੋਰ ਚਲ ਰਿਹਾ ਹੈ ਤਾਂ ਉਹ ਕਲਪ-ਕਲਪ ਕੇ ਜੂਨੀਆਂ 'ਚ ਭਟਕ ਰਿਹਾ ਹੈ।

7. **ਸੰਗਿ ਹੋਵਤ ਕਉ ਜਾਨਤ ਦੂਰਿ।। ਸੋ ਜਨੁ ਮਰਤਾ ਨਿਤ ਨਿਤ ਝੂਰਿ।।** (ਗੁਰੂ ਗ੍ਰੰਥ ਸਾਹਿਬ, ਪੰਨਾ : 395) ਭਾਵ, ਜੋ ਮਨੁੱਖ ਰੱਬ ਜੀ ਦੀ ਹਾਜ਼ਰ-ਨਾਜ਼ਰਤਾ ਨਹੀਂ ਸਮਝਦਾ ਉਹ ਮਨੁੱਖ ਨਿਤ-ਨਿਤ (ਝੂਰ-ਝੂਰ ਕੇ) ਮਰ ਰਿਹਾ ਹੈ। ਇਹ ਆਤਮਕ ਮਰਨ ਹੈ, ਨਾ ਕਿ ਸਰੀਰਕ ਮਰਨ।

8. **ਅਕਿਰਤਘਣਾ ਹਰਿ ਵਿਸਰਿਆ ਜੋਨੀ ਭਰਮੇਤੁ।।** (ਗੁਰੂ ਗ੍ਰੰਥ ਸਾਹਿਬ, ਪੰਨਾ : 706) ਭਾਵ, ਮਨੁੱਖ ਕਿਸੇ ਵੀ ਮਨੁੱਖ ਦੀ ਕੀਤੀ ਚੰਗਿਆਈ ਨੂੰ ਨਹੀਂ ਮੰਨਦਾ (ਯਾਦ ਨਹੀਂ ਰੱਖਦਾ), ਬਲਕਿ ਚੰਗਿਆਈ ਨੂੰ ਭੁਲਾ ਕੇ (ਵਿਸਾਰ ਕੇ) ਉਸਦੇ ਅਵਗੁਣ ਫਰੋਲਦਾ ਰਹਿੰਦਾ ਹੈ ਜਾਂ ਕਿਸੇ ਵਲੋਂ ਕੀਤੇ ਚੰਗੇ ਦਾ ਧੰਨਵਾਦ ਕਰਨ ਦੀ ਥਾਂ ਇਕ ਵਾਰੀ ਕੰਮ ਨਾ ਕਰਨ 'ਤੇ ਉਸ ਨਾਲ ਨਰਾਜ਼ਗੀ ਜਾਂ ਪਿਛਲੀ ਕੀਤੀ ਨੂੰ ਭੁਲਾ ਕੇ, ਗਿਲੇ, ਸ਼ਿਕਵੇ, ਉਲਾਂਭੇ ਕਰਦਾ ਰਹਿੰਦਾ ਹੈ। ਐਸੇ ਅਕ੍ਰਿਤਘਣਤਾ ਦੇ ਸੁਭਾਅ ਵਾਲੇ ਮਨੁੱਖ ਨੂੰ ਰੱਬ ਦੀਆਂ ਦਿੱਤੀਆਂ ਦਾਤਾਂ ਦਾ ਵੀ ਸ਼ੁਕਰਾਨਾ ਨਹੀਂ ਕਰਨਾ ਆਉਂਦਾ ਬਲਕਿ ਜੋ ਪ੍ਰਾਪਤ ਨਹੀਂ ਹੁੰਦਾ ਉਸਦੇ ਲਈ ਰੱਬ ਜੀ ਨੂੰ ਵੀ ਉਲਾਂਭੇ, ਸ਼ਿਕਵੇ, ਸ਼ਿਕਾਇਤਾਂ ਕਰਦਾ ਰਹਿੰਦਾ ਹੈ। ਅਕ੍ਰਿਤਘਣਤਾ ਵਾਲਾ ਇਹੋ ਸੁਭਾਅ ਹੀ ਆਵਾਗਵਨ ਦਾ ਲਖਾਇਕ ਹੈ।

ਗੁਰਮਤ ਅਨੁਸਾਰ ਜੋ ਮਨੁੱਖ ਅਕ੍ਰਿਤਘਣਤਾ ਵਾਲੀ ਜੀਵਨੀ ਜਿਊ ਰਿਹਾ ਹੈ ਉਹ ਸਰੀਰਕ ਮੌਤ ਮਗਰੋਂ ਨਹੀਂ ਬਲਕਿ ਅੱਜ ਹੀ ਜੂਨੀਆਂ ਵਿਚ ਭਟਕ ਰਿਹਾ ਹੈ।

ਗੁਰੂ ਗ੍ਰੰਥ ਸਾਹਿਬ ਦੇ ਐਸੇ ਅਨੇਕ ਪ੍ਰਮਾਣਾਂ ਤੋਂ ਸਮਝ ਪੈਂਦੀ ਹੈ ਕਿ ਕਿਵੇਂ ਸਰੀਰਕ ਜੀਵਨ ਕਾਲ ਵਿਚ ਜਿਊਂਦਿਆਂ ਹੀ ਮਨੁੱਖ ਨਿੱਤ-ਨਿੱਤ, ਪਲ-ਪਲ ਜੰਮਦਾ ਮਰਦਾ ਰਹਿੰਦਾ ਹੈ ਅਤੇ ਜਿਊਂਦੇ ਜੀਅ ਹੀ ਸਤਿਗੁਰ (divine wisdom) ਰਾਹੀਂ ਇਸ ਆਵਾਗਵਨ ਤੋਂ ਮੁਕਤ ਹੋ ਸਕਦਾ ਹੈ।

# ਜੀਵਨ ਮੁਕਤ

ਜੋ ਮਨੁੱਖ 'ਸਤਿਗੁਰ ਭਾਵ ਸੱਚ ਦੇ ਗਿਆਨ' (divine wisdom) ਰਾਹੀਂ ਅਗਿਆਨਤਾ ਦੇ ਹਨੇਰੇ 'ਚੋਂ ਬਾਹਰ ਨਿਕਲ ਕੇ ਆਪਣਾ ਮੂਲ ਪਛਾਣਨਾ ਸਮਝ ਲੈਂਦਾ ਹੈ ਉਸਦੀ ਉੱਚੀ-ਸੁੱਚੀ ਕਰਨੀ ਵਾਲੀ ਜੀਵਨੀ ਹੀ ਜੀਵਨ-ਮੁਕਤ ਅਖਵਾਉਂਦੀ ਹੈ। ਇਸੇ ਨੂੰ ਪ੍ਰੋਢਾਵਾਦੀ ਢੰਗ ਨਾਲ ਗੁਰਮਤ ਅਨੁਸਾਰ 'ਆਵਾਗਵਨ' ਤੋਂ ਮੁਕਤ ਜੀਵਨ ਮੰਨਿਆ ਜਾਂਦਾ ਹੈ। ਚੇਤੇ ਰੱਖਣਾ ਜ਼ਰੂਰੀ ਹੈ **ਗੁਰਮਤ "ਜੀਵਨ-ਮੁਕਤ" (ਜਿਊਂਦਿਆਂ ਮੁਕਤੀ) ਦ੍ਰਿੜ ਕਰਵਾਉਂਦੀ ਹੈ ਨਾ ਕਿ ਸਰੀਰਕ ਮਰਨ ਮਗਰੋਂ ਵਾਲੀ ਅਖੌਤੀ ਮੁਕਤੀ।** ਇਸ ਵਿਚਾਰ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਕੁਝ ਪ੍ਰਮਾਣਾਂ ਰਾਹੀਂ ਸਮਝੀਏ।

1. **ਨਾਨਕ ਸਾਧੂ ਸੰਗਿ ਜਨਮੁ ਮਰਣੁ ਸਵਾਰਿਆ।।** (ਗੁਰੂ ਗ੍ਰੰਥ ਸਾਹਿਬ, ਪੰਨਾ : 854) :- 'ਸਤਿਗੁਰ' ਸਾਧੂ (divine wisdom) ਮੈਨੂੰ ਸਮਝ ਪਿਆ ਤਾਂ ਮੇਰਾ ਪਲ-ਪਲ ਦਾ ਜਨਮ-ਮਰਨ ਮੁੱਕ ਗਿਆ।
2. **ਨਾਨਕ ਸਦਾ ਅਰਾਧਿ ਕਦੇ ਨ ਜਾਂਹਿ ਮਰਿ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1363) :- ਰੱਬ ਜੀ ਨਾਲ ਜੁੜੇ ਰਹਿਣ ਵਾਲੀ ਨਿਤ ਦੀ ਜੀਵਨੀ (ਰੱਬੀ ਗੁਣਾਂ ਵਾਲਾ ਜੀਵਨ) ਕਾਰਨ ਮੈਨੂੰ ਕਦੇ ਆਤਮਕ ਗਿਰਾਵਟ ਵਾਲੀ ਮੌਤ ਵਾਪਰਦੀ ਹੀ ਨਹੀਂ।
3. **ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ।।** (ਗੁਰੂ ਗ੍ਰੰਥ ਸਾਹਿਬ, ਪੰਨਾ : 651) 'ਸਤਿਗੁਰ' ਰਾਹੀਂ ਮਨ ਦੀ ਮੈਲ ਜੇ ਕਰ ਦੂਰ ਕਰ ਲਵੋ ਤਾਂ ਆਤਮਕ ਜੂਨੀਆਂ 'ਚ ਨਹੀਂ ਪੈਣਾ ਪੈਂਦਾ।
4. **ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ।।** (ਗੁਰੂ ਗ੍ਰੰਥ ਸਾਹਿਬ, ਪੰਨਾ : 604) :- 'ਸਤਿਗੁਰ' ਭਾਵ ਸੱਚ ਦੇ ਗਿਆਨ (universal truth) ਅਨੁਸਾਰ ਜੇ ਕਰ ਵਿਕਾਰਾਂ ਭਰੇ ਮੈਲੇ ਮਨ ਤੋਂ ਮਰ ਜਾਵੋ ਤਾਂ ਫਿਰ ਮੁੜ-ਮੁੜ ਕੇ 'ਆਤਮਕ ਮੌਤ' ਨਹੀਂ ਮਰਨਾ ਪੈਂਦਾ। ਸਰੀਰਕ ਮੌਤ ਤੋਂ ਬਚੱਣਾ ਤਾਂ ਰੱਬੀ ਨਿਯਮ, ਹੁਕਮ ਤੋਂ ਮੁਨਕਰ ਹੋਣਾ ਹੈ ਪਰ ਮਨੁੱਖ ਨੂੰ ਗੁਰਬਾਣੀ ਰਾਹੀਂ ਨਿੱਤ-ਨਿੱਤ ਆਤਮਕ ਮੌਤੇ ਮਰਨ ਤੋਂ ਬਚਾਇਆ ਹੈ।
5. **ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ।।** (ਗੁਰੂ ਗ੍ਰੰਥ ਸਾਹਿਬ, ਪੰਨਾ : 58) :- ਜੋ ਮਨੁੱਖ 'ਸਤਿਗੁਰ' (divine wisdom) ਅਨੁਸਾਰ ਜੀਵਨ ਜਿਊਂਦੇ ਹਨ, ਉਹ ਆਤਮਕ ਗਿਰਾਵਟ ਵਾਲੀ ਮੌਤ ਮਰਦੇ ਹੀ ਨਹੀਂ ਹਨ ਕਿਉਂਕਿ ਜੀਵਨ ਮੁਕਤ ਅਵਸਥਾ ਕਾਰਨ ਅੱਜ ਹੀ, ਹੁਣੇ ਹੀ ਇਸ ਸਰੀਰਕ ਜੀਵਨ ਵਿਚ ਜਿਊਂਦੇ ਜੀਅ ਆਵਾਗਵਨ, ਜਮਕਾਲ, ਪੁਨਰਜਨਮ ਤੋਂ ਖਲਾਸੀ ਹੋ ਗਈ।
6. **ਆਵਣ ਜਾਣਾ ਵੀਸਰੈ ਗੁਰ ਸਬਦੀ ਵੀਚਾਰੁ।।** (ਗੁਰੂ ਗ੍ਰੰਥ ਸਾਹਿਬ, ਪੰਨਾ : 787) :- 'ਸਤਿਗੁਰ' ਅਨੁਸਾਰ ਜੀਵਨ ਜਿਊ ਕੇ ਆਵਾਗਵਨ ਤੋਂ ਮੁਕਤੀ ਜਿਊਂਦਿਆਂ ਜੀਅ ਹੀ ਮਿਲ ਗਈ।
7. **ਕਬੀਰ ਮਰਤਾ ਮਰਤਾ ਜਗੁ ਮੂਆ ਮਰਿ ਭੀ ਨ ਜਾਨਿਆ ਕੋਇ।। ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1365) :- ਜੋ ਮਨੁੱਖ 'ਸਤਿਗੁਰ' ਅਨੁਸਾਰ ਸਹੀ ਮਾਇਨੇ 'ਚ 'ਆਤਮਕ ਉੱਚਤਾ ਵਾਲੀ ਮਰਨੀ' ਸਿਖ ਲੈਂਦਾ ਹੈ, ਉਹ ਬਹੁਰ ਮਰਨਾ, ਆਵਾਗਵਨ, ਪੁਨਰ ਜਨਮ, ਜਨਮ-ਮਰਨ ਤੋਂ ਛੁੱਟ ਜਾਂਦਾ ਹੈ।

8 . **ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ।। ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1365) ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਆਵਾਗਵਨ ਤੋਂ ਜੀਵਨ ਮੁਕਤ ਅਵਸਥਾ ਦ੍ਰਿੜਾਈ ਗਈ ਹੈ। ਸਰੀਰਕ ਮੌਤ ਤੋਂ ਕੋਈ ਮਨੁੱਖ ਬੱਚ ਨਹੀਂ ਸਕਦਾ, ਇਹ ਕੁਦਰਤ ਦਾ ਅਟਲ ਨਿਯਮ, ਹੁਕਮ ਹੈ। ਪਰ ਸਰੀਰਕ ਮੌਤ ਤੋਂ ਡਰ ਕੇ ਮਨੁੱਖ ਐਸੇ ਕਰਮ ਕਰਦਾ ਜਾਂਦਾ ਹੈ ਜਿਨ੍ਹਾਂ ਰਾਹੀਂ ਸਮਝਦਾ ਹੈ ਕਿ ਮੈਨੂੰ ਸਰੀਰਕ ਮੌਤ ਆਏਗੀ ਹੀ ਨਹੀਂ। ਉਹ ਵੱਧ ਤੋਂ ਵੱਧ ਸਹੂਲਤਾਂ, ਡਾਕਟਰ, ਦਵਾਈਆਂ, ਸੁਖ ਆਰਾਮ ਦੇ ਸਾਧਨ, ਖਾਣ ਪੀਣ ਇਤਿਆਦਿ ਹਰੇਕ ਢੰਗ ਅਪਣਾ ਕੇ ਸੋਚਦਾ ਹੈ ਕਿ ਸਰੀਰਕ ਤੌਰ 'ਤੇ ਮਰਾਂਗਾ ਹੀ ਨਹੀਂ। ਇਸ ਕਰਕੇ ਸਰੀਰਕ ਮੌਤ ਤੋਂ ਡਰਦਾ ਮਨੁੱਖ ਵੰਡ ਛਕਣਾ, ਦਇਆ, ਪਿਆਰ, ਹਮਦਰਦੀ, ਸੁਹਿਰਦਤਾ ਜੈਸੇ ਸਦਗੁਣ ਧਾਰਨਾ ਹੀ ਨਹੀਂ ਚਾਹੁੰਦਾ। ਨਿਮਰਤਾ ਧਾਰਨ ਕਰਨਾ ਅਤੇ ਸਭ ਨੂੰ ਆਪਣਾ ਮਹਿਸੂਸ ਕਰਨ ਵਾਲਾ ਜੀਵਨ ਜਿਊਣਾ ਮਨੁੱਖ ਨੂੰ ਚੰਗਾ ਹੀ ਨਹੀਂ ਲੱਗਦਾ। ਉਹ ਐਸੇ ਚੰਗੇ ਗੁਣਾਂ ਨੂੰ ਧਾਰਨ ਕਰਨਾ 'ਆਨੰਦ' ਨਹੀਂ ਮੰਨਦਾ ਬਲਕਿ ਮਨਮੁਖਤਾਈ ਭਰਿਆ, ਕੁਰਬਲ ਕੁਰਬਲ ਕਰਦਾ, ਕ੍ਰੋਧਿਤ, ਕੰਜੂਸ ਕੰਗਾਲ ਆਤਮਾ ਵਾਲਾ ਖੁਆਰ ਜੀਵਨ ਜਿਊਣ ਨੂੰ ਹੀ ਆਨੰਦ ਸਮਝ ਲੈਂਦਾ ਹੈ। ਕਿਸੇ ਅੱਗੇ ਨਿਵਣਾ, ਗ਼ਲਤੀ ਕਰ ਕੇ ਮਾਫ਼ੀ ਮੰਗਣਾ, ਕਿਸੇ ਦੀ ਗ਼ਲਤੀ ਨੂੰ ਵੇਖ ਕੇ ਅਣਡਿੱਠ ਕਰਨਾ, ਇਸ ਕਿਸਮ ਦੀ ਆਤਮਕ ਉੱਚਤਾ ਵਾਲੀ, ਨਿਰਮਾਣਤਾ ਵਾਲੀ ਮਰਨੀ ਦਾ ਜੀਵਨ ਜਿਊਣਾ ਮਨੁੱਖ ਨੂੰ ਔਖਾ ਲੱਗਦਾ ਹੈ ਅਤੇ ਉਹ ਇਸ ਤੋਂ ਡਰਦਾ ਹੈ। ਭਾਵ ਕਬੀਰ ਜੀ ਕਹਿੰਦੇ ਹਨ ਕਿ ਜਿਸ ਮਰਨ ਤੋਂ ਸੰਸਾਰ ਡਰਦਾ ਹੈ ਮੇਰੇ ਮਨ ਵਿਚ ਉਸ ਉੱਚੀ ਆਤਮਕ ਅਵਸਥਾ ਵਾਲੀ ਮਰਨੀ ਤੋਂ ਆਨੰਦ ਪ੍ਰਾਪਤ ਹੁੰਦਾ ਹੈ ਅਤੇ ਐਸੇ ਨਿਰਮਾਣਤਾ ਭਰਪੂਰ ਜੀਵਨ ਰਾਹੀਂ ਹੀ ਰੱਬੀ ਮਿਲਣ ਦੀ ਅਵਸਥਾ ਪ੍ਰਾਪਤ ਹੁੰਦੀ ਹੈ।

9 **ਕਿਆ ਜਾਨਾ ਕਿਵ ਮਰਹਗੇ ਕੈਸਾ ਮਰਣਾ ਹੋਇ।। ਜੇ ਕਰਿ ਸਾਹਿਬੁ ਮਨਹੁ ਨ ਵੀਸਰੈ ਤਾ ਸਹਿਲਾ ਮਰਣਾ ਹੋਇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 555) ਵਿਕਾਰਾਂ ਵਸ ਪੈ ਕੇ ਮਨੁੱਖ ਦਾ ਆਤਮਕ ਮਰਨਾ (ਨਕਾਰਾਤਮਕ ਜੀਵਨ) ਹੋ ਜਾਂਦਾ ਹੈ ਪਰ ਜੋ ਮਨੁੱਖ 'ਸਤਿਗੁਰ' ਅਨੁਸਾਰ ਜੀਵਨ ਜਿਊਣ ਲਗ ਪੈਂਦਾ ਹੈ, ਉਸ ਨੂੰ ਸਕਾਰਾਤਮਕ ਜੀਵਨ (positive sense) ਵਾਲਾ 'ਆਤਮਕ ਮਰਨਾ' ਸੌਖਿਆਂ ਹੀ ਆ ਜਾਂਦਾ ਹੈ।

10. **ਜੀਵਤ ਮਰਹੁ ਮਰਹੁ ਫੁਨਿ ਜੀਵਹੁ ਪੁਨਰਪਿ ਜਨਮੁ ਨ ਹੋਈ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1103) ਕਬੀਰ ਸਾਹਿਬ ਆਤਮਕ ਉੱਚਤਾ ਵਾਲੀ ਮਰਨੀ ਤੋਂ ਪ੍ਰਾਪਤ ਜੀਵਨੀ ਮਾਣਦਿਆਂ ਕਹਿ ਰਹੇ ਹਨ ਕਿ ਮੈਂ ਹੁਣ ਆਤਮਕ ਗਿਰਾਵਟ ਵਾਲੀ ਮਰਨੀ ਨੂੰ ਸਮਝ ਗਿਆ ਹਾਂ ਇਸ ਲਈ ਹੁਣ ਮੇਰਾ ਆਤਮਕ ਜਨਮ-ਮਰਨ ਨਹੀਂ ਹੋਏਗਾ।

ਐਸੇ ਅਨੇਕਾਂ ਪ੍ਰਮਾਣ ਗੁਰੂ ਗ੍ਰੰਥ ਸਾਹਿਬ ਵਿਚ ਹਨ ਜਿਨ੍ਹਾਂ ਨੂੰ ਇਸ ਦ੍ਰਿਸ਼ਟੀਕੋਣ ਤੋਂ ਵਿਚਾਰਨ ਨਾਲ ਮਨੁੱਖ ਦਾ, ਇਸੇ ਜੀਵਨ ਵਿਚ ਜਿਊਂਦਿਆਂ ਹੀ ਜਨਮ-ਮਰਨ, ਆਵਾਗਵਨ ਕੱਟ ਜਾਂਦਾ ਹੈ।

**ਆਤਮਕ ਗਿਰਾਵਟ ਦੀ ਮਰਨੀ :-** ਜਦੋਂ ਮਨੁੱਖ ਦਾ ਮਨ ਮੈਲਾ ਹੋ ਜਾਂਦਾ ਹੈ ਤਾਂ ਮਨੁੱਖ ਹੰਕਾਰੀ, ਝੂਠੀ, ਫਰੇਬੀ, ਵਿਕਾਰੀ ਜੀਵਨੀ ਜਿਊਣ ਲੱਗ ਪੈਂਦਾ ਹੈ, ਇਸੇ ਨੂੰ ਆਤਮਕ ਮੌਤ ਮਰਨਾ ਕਹਿੰਦੇ ਹਨ। ਇਹ ਮੌਤ ਮਨੁੱਖ ਆਪਣੇ ਜੀਵਨ 'ਚ ਨਿੱਤ-ਨਿੱਤ ਹਜ਼ਾਰਾਂ ਵਾਰੀ ਮਰਦਾ ਰਹਿੰਦਾ ਹੈ।

**ਆਤਮਕ ਉੱਚਤਾ ਦੀ ਮਰਨੀ (ਜਿਊਂਦਿਆਂ ਹੀ ਮਰ ਜਾਣਾ ਅਤੇ ਜੀਵਤਿਆਂ ਮਰਨਾ) :-** ਜਦੋਂ ਮਨੁੱਖ ਦਾ ਧਿਆਨ ਆਪਣੇ ਵੱਲ, ਆਪਣੇ ਮੈਲੇ ਮਨ ਵੱਲ ਪੈਂਦਾ ਹੈ ਅਤੇ ਉਹ ਮਨਮਰਜ਼ੀ (ਮਨਮੁਖਤਾ) ਛੱਡ ਕੇ ਸਤਿਗੁਰ ਅਨੁਸਾਰ ਅਮਲੀ ਜੀਵਨੀ ਵਲ ਦ੍ਰਿੜ੍ਹਤਾ ਨਾਲ ਵੱਧਦਾ ਜਾਂਦਾ ਹੈ ਤਾਂ ਉਸਦੇ ਮਨ ਦੀ ਮੈਲ ਉਤਰਦੀ ਜਾਂਦੀ ਹੈ

**(ਭਰੀਐ ਮਤਿ ਪਾਪਾ ਕੈ ਸੰਗਿ।। ਓਹੁ ਧੋਪੈ ਨਾਵੈ ਕੈ ਰੰਗਿ।।)** ਐਸੇ ਮਨੁੱਖ ਨੂੰ ਸਤਿਗੁਰ (divine wisdom) ਰਾਹੀਂ ਆਪਣੇ ਅਵਗੁਣਾਂ ਵਲੋਂ ਜੀਵਦਿਆਂ ਮਰਨਾ ਆ ਜਾਂਦਾ ਹੈ। **ਅਵਗੁਣ ਛੋਡਿ ਗੁਣਾ ਕਉ ਧਾਵਹੁ** ਅਨੁਸਾਰ ਅਵਗੁਣਾਂ ਨੂੰ ਆਪਣੀ ਜੀਵਨ ਰੂਪੀ ਗੱਠੜੀ 'ਚੋਂ ਚੁਣ-ਚੁਣ ਕੇ ਕੱਢਦਾ ਜਾਂਦਾ ਹੈ ਅਤੇ ਰੱਬੀ ਗੁਣਾਂ ਨੂੰ ਗ੍ਰਹਿਣ ਕਰਕੇ ਆਪਣੇ ਸੁਭਾਓ 'ਚ ਪਕਾਉਂਦਾ ਜਾਂਦਾ ਹੈ, ਸਿੱਟੇ ਵਜੋਂ ਸਦ ਜੀਵਨ, ਜਿਊਣ ਲੱਗ ਪੈਂਦਾ ਹੈ।

ਪ੍ਰੋੜ੍ਹਾਵਾਦ (vernacular) ਰਾਹੀਂ ਸਕਾਰਾਤਮਕ ਮਰਨਾ, 'ਉਚੀ ਜੀਵਨੀ' ਕਿਤਨੇ ਸੁੰਦਰ ਢੰਗ ਨਾਲ ਗੁਰੂ ਗ੍ਰੰਥ ਸਾਹਿਬ 'ਚ ਦ੍ਰਿੜ ਕਰਵਾਈ ਹੈ, ਵਿਚਾਰੀਏ :-

1. **ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ।।** (ਗੁਰੂ ਗ੍ਰੰਥ ਸਾਹਿਬ, ਪੰਨਾ : 58)
2. **ਖਾਤ ਪੀਅੰਤ ਮੂਏ ਨਹੀ ਜਾਨਿਆ।। ਖਿਨ ਮਹਿ ਮੂਏ ਜਾ ਸਬਦੁ ਪਛਾਨਿਆ।।** (ਗੁਰੂ ਗ੍ਰੰਥ ਸਾਹਿਬ, ਪੰਨਾ : 932)
3. **ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ ਭਾਈ ਸਬਦੇ ਹੀ ਮੁਕਤਿ ਪਾਈ।।** (ਗੁਰੂ ਗ੍ਰੰਥ ਸਾਹਿਬ, ਪੰਨਾ : 601)
4. **ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ।।** (ਗੁਰੂ ਗ੍ਰੰਥ ਸਾਹਿਬ, ਪੰਨਾ : 604)
5. **ਗੁਰ ਤੇ ਮਨੁ ਮਾਰਿਆ ਸਬਦੁ ਵਿਚਾਰਿਆ ਤੇ ਵਿਰਲੇ ਸੰਸਾਰਾ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1125)
6. **ਸਬਦਿ ਮਰੈ ਸੁ ਮੂਆ ਜਾਪੈ।।** (ਗੁਰੂ ਗ੍ਰੰਥ ਸਾਹਿਬ, ਪੰਨਾ : 111)
7. **ਕਬੀਰਾ ਮਰਤਾ ਮਰਤਾ ਜਗੁ ਮੁਆ ਮਰਿ ਭਿ ਨ ਜਾਨੈ ਕੋਇ।।**
   **ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ।।**

   (ਗੁਰੂ ਗ੍ਰੰਥ ਸਾਹਿਬ, ਪੰਨਾ : 555)
8. **ਮਰਿ ਮਰਿ ਜਾਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੈ।।**

   (ਗੁਰੂ ਗ੍ਰੰਥ ਸਾਹਿਬ, ਪੰਨਾ : 360)
9. **ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ।। ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ।। ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ।। ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ।।** (ਗੁਰੂ ਗ੍ਰੰਥ ਸਾਹਿਬ, ਪੰਨਾ : 139)
10. **ਤਿਆਗਿ ਮਾਨੁ ਝੂਠੁ ਅਭਿਮਾਨੁ।। ਜੀਵਤ ਮਰਹਿ ਦਰਗਹ ਪਰਵਾਨੁ।।** (ਗੁਰੂ ਗ੍ਰੰਥ ਸਾਹਿਬ, ਪੰਨਾ : 176)
11. **ਆਠ ਪਹਰ ਪ੍ਰਭੁ ਅਪਨਾ ਧਿਆਈਐ ਗੁਰ ਪ੍ਰਸਾਦਿ ਭਉ ਤਰੀਐ।। ਆਪੁ ਤਿਆਗਿ ਹੋਈਐ ਸਭ ਰੇਣਾ ਜੀਵਤਿਆ ਇਉ ਮਰੀਐ।।** (ਗੁਰੂ ਗ੍ਰੰਥ ਸਾਹਿਬ, ਪੰਨਾ : 750)
12. **ਹਉ ਪੂਛਉ ਅਪਨਾ ਸਤਿਗੁਰੁ ਦਾਤਾ ਕਿਨ ਬਿਧਿ ਦੁਤਰੁ ਤਰੀਐ ਰਾਮ।। ਸਤਿਗੁਰ ਭਾਇ ਚਲਹੁ ਜੀਵਤਿਆ ਇਵ ਮਰੀਐ ਰਾਮ।।** (ਗੁਰੂ ਗ੍ਰੰਥ ਸਾਹਿਬ, ਪੰਨਾ : 775)

ਭਾਈ ਕਾਨ੍ਹ ਸਿੰਘ ਜੀ ਨਾਭਾ ਆਪਣੀ ਪੁਸਤਕ ਗੁਰਮਤ ਮਾਰਤੰਡ (ਪੰਨਾ : 509) ਭਾਗ ਦੂਜਾ 'ਚ ਲਿਖਦੇ ਹਨ ਕਿ **"ਅਹੰਕਾਰ ਤਿਆਗਣਾ, ਦੁਨੀਆ ਨੂੰ ਸਰਾਇ ਸਮਝ ਕੇ ਆਪਣੇ ਆਪ ਨੂੰ ਮੁਸਾਫਰ ਜਾਣਨਾ, ਭਾਣਾ**

**ਮੰਨਣਾ, ਖਿਮਾ ਅਤੇ ਧੀਰਜ ਨੂੰ ਦ੍ਰਿੜ ਕਰ ਕੇ ਧਾਰਣਾ, ਪਰਉਪਕਾਰ ਲਈ ਤਨ ਧਨ ਕੁਰਬਾਨ ਕਰ ਕੇ ਮੋਹ ਦੇ ਵਿਚ ਨਾ ਫਸਣਾ। ਇਸ ਦਸ਼ਾ ਦਾ ਨਾਉਂ 'ਜੀਵਤ ਮਰਨ' ਹੈ।"**

ਜੋ ਮਨੁੱਖ ਮਨ ਦੀ ਮਰਜ਼ੀ ਛੱਡ ਕੇ ਸਤਿਗੁਰ (ਗਿਆਨ-ਗੁਰੂ) ਅਨੁਸਾਰ ਜਿਊਂਦਾ ਹੈ ਉਸਨੂੰ ਰੱਬੀ ਰਜ਼ਾ, ਹੁਕਮ, ਨਿਯਮ, ਅਨੁਸਾਰ ਜਿਊਣਾ ਆ ਜਾਂਦਾ ਹੈ।

ਕੁਦਰਤ ਦੇ ਨਿਯਮਾਂ ਅਨੁਸਾਰ ਜਿਊਣਾ 'ਨਿਰਮਲ ਭਉ' ਕਹਿਲਾਉਂਦਾ ਹੈ। ਮਨਮੁਖਤਾ ਛੱਡ ਕੇ ਗੁਰਮੁਖ ਜੀਵਨੀ ਵਾਲਾ ਮਨੁੱਖ ਨਿਰਮਲ ਭਉ ਅਨੁਸਾਰ ਕੁਦਰਤ ਦੇ ਨਿਯਮਾਂ ਅਧੀਨ ਜਿਊਣ ਕਾਰਨ, 'ਮੈਂ-ਮੇਰੀ' ਤੋਂ ਉੱਪਰ ਉੱਠ ਕੇ ਹਉਮੈ ਦੀਰਘ ਰੋਗ ਤੋਂ ਮੁਕਤ ਹੁੰਦਾ ਜਾਂਦਾ ਹੈ। ਸਿੱਟੇ ਵਜੋਂ ਐਸਾ ਸਦਗੁਣੀ, ਨਿਮਰਤਾ ਵਾਲਾ ਮਨੁੱਖ **'ਆਪੁ ਤਿਆਗਿ ਹੋਈਐ ਸਭ ਰੇਣਾ'** ਮੁਤਾਬਕ ਬਿਨਾ ਵਿਤਕਰੇ ਤੋਂ ਸਭ ਨਾਲ ਨਿਮਰਤਾ, ਹਲੀਮੀ, ਹਮਦਰਦੀ ਅਤੇ ਮਿੱਠੇ ਵਤੀਰੇ ਵਾਲਾ ਜੀਵਨ ਜਿਊਣ ਲੱਗ ਪੈਂਦਾ ਹੈ। ਐਸੀ ਜੀਵਨੀ ਨੂੰ ਹੀ ਜੀਵਤਿਆਂ ਮਰਨਾ ਕਹਿੰਦੇ ਹਨ। ਐਸਾ ਮਨੁੱਖ ਆਪਣੇ ਅਵਗੁਣਾਂ ਨੂੰ ਪਛਾਣ ਕੇ ਉਨ੍ਹਾਂ ਤੋਂ ਛੁਟਕਾਰਾ ਪਾਉਣ ਦਾ ਉਪਰਾਲਾ ਕਰਦਾ ਹੈ। ਕਿਸੇ ਦੀ ਗਲਤੀ ਨੂੰ ਦੇਖ ਕੇ ਅਣਡਿੱਠ ਕਰਨਾ ਜਾਂ ਕਿਸੇ ਦੀ ਕੋਈ ਵੀ ਛੋਟੀ ਤੋਂ ਲੈ ਕੇ ਵੱਡੀ ਗਲਤੀ ਨੂੰ ਮਾਫ਼ ਕਰਨ ਦੀ ਹਉਮੈ ਰਹਿਤ ਨਿਮਰਤਾ 'ਚ ਰਹਿੰਦਾ ਹੈ, ਇਸ ਦਾ ਸਦਕਾ ਹੀ ਆਪਣੀ ਕੀਤੀ ਗਲਤੀ ਨੂੰ ਵੀ ਛੇਤੀ ਹੀ ਮੰਨਣ ਲਈ ਤਿਆਰ ਰਹਿੰਦਾ ਹੈ। ਸੱਚ ਦਾ ਗਿਆਨ ਲੈਣ ਲਈ ਸਾਰੀ ਉਮਰ ਸਿੱਖਣ ਅਤੇ ਗਿਆਨ ਵਧਾਉਣ ਲਈ ਤੱਤਪਰ ਰਹਿੰਦਾ ਹੈ। ਆਪਣੇ ਗਿਆਨ ਜਾਂ ਕਿਸੇ ਵੀ ਪ੍ਰਾਪਤੀ 'ਤੇ ਮਾਣ ਨਹੀਂ ਕਰਦਾ ਕਿਉਂਕਿ ਸਤਿਗੁਰ (divine wisdom) ਅਨੁਸਾਰ 'ਜੀਵਤਿਆ ਮਰ ਰਹੀਐ' ਦੀ ਜਾਚ ਉਸਨੂੰ ਦ੍ਰਿੜ੍ਹ ਹੋ ਜਾਂਦੀ ਹੈ।

## ਆਤਮਘਾਤੀ

ਜਦੋਂ ਮਨੁੱਖ ਢਹਿੰਦੀਆਂ ਕਲਾਂ ਦੀ ਸੋਚਣੀ ਦੇ ਤੂਫ਼ਾਨ 'ਚ ਲਗਾਤਾਰ ਫਸਿਆ ਰਹਿੰਦਾ ਹੈ, ਤਾਂ ਇਸ ਤਰ੍ਹਾਂ ਫਸੇ ਰਹਿਣ ਕਾਰਨ ਉਹ ਆਪਣਾ ਜੀਵਨ ਮੁਕਾ ਲੈਂਦਾ ਹੈ, ਇਸ ਤਰ੍ਹਾਂ ਸਰੀਰ ਨੂੰ ਖ਼ਤਮ ਕਰ ਕੇ ਜੀਵਨ ਮੁਕਾ ਲੈਣਾ **ਆਤਮ-ਹੱਤਿਆ** ਕਹਿਲਾਉਂਦਾ ਹੈ। ਲਫ਼ਜ਼ ਆਤਮਘਾਤੀ ਦੀ ਗਹਿਰਾਈ 'ਚ ਵਿਚਾਰ ਕੀਤਿਆਂ ਪਤਾ ਲੱਗਦਾ ਹੈ ਕਿ ਆਤਮਾ (ਜ਼ਮੀਰ, will) ਦਾ ਘਾਤ ਕਰਨਾ ਹੀ **ਆਤਮਘਾਤ** ਕਹਿਲਾਉਂਦਾ ਹੈ ਪਰ ਸਰੀਰ ਜ਼ਿੰਦਾ ਰਹਿੰਦਾ ਹੈ। ਭਾਵ ਪਹਿਲੋਂ ਮਨੁੱਖ ਪਲ-ਪਲ ਆਤਮਾ ਦਾ ਘਾਤ ਕਰਦਾ ਹੈ ਫਿਰ ਸਰੀਰਕ ਮੌਤ ਦੀ ਘਟਨਾ ਉਸ ਉੱਤੇ ਵਾਪਰਦੀ ਹੈ ਜਾਂ ਉਹ ਸਰੀਰਕ ਮੌਤ ਨੂੰ ਅਪਣਾਉਂਦਾ ਹੈ।

ਅੱਜ ਸਾਰੀ ਦੁਨੀਆ 'ਚ ਆਪਣੇ ਆਪ ਨੂੰ ਮਾਰਨ (suicide) ਬਾਰੇ ਮਨੋਵਿਗਿਆਨੀ, ਡਾਕਟਰ ਅਤੇ ਸਰਕਾਰਾਂ ਫਿਕਰਮੰਦ ਹਨ ਪਰ ਸਮਝਣ ਵਾਲੀ ਗੱਲ ਤਾਂ ਇਹ ਹੈ ਕਿ ਆਪਣੀ ਹੱਤਿਆ ਕੌਣ ਮਨੁੱਖ ਕਰਦਾ ਹੈ ? ਭਾਵ ਆਪਣੇ ਸਰੀਰ ਨੂੰ ਜੋ ਵੀ ਖ਼ਤਮ ਕਰਦਾ ਹੈ, ਉਸ ਪਲ ਤੱਕ ਪੁੱਜਣ ਲਈ ਮਨੁੱਖ ਆਤਮਾ ਦਾ ਘਾਤ ਕਰਨ ਦੀ ਸ਼ੁਰੂਆਤ ਕਰ ਚੁੱਕਾ ਹੁੰਦਾ ਹੈ। ਹੌਲੀ-ਹੌਲੀ ਸਮਾਂ ਪਾ ਕੇ ਉਹ ਆਪਣੀ ਹੱਤਿਆ ਕਰਨ ਦੀ ਦਸ਼ਾ ਤੱਕ ਪਹੁੰਚ ਜਾਂਦਾ ਹੈ। ਸੋ ਸਾਰੀ ਗੁੰਝਲ ਨੂੰ ਸੁਲਝਾਉਣ ਲਈ ਵਿਚਾਰ ਇਹ ਕੀਤੀ ਜਾਣੀ ਚਾਹੀਦੀ ਹੈ ਕਿ **ਆਤਮਾ ਦਾ ਘਾਤ** ਮਨੁੱਖ ਕਦੋਂ ਸ਼ੁਰੂ ਕਰਦਾ ਹੈ। ਜੇ ਆਤਮਾ ਦੇ ਘਾਤ ਨੂੰ ਰੋਕ ਲਿਆ ਜਾਏ ਜਾਂ ਉਸ ਘਾਤ ਤੋਂ ਪਹਿਲਾਂ ਮਨੁੱਖ ਸੁਚੇਤ ਹੋ ਜਾਏ ਜਾਂ ਆਤਮਾ ਦਾ ਘਾਤ ਹੋਣ ਸਾਰ ਮਨੁੱਖ ਆਪਣੀ ਗ਼ਲਤੀ ਨੂੰ ਛੇਤੀ ਸੁਧਾਰ ਕੇ ਅੱਗੋਂ ਨਾ ਕਰਨ

ਦਾ ਨਿਰਣਾ ਲੈ ਲਏ ਤਾਂ ਆਤਮਘਾਤ ਤੋਂ ਬਚ ਕੇ ਸਰੀਰਕ ਘਾਤ ਤੋਂ ਵੀ ਬਚ ਸਕਦਾ ਹੈ। ਸੋ ਸਰੀਰਕ ਘਾਤ ਤੋਂ ਬਚਣ ਦਾ ਇਕੋ ਇਕ ਉਪਾਅ ਹੈ ਕਿ ਆਤਮਾ ਦਾ ਘਾਤ ਨ ਕਰੀਏ ਜਾਂ ਆਤਮਾ ਦਾ ਘਾਤ ਨਾ ਹੋਣ ਦੇਈਏ।

ਇਸ ਲਈ ਸਾਡਾ ਉੱਦਮ ਇਹ ਹੋਣਾ ਚਾਹੀਦਾ ਹੈ ਕਿ ਪਹਿਲਾਂ ਤਾਂ ਸਵੈ-ਪੜਚੋਲ (self analysis) ਕਰੀਏ ਕਿ ਕਿਹੜੀਆਂ-ਕਿਹੜੀਆਂ ਗੱਲਾਂ ਜਾਂ ਆਦਤਾਂ ਕਾਰਨ ਸਾਡੀ ਆਤਮਾ ਦਾ ਘਾਤ ਹੁੰਦਾ ਹੈ ਅਤੇ ਫਿਰ ਉਸ ਦਾ ਇਲਾਜ ਲੱਭੀਏ ਤਾਂ ਕਿ ਛੇਤੀ ਤੋਂ ਛੇਤੀ ਆਤਮਾ ਦੇ ਘਾਤ ਦੀ ਅਵਸਥਾ 'ਚੋਂ ਬਾਹਰ ਨਿਕਲ ਸਕੀਏ। ਬਜਾਏ ਇਸ ਦੇ ਕਿ ਆਤਮਾ ਦਾ ਘਾਤ ਕਰਨ ਦੀਆਂ ਆਦਤਾਂ ਪੱਕ ਜਾਣ, ਸਾਨੂੰ ਸਤਿਗੁਰ (divine wisdom) ਰਾਹੀਂ ਉਨ੍ਹਾਂ ਆਦਤਾਂ ਨੂੰ ਸਮਝਣਾ ਅਤੇ ਉਨ੍ਹਾਂ ਤੋਂ ਮੁਕਤ ਹੋਣਾ ਹੈ। ਸਿੱਟੇ ਵਜੋਂ ਅਸੀ ਆਤਮਘਾਤ ਤੋਂ ਬਚ ਜਾਵਾਂਗੇ ਫਿਰ ਸਰੀਰਕ ਘਾਤ ਵੀ ਨਹੀ ਵਾਪਰੇਗਾ।

ਸਰੀਰਕ ਘਾਤ ਵਾਲੇ ਪਲ ਤੱਕ ਪੁੱਜਣ ਤੋਂ ਪਹਿਲਾਂ ਆਤਮਕ ਘਾਤ ਦੀਆਂ ਕੁਝ ਨਿਸ਼ਾਨੀਆਂ :-

1. ਜਦੋਂ ਅਸੀਂ ਇੱਛਾਵਾਂ ਦੇ ਜਾਲ 'ਚ ਫਸਦੇ ਹਾਂ।
2. ਜਦੋਂ ਅਸੀਂ ਨਿਰਾਸ਼ ਹੋਣ ਦੀ ਅਵਸਥਾ 'ਚ ਪਹੁੰਚਦੇ ਹਾਂ।
3. ਜਦੋਂ ਅਸੀਂ ਕਿਸੇ 'ਤੇ ਭਰੋਸਾ ਨਹੀਂ ਕਰਦੇ।
4. ਜਦੋਂ ਅਸੀਂ ਵੱਡੇ-ਵੱਡੇ ਨਾ ਪੂਰੇ ਹੋਣ ਵਾਲੇ ਸੁਪਨੇ ਬਣਾ ਲੈਂਦੇ ਹਾਂ।
5. ਜਦੋਂ ਅਸੀਂ ਹੋਰਨਾਂ ਨੂੰ ਪਿਆਰ ਦਿੰਦੇ ਨਹੀਂ ਪਰ ਆਪ ਪਿਆਰ ਮੰਗਦੇ ਹਾਂ।
6. ਜਦੋਂ ਅਸੀਂ ਚਾਹੁੰਦੇ ਹਾਂ ਕਿ ਦੁਨੀਆ ਮੇਰੇ ਮੁਤਾਬਕ ਚਲੇ।
7. ਜਦੋਂ ਅਸੀਂ ਵੱਖਵਾਦ (communal hatred) ਵਿਚ ਫਸਦੇ ਹਾਂ।
8. ਜਦੋਂ ਅਸੀਂ ਹੋਰਨਾਂ ਨੂੰ ਨਾਸਤਕ, ਪਾਪੀ ਸਮਝਦੇ ਹਾਂ।
9. ਜਦੋਂ ਅਸੀਂ ਕਿਸੇ ਦੀ ਤਰੱਕੀ ਜਾਂ ਕਾਮਯਾਬੀ ਤੋਂ ਈਰਖਾ ਕਰਦੇ ਹਾਂ।
10. ਜਦੋਂ ਅਸੀਂ ਕਿਸੇ ਦੀ ਨਿੰਦਾ ਕਰਦੇ ਹਾਂ।
11. ਜਦੋਂ ਅਸੀਂ ਹੋਰਨਾਂ ਨੂੰ ਕ੍ਰੋਧ ਜਾਂ ਕਿਸੇ ਵੀ ਤਾਕਤ ਰਾਹੀਂ ਦਬਾਉਂਦੇ (dominate) ਹਾਂ।
12. ਜਦੋਂ ਅਸੀਂ ਉਸਤਤ ਨਿੰਦਾ ਦੀ ਖੇਡ 'ਚ ਫਸਦੇ ਹਾਂ ਭਾਵ ਆਪਣੀ ਉਸਤਤ ਚੰਗੀ ਲੱਗਣੀ ਪਰ ਨਿੰਦਾ ਬਰਦਾਸ਼ਤ ਨਾ ਹੋਣੀ।
13. ਜਦੋਂ ਅਸੀਂ ਕੁਝ ਵੀ ਪ੍ਰਾਪਤ ਕਰਨ ਲਈ ਆਪਣਾ ਦੀਨ ਈਮਾਨ ਛੱਡ ਕੇ ਬੇਇਮਾਨੀ ਦਾ ਤਰੀਕਾ ਇਖ਼ਤਿਆਰ ਕਰਦੇ ਹਾਂ।
14. ਜਦੋਂ ਅਸੀਂ ਰੱਬੀ ਗਿਆਨ ਨੂੰ ਅਣਗੌਲਿਆਂ ਕਰਕੇ ਰੱਬ ਤੋਂ ਦੁਨਿਆਵੀ ਵਸਤਾਂ ਮੰਗਦੇ ਹਾਂ।
15. ਜਦੋਂ ਅਸੀਂ ਆਪਣੇ ਨੁਕਸਾਨ, ਕਮੀਆਂ ਦਾ ਸਾਹਮਣਾ ਕਰਨ ਦੀ ਦਲੇਰੀ ਨਹੀਂ ਰੱਖਦੇ।
16. ਜਦੋਂ ਸਾਨੂੰ ਸਰੀਰਕ ਮੋਹ, ਪਰਵਾਰਕ ਮੋਹ ਅਤੇ ਖ਼ੁਦਗਰਜ਼ੀ ਘੇਰ ਲੈਂਦੀ ਹੈ।

17. ਜਦੋਂ ਅਸੀਂ ਕਿਸੇ ਨੂੰ ਤੰਗ ਦਾਇਰੇ, ਤੰਗਦਿਲੀ ਦੇ ਨਜ਼ਰੀਏ ਨਾਲ ਵੇਖ ਕੇ ਗ਼ਲਤ ਸਮਝ ਕੇ ਉਸ ਨਾਲ ਨਫ਼ਰਤ ਕਰਦੇ ਹਾਂ ਅਤੇ ਉਸ ਦੇ ਗੁਣਾਂ ਨੂੰ ਅਣਦੇਖਾ ਕਰਦੇ ਹਾਂ, ਉਸਦੀ ਸ਼ਕਲ ਦੇਖਣਾ ਵੀ ਪਸੰਦ ਨਹੀਂ ਕਰਦੇ, ਇਥੋਂ ਤੱਕ ਕਿ ਫ਼ੋਨ 'ਤੇ ਵੀ ਉਸ ਨਾਲ ਗੱਲ ਨਹੀਂ ਕਰਦੇ ਹਾਂ।

18. ਜਦੋਂ ਅਸੀਂ ਅਖੌਤੀ ਕਰਮਕਾਂਡ, ਦਾਨ-ਪੁੰਨ, ਪਾਪੀ-ਪੁੰਨੀ ਵਿਚਾਰਾਂ ਤਹਿਤ ਆਪਣੇ ਆਪ ਨੂੰ ਧਰਮੀ ਸਮਝ ਕੇ ਸਵਰਗ ਪ੍ਰਾਪਤੀ ਦੇ ਸੁਪਨੇ ਦੇਖਦੇ ਹਾਂ।

19. ਜਦੋਂ ਅਸੀਂ ਬੀਤੇ ਦਾ ਪਛਤਾਵਾ (guilt) ਜਾਂ ਭਵਿੱਖ ਦੀ ਚਿੰਤਾ ਕਾਰਨ ਡਰ, ਤੌਖ਼ਲੇ ਫ਼ਿਕਰ 'ਚ ਫਸਦੇ ਹਾਂ।

20. ਜਦੋਂ ਅਸੀਂ ਆਪਣੇ ਆਪ ਨੂੰ ਚੰਗਾ ਸਮਝ ਕੇ ਹੋਰਨਾ ਨੂੰ ਭੈੜਾ ਸਮਝਦੇ ਹਾਂ।

21. ਜਦੋਂ ਅਸੀਂ ਆਪਣੇ ਆਪ ਨੂੰ ਨਕਾਰਾ (ਹੀਨ, inferior) ਸਮਝ ਕੇ ਹੋਰਨਾਂ ਨੂੰ ਸਫਲ ਸਮਝਦੇ ਹਾਂ।

22. ਜਦੋਂ ਅਸੀਂ ਲੋਕਾਂ ਨੂੰ ਖੁਸ਼ ਦੇਖ ਕੇ ਸੜਦੇ ਅਤੇ ਕਿਸੇ ਦੀ ਕਿਸੇ ਨਾਲ ਬਣ ਆਵੇ ਨੂੰ ਬਰਦਾਸ਼ਤ ਨਹੀਂ ਕਰਦੇ।

23. ਜਦੋਂ ਅਸੀਂ ਲੋਕਾਈ ਦੇ ਭਲੇ ਲਈ ਉਸਾਰੂ ਕੰਮਾਂ 'ਚ ਰੁੱਝੇ ਨਹੀਂ ਹੁੰਦੇ ਪਰ ਦਿਖਾਵੇ, ਹਉਮੈ, ਸਵੈ-ਪ੍ਰਸੰਸਾ, ਵੇਸ਼, ਪ੍ਰਤਿਸ਼ਠਾ ਦੀ ਖੇਡ 'ਚ ਖੱਚਤ ਰਹਿੰਦੇ ਹਾਂ।

ਉਪਰੋਕਤ ਕਿਸਮਾਂ ਤੋਂ ਇਲਾਵਾ ਹੋਰ ਅਨੇਕ ਕਿਸਮਾਂ ਵੀ ਹੋ ਸਕਦੀਆਂ ਹਨ ਜੋ ਦੇਸ਼, ਕੌਮ, ਸਮਾਜ, ਕਾਲੋਨੀ, ਲਿੰਗ, ਮਾਹੌਲ ਜਾਂ ਉਮਰ ਕਰਕੇ ਵੱਖਰੀਆਂ ਹੋਣ, ਉਨ੍ਹਾਂ ਬਾਰੇ ਵੀ ਵਿਚਾਰ ਕੀਤੀ ਜਾਣੀ ਚਾਹੀਦੀ ਹੈ। ਇਨ੍ਹਾਂ 'ਚੋਂ ਕਿਸੇ ਵੀ ਕਿਸਮ ਦੀ ਆਦਤ ਜਾਂ ਸੋਚਣੀ ਦੇ ਜਦੋਂ ਅਸੀਂ ਸ਼ਿਕਾਰ ਹੁੰਦੇ ਹਾਂ ਤਾਂ ਆਤਮ ਘਾਤ ਦੇ ਬੇੜੇ 'ਚ ਸਵਾਰ ਹੋ ਗਏ ਸਮਝੋ। ਇਨ੍ਹਾਂ ਆਦਤਾਂ ਅਤੇ ਸੋਚਣੀ ਦਾ ਆਪਣੇ ਜੀਵਨ ਵਿਚ ਲਗਾਤਾਰ ਅਭਿਆਸ ਸਾਨੂੰ ਉਦਾਸੀਨਤਾ (depression) ਵਿਚ ਲਿਜਾ ਕੇ ਸਰੀਰਕ ਹੱਤਿਆ ਭਾਵ ਆਪਣੇ ਆਪ ਨੂੰ ਮਾਰ ਮੁਕਾਉਣ ਦੀ ਦਸ਼ਾ ਤੱਕ ਪਹੁੰਚਾ ਦਿੰਦਾ ਹੈ ਪਰ ਇਹ ਆਦਤਾਂ ਅਤੇ ਸੋਚਣੀ ਦਰਅਸਲ ਆਤਮਾ ਦੇ ਘਾਤ ਕਰਨ ਵਾਲੇ ਕੀਟਾਣੂ (virus) ਹਨ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਆਤਮਘਾਤੀ ਲਫ਼ਜ਼ ਬਾਰੇ ਪ੍ਰੋੜ੍ਹਾਵਾਦੀ ਢੰਗ ਵਰਤ ਕੇ ਸਮਝਾਇਆ ਹੈ :-

1. **ਗੁਰਮੁਖਿ ਮੁਏ ਜੀਵਦੇ ਪਰਵਾਣੁ ਹਹਿ ਮਨਮੁਖ ਜਨਮਿ ਮਰਾਹਿ।।** (ਗੁਰੂ ਗ੍ਰੰਥ ਸਾਹਿਬ, ਪੰਨਾ : 643) ਭਾਵ ਸਤਿਗੁਰ (divine wisdom, universal truth) ਅਨੁਸਾਰ ਜੀਵਨੀ ਹੀ ਜਿਊਣਾ ਹੈ ਵਰਨਾ ਮਨਮੁਖਤਾ ਵਾਲੀ ਜੀਵਨੀ ਤਾਂ ਜਨਮ ਲੈ ਕੇ ਵੀ ਮਰਣ ਦੇ ਤੁੱਲ ਹੈ।
2. **ਨਾਮੁ ਨ ਜਪਹਿ ਤੇ ਆਤਮ ਘਾਤੀ।।** (ਗੁਰੂ ਗ੍ਰੰਥ ਸਾਹਿਬ, ਪੰਨਾ : 188) ਭਾਵ ਜੋ ਰੱਬ ਨੂੰ ਵਿਸਾਰ ਕੇ ਜਿਊਂਦੇ ਹਨ ਉਹ ਆਤਮਾ ਦਾ ਘਾਤ ਕਰਦੇ ਰਹਿੰਦੇ ਹਨ।
3. **ਆਤਮ ਘਾਤੀ ਹੈ ਜਗਤ ਕਸਾਈ।।** (ਗੁਰੂ ਗ੍ਰੰਥ ਸਾਹਿਬ, ਪੰਨਾ : 118)
4. **ਬਿਨੁ ਸਿਮਰਨ ਹੈ ਆਤਮ ਘਾਤੀ।।** (ਗੁਰੂ ਗ੍ਰੰਥ ਸਾਹਿਬ, ਪੰਨਾ : 239)
5. **ਕ੍ਰਿਪਾ ਨਿਧਿ ਛੋਡਿ ਆਨ ਕਉ ਪੂਜਹਿ ਆਤਮ ਘਾਤੀ ਹਰਤੇ।।** (ਗੁਰੂ ਗ੍ਰੰਥ ਸਾਹਿਬ ਪੰਨਾ : 1267)

6. **ਸੰਗਿ ਹੋਵਤ ਕਉ ਜਾਨਤ ਦੂਰਿ।। ਸੋ ਜਨੁ ਮਰਤਾ ਨਿਤ ਨਿਤ ਝੂਰਿ।।** (ਗੁਰੂ ਗ੍ਰੰਥ ਸਾਹਿਬ ਪੰਨਾ-395) ਭਾਵ ਜੋ ਮਨੁੱਖ ਰੱਬ ਨੂੰ ਹਾਜ਼ਰ ਨਾਜ਼ਰ ਨਹੀਂ ਸਮਝਦਾ ਉਹ ਨਿੱਤ-ਨਿੱਤ ਝੂਰ ਕੇ ਆਤਮਾ ਦਾ ਘਾਤ ਕਰਕੇ ਮਰ ਰਿਹਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਸਮਝਾਇਆ ਹੈ ਕਿ ਜੋ ਮਨੁੱਖ ਸਤਿਗੁਰ (universal truth) ਅਨੁਸਾਰ ਸੱਚੀ ਜਿਊਣੀ ਨਹੀਂ ਜਿਊਂਦੇ ਮਾਨੋ ਉਹ ਆਤਮਘਾਤੀ ਹਨ। ਉਨ੍ਹਾਂ ਨੇ ਆਪਣੀ ਅੰਤਰ ਆਤਮੇ ਦੀ, ਜ਼ਮੀਰ (will, conscience) ਦੀ ਅਵਾਜ਼ ਨੂੰ ਮਾਰ ਦਿੱਤਾ ਹੈ।

## ਦਰਗਾਹ

ਆਮ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਰੱਬ ਜੀ ਕਿਤੇ ਸਤਵੇਂ ਅਸਮਾਨ 'ਚ ਆਪਣੀ ਦਰਗਾਹ, ਕਚਿਹਰੀ ਜਾਂ ਸਿੰਘਾਸਨ ਲਗਾ ਕੇ ਬੈਠੇ ਹਨ ਅਤੇ ਸਰੀਰਕ ਮਰਨ ਮਗਰੋਂ ਰੱਬ ਜੀ ਦੀ ਦਰਗਾਹ, ਕਚਿਹਰੀ (court) ਦੇ ਸਾਹਮਣੇ ਮਨੁੱਖ ਨੂੰ ਪੇਸ਼ ਹੋਣਾ ਪੈਂਦਾ ਹੈ। ਇਸੇ ਸੋਚ ਅਧੀਨ ਮਨੁੱਖ ਇਥੇ ਮਨ ਮਰਜ਼ੀ, ਮਨਮੁਖਤਾ, ਮਾੜੀ ਕਰਤੂਤਾਂ ਵਾਲਾ ਜੀਵਨ ਜਿਊਂਦੇ ਅਤੇ ਹਰ ਤਰ੍ਹਾਂ ਦੇ ਗਲਤ ਕੰਮ ਕਰਦੇ ਹਨ ਕਿ ਮਰਨ ਮਗਰੋਂ ਮੇਰਾ ਸਰੀਰ ਤੇ ਅੱਗੇ ਜਾਣਾ ਹੀ ਨਹੀਂ, ਜੇ ਕਰ ਆਤਮਾ ਨੂੰ ਰੱਬੀ ਦਰਗਾਹ 'ਚ ਲੇਖਾ ਦੇਣਾ ਵੀ ਪਵੇਗਾ ਤਾਂ ਕੀ ! ਸਦੀਆਂ ਤੋਂ ਇਸੇ ਭੁਲੇਖੇ ਨੇ ਮਨੁੱਖ ਨੂੰ ਮਾੜੀ-ਨੀਵੀਂ, ਮੰਦ ਕਰਮੀ ਵਾਲੀ ਜੀਵਨੀ ਜਿਊਣ ਲਈ ਪ੍ਰੇਰਿਤ ਕੀਤਾ ਪਰ ਗੁਰਮਤ ਵਿੱਚ ਦ੍ਰਿੜਾਇਆ ਗਿਆ ਹੈ :-

1. **ਜਲਿ ਥਲਿ ਮਹੀਅਲਿ ਰਵਿ ਰਹਿਆ ਸੋਇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 728)
2. **ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦੁ।।** (ਗੁਰੂ ਗ੍ਰੰਥ ਸਾਹਿਬ, ਪੰਨਾ : 84)
3. **ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ।।** (ਗੁਰੂ ਗ੍ਰੰਥ ਸਾਹਿਬ, ਪੰਨਾ : 463)
4. **ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ।।** (ਗੁਰੂ ਗ੍ਰੰਥ ਸਾਹਿਬ, ਪੰਨਾ : 922)

ਐਸੇ ਅਨੇਕ ਹੀ ਪ੍ਰਮਾਣ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 'ਚ ਹਨ ਜਿਨ੍ਹਾਂ ਨੂੰ ਸੁਣ, ਪੜ ਕੇ ਵਿਚਾਰ ਸਕਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਨੁਸਾਰ ਰੱਬ ਜੀ ਅੱਜ ਹੀ ਇਸ ਸ੍ਰਿਸ਼ਟੀ 'ਚ ਮੌਜੂਦ ਹਨ। **"ਸਭਨਾ ਜੀਆ ਕਾ ਇਕੁ ਦਾਤਾ"** (ਗੁਰੂ ਗ੍ਰੰਥ ਸਾਹਿਬ, ਪੰਨਾ : 2) **"ਸਾਹਿਬੁ ਮੇਰਾ ਏਕੋ ਹੈ।।"** (ਗੁਰੂ ਗ੍ਰੰਥ ਸਾਹਿਬ, ਪੰਨਾ : 350) ਰਾਹੀਂ ਦ੍ਰਿੜਾਇਆ ਹੈ ਕਿ ਰੱਬ, ਖੁਦਾ, ਅੱਲਾਹ, ਰਾਮ, ਵਾਹਿਗੁਰੂ ਜੀ ਇਕ ਹਨ, ਪਰ ਅਸੀਂ ਸਰੀਰਕ ਮਰਨ ਮਗਰੋਂ ਵਾਲੇ ਇਕ ਹੋਰ ਰੱਬ ਜੀ ਸਮਝ ਰਹੇ ਹਾਂ। ਜੇ ਇਥੇ 'ਸਚੇ ਕਾ ਵਿਚਿ ਵਾਸੁ' ਭਾਵ ਹਰੇਕ ਜਗ੍ਹਾ, ਹਰ ਵੇਲੇ ਨਿਰੰਤਰ ਰੱਬ ਜੀ ਮੌਜੂਦ (present) ਹਨ ਤਾਂ ਮਰਨ ਮਗਰੋਂ ਵਾਲੇ ਅਲਗ ਕਿਹੜੇ ਹਨ ? ਕੀ ਦੋ ਰੱਬ ਜੀ ਹਨ ? ਨਹੀਂ, ਰੱਬ ਜੀ ਇਕੋ ਹੀ ਹਨ, ਹੁਣੇ ਇਥੇ ਹੀ ਹਨ, ਸਭ ਜਗ੍ਹਾ ਹਨ, ਸਭ ਦੇ ਹਿਰਦੇ 'ਚ ਹਨ ਤੇ ਉਨ੍ਹਾਂ ਦੀ ਦਰਗਾਹ ਵੀ ਅੱਜ ਹੀ, ਹੁਣੇ ਹੀ ਨਾਲੋ-ਨਾਲ ਸਾਡੇ ਸਭ ਦੇ ਅੰਦਰ ਚਲ ਰਹੀ ਹੈ। 'ਦਰਗਾਹ' ਮਰਨ ਮਗਰੋਂ ਕੋਈ ਹੈ ਕਿ ਨਹੀਂ, ਪਤਾ ਨਹੀਂ ਅਤੇ ਨਾ ਹੀ ਦਾਅਵਾ ਕਰ ਸਕਦੇ ਹਾਂ। ਪ੍ਰੋਢਾਵਾਦੀ ਢੰਗ ਨਾਲ ਦਰਗਾਹ, ਦੀਬਾਣ, ਲੇਖਾ ਰਬ ਮੰਗੇਸੀਆ ਬੈਠਾ ਕੱਢ ਵਹੀ, ਜੈਸੇ ਲਫ਼ਜ਼ ਵਰਤ ਕੇ 'ਸਤਿਗੁਰ' (ਸੱਚ

ਦਾ ਗਿਆਨ) ਰਾਹੀਂ ਮਨੁੱਖ ਨੂੰ ਦ੍ਰਿੜ ਕਰਵਾਇਆ ਹੈ ਕਿ ਅੰਦਰ ਬੈਠਾ ਰੱਬ, ਹਿਰਦੇ ਦੀ ਦਰਗਾਹ ਵਿਚ ਕਿਵੇਂ ਪਲ-ਪਲ ਨਿਆ ਕਰ ਰਿਹਾ ਹੈ।

ਸਦੀਆਂ ਤੋਂ ਪ੍ਰਚਲਤ ਅਖੌਤੀ ਵਿਸ਼ਵਾਸ ਹੇਠਾਂ ਅਸੀ ਮੰਨਦੇ ਆ ਰਹੇ ਹਾਂ ਕਿ ਸਰੀਰਕ ਮਰਨ ਮਗਰੋਂ ਦਰਗਾਹ ਜਾਵਾਂਗੇ, ਪਰ ਗੁਰੂ ਗ੍ਰੰਥ ਸਾਹਿਬ 'ਚੋਂ ਵਿਚਾਰਨਾ ਜ਼ਰੂਰੀ ਹੈ ਕਿ ਮਰਨ ਮਗਰੋਂ ਮਨੁੱਖ ਕਿੱਥੇ ਜਾਂਦਾ ਹੈ ?

1. **ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ।। ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ।। ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ।।**

   (ਗੁਰੂ ਗ੍ਰੰਥ ਸਾਹਿਬ, ਪੰਨਾ : 648)

   ਇਹ ਸ਼ਬਦ ਪੜ ਕੇ ਸਮਝ ਪੈਂਦੀ ਹੈ ਕਿ "ਕੋਈ ਨਹੀਂ ਦੱਸ ਸਕਦਾ ਕਿ ਮਰਨ ਮਗਰੋਂ ਕੌਣ ਕਿਥੇ ਜਾਂਦਾ ਹੈ ?"

2 . **ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ।। ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ।। ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ।। ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ।।** (ਗੁਰੂ ਗ੍ਰੰਥ ਸਾਹਿਬ, ਪੰਨਾ : 466) – ਇਸ ਸਾਰੇ ਸ਼ਬਦ ਰਾਹੀਂ ਦ੍ਰਿੜਾਇਆ ਹੈ ਕਿ ਮ੍ਰਿਤਕ ਪ੍ਰਾਣੀ ਦਾ ਭਾਵੇਂ ਜਿਵੇਂ ਮਰਜ਼ੀ ਅੰਤਮ ਸੰਸਕਾਰ ਕਰੋ ਪਰ ਇਹ ਰੱਬ ਜੀ ਹੀ ਜਾਣਨ ਕਿ ਮਨੁੱਖ ਦਾ ਮਰਨ ਮਗਰੋਂ ਕੀ ਹੁੰਦਾ ਹੈ। ਹਿੰਦੂ, ਇਸਲਾਮ, ਇਸਾਈ ਜਾਂ ਯਹੂਦੀ ਮਤ ਦੇ ਆਪਣੇ-ਆਪਣੇ ਫਲਸਫੇ ਹਨ ਕਿ ਇਸ ਤਰੀਕੇ ਨਾਲ ਮ੍ਰਿਤਕ ਪ੍ਰਾਣੀ ਦਾ ਅੰਤਮ ਸੰਸਕਾਰ ਕਰੋ ਤਾਂ ਮੁਕਤੀ ਹੁੰਦੀ ਹੈ, ਮਨੁੱਖ ਦਰਗਾਹ ਵਿਚ ਅੱਪੜਦਾ ਹੈ। ਉਨ੍ਹਾਂ ਦੇ ਫਲਸਫੇ ਉਨ੍ਹਾਂ ਨੂੰ ਮੁਬਾਰਕ ਪਰ **ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਉਨ੍ਹਾਂ ਸਭ ਤੋਂ ਵਿਕੋਲਿਤਰੀ, ਵਿਲੱਖਣ, ਅਤੇ ਦਲੀਲ ਭਰਪੂਰ ਹੈ ਕਿ "ਮਨੁੱਖ ਦੇ ਅੱਜ ਇਸੇ ਜੀਵਨ ਵਿਚ ਜੇ ਕਰਮ ਚੰਗੇ ਨਹੀਂ ਹਨ ਤਾਂ ਮਰਨ ਮਗਰੋਂ ਸਰੀਰ ਦਾ ਜੋ ਮਰਜ਼ੀ ਕਿਰਿਆ ਕਰਮ ਕਰੋ ਉਹ ਮਨੁੱਖ ਇਸੇ ਜੀਵਨ 'ਚ, ਜਿਊਂਦੇ ਜੀਅ, ਇਸ ਸਰੀਰ 'ਚ ਰਹਿੰਦਿਆਂ ਆਪਣੇ ਹਿਰਦੇ ਵਿਚ ਵਸਦੇ ਰੱਬ ਜੀ ਦੀ ਦਰਗਾਹ 'ਚ ਪਰਵਾਨ ਨਹੀਂ ਹੈ।"** ਇਸ ਦਾ ਮਤਲਬ ਮਰਨ ਮਗਰੋਂ ਕੀ ਹੁੰਦਾ ਹੈ, ਮਨੁੱਖ ਕਿੱਥੇ ਜਾਂਦਾ ਹੈ, ਕੋਈ ਨਹੀਂ ਦੱਸ ਸਕਦਾ। 'ਜੀਵਨ ਮੁਕਤ' 'ਜਿਊਂਦਿਆਂ ਮੁਕਤੀ' ਹੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿਧਾਂਤ ਹੈ ਅਤੇ ਇਸੇ ਨੁਕਤੇ ਨਿਗਾਹ ਨਾਲ ਹੀ 'ਦਰਗਾਹ' ਨੂੰ ਵਿਚਾਰਨਾ ਹੈ। ਜਿਊਂਦਿਆਂ ਹੀ ਇਸੇ ਸਰੀਰ 'ਚ ਦਰਗਾਹ, ਕਚਿਹਰੀ, ਧਰਮ, ਧਰਮਰਾਏ (ਧਰਮਰਾਜ, ਰੱਬ) ਅੰਦਰ ਬੈਠਾ ਨਿਆਂ ਕਰ ਰਿਹਾ ਹੈ।

**ਜੋ ਸਚਿ ਲਾਗੇ ਸੇ ਅਨਦਿਨੁ ਜਾਗੇ ਦਰਿ ਸਚੈ ਸੋਭਾ ਪਾਵਣਿਆ।।** (ਗੁਰੂ ਗ੍ਰੰਥ ਸਾਹਿਬ, ਪੰਨਾ : 110) ਜੋ ਮਨੁੱਖ ਸੱਚ ਭਾਵ 'ਸਤਿਗੁਰ' ਅਨੁਸਾਰ ਸੁਚੇਤ ਅਵਸਥਾ ਵਾਲਾ ਜੀਵਨ ਜਿਊਂਦੇ ਹਨ ਉਹ ਰੱਬੀ ਦਰ ਤੇ ਅੱਜ ਹੀ ਸ਼ੋਭਾ ਪਾਉਂਦੇ ਹਨ ਭਾਵ ਇਸੇ ਸਰੀਰ 'ਚ ਜਿਊਂਦਿਆ ਹੀ ਮੁਕਤ ਅਵਸਥਾ ਮਾਣਦੇ ਹਨ।

ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਮਨੁੱਖ ਨੂੰ **"ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ।।** (ਗੁਰੂ ਗ੍ਰੰਥ ਸਾਹਿਬ, ਪੰਨਾ : 488) ਵਾਲਾ ਉਪਦੇਸ਼ ਦਿੰਦੀ ਹੈ, ਨਕਦ ਜੀਵਨ, ਜਿਊਂਦਿਆਂ ਮੁਕਤੀ ਦ੍ਰਿੜਾਉਂਦੀ ਹੈ।

ਇਹ ਵਿਸ਼ਾ ਆਪਣੇ ਆਪ 'ਚ ਬਹੁਤ ਸੌਖਾ ਹੈ ਲੇਕਿਨ ਗੁਰੂ ਗ੍ਰੰਥ ਸਾਹਿਬ ਜੀ ਤੋਂ ਪਹਿਲੋਂ ਦੀਆਂ ਪੁਰਾਤਨ, ਅਖੌਤੀ, ਪ੍ਰਚਲਤ ਧਾਰਨਾਵਾਂ ਕਾਰਨ ਔਖਾ ਜਿਹਾ ਬਣ ਗਿਆ ਹੈ, ਇਸ ਕਰਕੇ ਇਸ ਮਜ਼ਮੂਨ ਬਾਰੇ

ਟਪਲਾ ਲਗ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਰਾਹੀਂ 'ਦਰਗਾਹ' ਦੀ ਪਰਿਭਾਸ਼ਾ ਬਾਰੇ ਸਮਝਣਾ ਸਾਡਾ ਫਰਜ਼ ਹੈ, ਜੋ ਕਿ ਸਾਰੀ ਦੁਨੀਆ ਲਈ ਵੀ ਕਾਰਗਰ ਹੈ। ਜੇ ਕਰ ਦੁਨੀਆ 'ਮਰਨ ਮਗਰੋਂ' ਕਿਸੀ 'ਦਰਗਾਹ, ਕਚਿਹਰੀ, ਦੀਬਾਣ' ਦੀ ਗਲ ਸਮਝਦੀ ਸੀ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 'ਚ ਪ੍ਰੋਢਾਵਾਦੀ ਢੰਗ ਨਾਲ ਉਹੋ ਲਫ਼ਜ਼ ਵਰਤ ਕੇ ਦ੍ਰਿੜਾਇਆ ਹੈ ਕਿ ਮਨੁੱਖ ਦੇ ਅੰਦਰ ਹੀ ਰੱਬ ਜੀ ਵਸਦੇ ਹਨ ਤੇ ਅੰਦਰ ਹੀ ਧਰਮ ਰੂਪੀ ਰਾਜੇ ਦੀ, ਨਿਆਉ ਕਰਨ ਵਾਲੀ 'ਦਰਗਾਹ' (ਕਚਿਹਰੀ, ਦੀਵਾਨ) ਲਗੀ ਹੋਈ ਹੈ। ਖੋਟੇ-ਖਰੇ ਅਤੇ ਚੰਗੇ-ਮੰਦੇ ਖ਼ਿਆਲ, ਸੋਚਣੀ ਸਭ ਅੰਦਰ ਹਿਰਦੇ 'ਚ ਹੀ ਪਰਖੇ ਜਾ ਰਹੇ ਹਨ, ਅਜ ਹੀ, ਹੁਣੇ ਹੀ, ਇਥੇ ਹੀ। ਆਓ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰਾਹੀਂ ਵਿਚਾਰੀਏ:-

(i) **ਪਉੜੀ :- ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ।। ਗੁਰ ਸਬਦੀ ਦਰੁ ਜਾਣੀਐ ਅੰਦਰਿ ਮਹਲੁ ਅਸਰਾਉ।। ਖਰੇ ਪਰਖਿ ਖਜਾਨੈ ਪਾਈਅਨਿ ਖੋਟਿਆ ਨਾਹੀ ਥਾਉ।। ਸਭੁ ਸਚੋ ਸਚੁ ਵਰਤਦਾ ਸਦਾ ਸਚੁ ਨਿਆਉ।। ਅੰਮ੍ਰਿਤ ਕਾ ਰਸੁ ਆਇਆ ਮਨਿ ਵਸਿਆ ਨਾਉ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1092)

**ਭਾਵ ਅਰਥ :-** ਮਨੁੱਖ ਦੇ ਅੰਦਰ ਜੀਆਂ ਦਾ ਮਾਲਿਕ ਬੈਠਾ ਹੈ। ਉਹ ਆਪ ਹੀ ਹਿਰਦੇ ਦੀ ਕਚਿਹਰੀ ਵਿਚ ਕੀਤੇ ਕਰਮਾਂ ਦਾ ਨਿਆਂ ਕਰੀ ਜਾਂਦਾ ਹੈ। ਹਿਰਦੇ ਰੂਪੀ ਮਹਲ ਦਾ ਦਰਵਾਜ਼ਾ ਸ਼ਬਦ ਗੁਰੂ, ਸਤਿਗੁਰ, ਸੱਚੇ ਗਿਆਨ ਰਾਹੀਂ ਖੁਲਦਾ ਹੈ।

ਕਿਸੇ ਵੀ ਦੇਸ਼ ਦੀ ਮੁਦਰਾ (currency) ਦੇ ਸਿੱਕੇ ਉਥੇ ਦੀ ਸਰਕਾਰ ਵਲੋਂ ਬਣਾਏ ਜਾਂਦੇ ਹਨ। ਇਨ੍ਹਾਂ ਸਿੱਕਿਆਂ ਵਿਚ ਚਾਂਦੀ, ਤਾਂਬਾ ਜਾਂ ਹੋਰ ਕੀਮਤੀ ਧਾਤਾਂ ਦੀ ਮਿਕਦਾਰ ਤੋਲਵੀਂ ਹੁੰਦੀ ਹੈ ਜੋ ਕਿ ਉਥੇ ਦੀ ਸਰਕਾਰ ਅਨੁਸਾਰ ਉਸਦੇ ਖਰੇ ਹੋਣ ਦੀ ਲਖਾਇਕ ਹੁੰਦੀ ਹੈ। ਜੇ ਉਸ ਖ਼ਾਸ ਸਿੱਕੇ ਦੀ ਕੀਮਤ ਅਨੁਸਾਰ, ਰੱਖੀ ਗਈ ਧਾਤਾਂ ਦੀ ਮਿਕਦਾਰ, ਘੱਟ-ਵੱਧ ਹੋ ਗਈ ਹੋਵੇ ਤਾਂ ਲਾਜ਼ਮੀ ਹੈ ਕਿ ਮਿਲਾਵਟ ਕੀਤੀ ਗਈ ਹੈ ਅਤੇ ਉਹ ਸਿੱਕਾ ਖੋਟਾ ਕਹਿਲਾਉਂਦਾ ਹੈ। ਮੋਹਰਾਂ ਜਾਂ ਅਸ਼ਰਫ਼ੀਆਂ ਵਰਗੀ ਸੋਨੇ, ਚਾਂਦੀ ਨਾਲ ਬਣੀ ਕੀਮਤੀ ਮੁਦਰਾ ਨੂੰ ਅੱਜ ਦੇ ਜ਼ਮਾਨੇ ਦੇ ਸਿੱਕੇ ਨਾਲ ਬਦਲਿਆ ਗਿਆ ਅਸੀਂ ਵੇਖਦੇ ਹਾਂ। ਦੁਕਾਨਦਾਰ ਜਾਂ ਜੌਹਰੀ ਕਸਵੱਟੀ ਰਾਹੀਂ ਮਿਲਾਵਟ ਵਾਲੀ ਮੋਹਰ, ਅਸ਼ਰਫ਼ੀ, ਹੀਰੇ ਜਵਾਹਰਾਤ ਨੂੰ ਪਰਖ ਲੈਂਦੇ ਹਨ ਅਤੇ ਖੋਟੇ ਖਰੇ ਸਿੱਕੇ ਵੀ ਉਸੀ ਤਰੀਕੇ ਨਾਲ ਪਰਖ ਲਏ ਜਾਂਦੇ ਹਨ। ਸਿੱਟੇ ਵਜੋਂ ਖੋਟਾ ਸਿੱਕਾ ਬਾਜ਼ਾਰ ਵਿਚ ਕਬੂਲ ਨਹੀਂ ਹੁੰਦਾ ਅਤੇ ਕੁਝ ਵੀ ਵਿਹਾਝਨ ਦੇ ਕੰਮ ਨਹੀਂ ਆਉਂਦਾ। ਉਸ ਦੇਸ਼ ਦੀ ਸਰਕਾਰ ਐਸੇ ਖੋਟੇ ਸਿੱਕਿਆਂ ਨੂੰ ਬਾਜ਼ਾਰ ਵਿਚ ਵਰਤਣ ਤੋਂ ਰੋਕ ਲਗਾ ਦਿੰਦੀ ਹੈ।

ਇਸੇ ਵਿਚਾਰ ਨੂੰ **'ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉਂ'** ਨਾਲ ਢੁਕਾ ਕੇ ਪਉੜੀ ਦੇ ਭਾਵ ਅਰਥ ਨੂੰ ਸਮਝਦੇ ਹਾਂ। ਸਰਕਾਰ ਮਾਨੋ ਕਿ ਜਿਵੇਂ ਰੱਬ ਜੀ ਸਾਡੇ ਅੰਦਰ ਬੈਠਾ ਧਰਮ ਰੂਪੀ, ਨਿਆਂ ਭਰਪੂਰ ਰਾਜਾ ਹਨ। ਸਤਿਗੁਰ ਭਾਵ ਸੱਚ ਦੇ ਗਿਆਨ ਰਾਹੀਂ ਉਸ ਮਹਲ ਦਾ ਪਤਾ ਲੱਗ ਜਾਂਦਾ ਹੈ, ਜਿਸ ਵਿਚ ਰੱਬ ਜੀ ਤਖ਼ਤ ਲਗਾ ਕੇ ਬੈਠੇ ਨਿਆਂ ਕਰ ਰਹੇ ਹਨ। ਰੱਬੀ ਗੁਣ 'ਖਰੇ ਖ਼ਜ਼ਾਨੇ' ਦੇ ਸਿੱਕੇ ਹਨ ਅਤੇ ਅਵਗੁਣ ਖੋਟੇ ਸਿੱਕੇ ਹਨ। ਅਵਗੁਣਾਂ ਦੀ ਜਿਤਨੀ ਜ਼ਿਆਦਾ ਮਿਲਾਵਟ ਸਾਡੇ ਕਿਰਦਾਰ ਵਿਚ ਹੁੰਦੀ ਹੈ, ਉਤਨੀ ਹੀ ਸਾਡੀ ਸ਼ਖ਼ਸੀਅਤ 'ਮੈਲੇ ਮਨ' (ਖੋਟ) ਵਾਲੀ ਹੁੰਦੀ ਹੈ। ਜਿਵੇਂ ਬਾਜ਼ਾਰ ਵਿਚ ਖੋਟੇ ਸਿੱਕੇ ਨਹੀਂ ਚਲਦੇ ਉਵੇਂ ਹੀ ਧਾਰਮਕ ਦੁਨੀਆ ਵਿਚ, ਅੰਤਰਆਤਮਾ ਦੀ ਰੱਬੀ ਦਰਗਾਹ ਵਿਚ ਅਵਗੁਣਾਂ ਰੂਪੀ ਖੋਟੇ ਸਿੱਕੇ ਨਹੀਂ ਚੱਲਦੇ ਕਿਉਂਕਿ ਸਾਡੇ ਹਿਰਦੇ ਵਿਚ

ਤਖ਼ਤ, ਦਰਗਾਹ, ਦੀਬਾਨ 'ਚ ਰੱਬੀ ਤਰਾਜੂ ਲੱਗਿਆ ਹੈ, ਜਿਥੇ ਹਮੇਸ਼ਾ ਨਿਆਂ ਹੁੰਦਾ ਹੈ ਅਤੇ ਖੋਟੇ ਖਰੇ ਪਰਖੇ ਜਾਂਦੇ ਹਨ।

ਸਿੱਟੇ ਵਜੋਂ ਰੱਬੀ ਦਰਗਾਹ ਵਿਚ ਖੋਟਿਆਂ ਨੂੰ ਥਾਉਂ ਨਹੀ ਮਿਲਦੀ ਭਾਵ, ਰੱਬੀ ਇਕਮਿਕਤਾ ਪ੍ਰਾਪਤ ਨਹੀਂ ਹੁੰਦੀ ਕਿਉਂਕਿ ਉਥੇ ਹਮੇਸ਼ਾ ਸੱਚ ਵਰਤਦਾ ਹੈ ਅਤੇ ਸੱਚਾ ਨਿਆਉਂ ਹੀ ਹੁੰਦਾ ਹੈ। ਸਤਿਗੁਰ (divine wisdom) ਰਾਹੀਂ ਜਿਨ੍ਹਾਂ ਨੂੰ ਇਹ ਸੱਚ ਅਤੇ ਸੱਚਾ ਨਿਆਂ ਸਮਝ ਪੈ ਜਾਂਦਾ ਹੈ ਉਹ ਰੱਬੀ ਗੁਣਾਂ ਵਾਲਾ ਖਰਾ ਜੀਵਨ ਅਮਲੀ ਤੌਰ ਤੇ ਜਿਊਣ ਦੇ ਲਾਇਕ ਹੋ ਜਾਂਦੇ ਹਨ, ਜੋ ਕਿ ਅੰਮ੍ਰਿਤ ਦਾ ਲਖਾਇਕ ਹੈ।

ਪ੍ਰਾਢਾਵਾਦੀ ਬੋਲੀ ਰਾਹੀਂ ਵਰਤੇ ਗਏ ਖੋਟੇ ਖਰੇ ਲਫ਼ਜ਼ਾਂ ਦੁਆਰਾ ਇਹੋ ਸਮਝਣਾ ਹੈ ਕਿ ਅੰਦਰ ਦੇ ਰਾਜਾ ਭਾਵ ਰੱਬ ਜੀ ਨਾਲੋ-ਨਾਲ ਨਿਬੇੜਾ ਕਰ ਦਿੰਦੇ ਹਨ। ਸੱਚਾ ਨਿਆਉ ਇਹੋ ਹੈ ਕਿ ਅਵਗੁਣ (ਖੋਟ) ਵਾਲੇ ਜੀਵਨ ਵਿਚ ਮਨੁੱਖ ਅਸ਼ਾਂਤ, ਦੁਖੀ, ਕਾਮੀ, ਕ੍ਰੋਧੀ, ਲੋਭੀ, ਲਾਲਚੀ ਅਤੇ ਅਸੰਤੋਖੀ ਹੋ ਜਾਂਦਾ ਹੈ ਅਤੇ ਜੋ ਮਨੁੱਖ ਆਤਮਕ ਚੈਨ, ਸੁੱਖ, ਸ਼ਾਂਤੀ, ਸਹਿਜ, ਸੰਤੋਖ, ਸ਼ੀਤਲਤਾ ਵਾਲਾ ਜੀਵਨ ਜਿਊਂਦਾ ਹੈ, ਉਸ ਨੂੰ ਰੱਬੀ ਗੁਣਾਂ ਵਾਲਾ ਜੀਵਨ (ਖਰਾ) ਸਤਿਗੁਰ (divine wisdom) ਰਾਹੀਂ ਪ੍ਰਾਪਤ ਹੁੰਦਾ ਹੈ। ਸੋ ਅੰਦਰ ਦੀ ਦਰਗਾਹ ਵਿਚ ਕਸਵੱਟੀ, ਤਰਾਜੂ, ਸੱਚਾ ਨਿਆਉ, (ਧਰਮ ਰਾਜ) ਅਵਗੁਣਾਂ ਵਾਲੀ ਜੀਵਨੀ ਦੇ ਖੋਟੇ ਅਤੇ ਗੁਣਾਂ ਭਰਪੂਰ ਜੀਵਨੀ ਦੇ ਖਰੇ ਹੋਣ ਦਾ ਲਖਾਇਕ ਹੈ।

ਇਸ ਵਿਚਾਰ ਨੂੰ ਅਗਾਂਹ ਤੋਰਨ ਲਈ ਇਕ ਹੋਰ ਸ਼ਬਦ ਲੈਂਦੇ ਹਾਂ ਤਾ ਕਿ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਸਾਨੂੰ ਇਹ ਸਮਝ ਪੈ ਜਾਵੇ ਕਿ 'ਦਰਗਾਹ ਪਰਵਾਨ' ਜਾਂ ਰੱਬੀ ਦਰ 'ਚ ਜਿਊਣਾ ਕਿਸਨੂੰ ਕਹਿੰਦੇ ਹਨ ? ਸਰੀਰਕ ਮੌਤ ਮਗਰੋਂ ਵਾਲੀ 'ਦਰ, ਦਰਗਾਹ, ਕਚਿਹਰੀ' ਬਦਲੇ ਸਾਨੂੰ ਅੱਜ ਹੀ ਸਮਝ ਪੈ ਜਾਵੇ ਕਿ ਮੇਰੇ ਅੰਦਰ ਅੱਜ ਹੀ ਹਰੇਕ ਕਰਮ, ਖਿਆਲ, ਫੁਰਨੇ ਦੀ ਪਰਖ ਹੋ ਰਹੀ ਹੈ ਅਤੇ ਹੁਣੇ ਹੀ ਨਿਬੇੜਾ ਹੋ ਰਿਹਾ ਹੈ।

**ਜਾ ਪਕਾ ਤਾ ਕਟਿਆ ਰਹੀ ਸੁ ਪਲਰਿ ਵਾੜਿ।। ਸਣ ਕੀਸਾਰਾ ਚਿਥਿਆ ਕਣੁ ਲਇਆ ਤਨੁ ਝਾੜਿ।। ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ।। ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ।।੧।।** (ਗੁਰੂ ਗ੍ਰੰਥ ਸਾਹਿਬ, ਪੰਨਾ : 142)

**ਭਾਵ ਅਰਥ :-** ਸਾਰੇ ਸ਼ਬਦ 'ਚ ਕਣਕ ਦੀ ਫਸਲ ਪੱਕਣ, ਕੱਟਣ, ਦਾਣੇ ਕੱਢਣ ਅਤੇ ਪੀਸਣ ਦਾ ਦ੍ਰਿਸ਼ ਵਰਤ ਕੇ ਦੱਸਿਆ ਹੈ ਕਿ ਜੋ ਦਾਣੇ (ਮਨੁੱਖ) ਚੱਕੀ ਦੇ ਕਿੱਲੇ (ਰੱਬੀ ਦਰ, ਸੱਚ ਨਾਲ, ਸੱਚ ਦਾ ਗਿਆਨ, ਸਤਿਗੁਰ) ਨੇੜੇ ਰਹਿੰਦੇ ਹਨ, ਉਹ ਵਿਕਾਰਾਂ ਹਥੀਂ ਪਿੱਸ ਜਾਣ ਤੋਂ ਬੱਚ ਜਾਂਦੇ ਹਨ। ਜਿਊਂਦਿਆਂ ਜੀਅ ਇਥੇ ਹੀ ਸਤਿਗੁਰ (divine wisdom) ਰਾਹੀਂ ਅਮਲੀ ਜੀਵਨੀ ਜਿਊਣ ਵਾਲੇ ਮਨੁੱਖ ਹੀ ਰੱਬੀ ਦਰ, ਦਰਗਾਹ 'ਚ ਹਾਜ਼ਰ ਮੰਨੇ ਜਾਂਦੇ ਹਨ।

**ਮਾਣਸਾ ਕਿਅਹੁ ਦੀਬਾਣਹੁ ਕੋਈ ਨਸਿ ਭਜਿ ਨਿਕਲੈ ਹਰਿ ਦੀਬਾਣਹੁ ਕੋਈ ਕਿਥੈ ਜਾਇਆ।। ਸੋ ਐਸਾ ਹਰਿ ਦੀਬਾਨੁ ਵਸਿਆ ਭਗਤਾ ਕੈ ਹਿਰਦੈ ਤਿਨਿ ਰਹਦੇ ਖੁਹਦੇ ਆਣਿ ਸਭਿ ਭਗਤਾ ਅਗੈ ਖਲਵਾਇਆ।।** (ਗੁਰੂ ਗ੍ਰੰਥ ਸਾਹਿਬ, ਪੰਨਾ : 591) ਇਸ ਸ਼ਬਦ ਵਿਚ 'ਦਰਗਾਹ' ਦੀਬਾਣ ਬਾਰੇ ਸਮਝਾਇਆ ਹੈ ਕਿ ਰੱਬੀ ਦਰਗਾਹ, ਦੀਬਾਣ ਤੋਂ ਕੋਈ ਮਨੁੱਖ ਬਚ ਨਹੀਂ ਸਕਦਾ। ਮਨੁੱਖਾਂ ਵਲੋਂ ਬਣਾਈ ਕਚਿਹਰੀ, ਕਾਨੂੰਨ ਤੋਂ ਭਾਵੇਂ ਕੋਈ ਨੱਸ ਬੱਚ ਜਾਵੇ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 'ਚ ਦਰਗਾਹ, (ਦਰ, ਮਹਲ) ਵਿਚ ਅੱਜ ਹੀ ਕਬੂਲ ਹੋਣ ਦੀ ਵਿਚਾਰਧਾਰਾ ਨੂੰ ਦ੍ਰਿੜ ਕਰਵਾਇਆ ਹੈ। ਜੇ ਕਰ ਸਤਿਗੁਰ (ਗਿਆਨ-ਗੁਰੂ) ਨਾਲ ਜੁੜ ਕੇ ਅਮਲਾਂ ਭਰਪੂਰ ਜੀਵਨੀ ਜਿਊ ਰਹੇ ਹਾਂ ਤਾਂ ਦਰਗਾਹ 'ਚ ਕਬੂਲ ਹਾਂ, ਵਰਨਾ ਮਾੜੀਆਂ ਕਰਤੂਤਾਂ ਵਾਲਾ ਜੀਵਨ ਅੱਜ ਹੀ ਦਰਗਾਹ 'ਚ ਕਬੂਲ ਨਹੀਂ।

ਯਾਦ ਰਖਣਾ ਹੈ ਕਿ ਸਰੀਰਕ ਮਰਨ ਮਗਰੋਂ ਨਹੀਂ ਬਲਕਿ ਇਸੇ ਜੀਵਨ 'ਚ ਜਿਉਂਦਿਆਂ ਹੀ ਇਹ ਸਭ ਕੁਝ ਵਾਪਰਦਾ ਹੈ।

1. **ਜਿਨ ਸਾਸਿ ਗਿਰਾਸਿ ਧਿਆਇਆ ਮੇਰਾ ਹਰਿ ਹਰਿ ਸੇ ਸਾਚੀ ਦਰਗਹ ਹਰਿ ਜਨ ਬਣੇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1135)
2. **ਕਲਿ ਕਲੇਸ ਮਿਟਾਏ ਸਤਿਗੁਰੁ ਹਰਿ ਦਰਗਹ ਦੇਵੈ ਮਾਨਾਂ ਹੇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1075)
3. **ਨਾਨਕ ਨਾਮੁ ਜਪਤ ਸੁਖੁ ਊਪਜੈ ਦਰਗਹ ਪਾਈਐ ਥਾਉ।।** (ਗੁਰੂ ਗ੍ਰੰਥ ਸਾਹਿਬ, ਪੰਨਾ : 963)
4. **ਜਿਨੀ ਪਛਾਤਾ ਖਸਮੁ ਸੇ ਦਰਗਾਹ ਮਲ।।** (ਗੁਰੂ ਗ੍ਰੰਥ ਸਾਹਿਬ, ਪੰਨਾ : 964)
5. **ਸੇ ਦਰਗਹ ਪੈਧੇ ਜਾਹਿ ਜਿਨਾ ਹਰਿ ਜਪਿ ਲਇਆ।।** (ਗੁਰੂ ਗ੍ਰੰਥ ਸਾਹਿਬ, ਪੰਨਾ : 645)
6. **ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ।।** (ਗੁਰੂ ਗ੍ਰੰਥ ਸਾਹਿਬ, ਪੰਨਾ : 517)
7. **ਜੋ ਸਚਿ ਲਾਗੇ ਸੇ ਅਨਦਿਨੁ ਜਾਗੇ ਦਰਿ ਸਚੈ ਸੋਭਾ ਪਾਵਣਿਆ।।** (ਗੁਰੂ ਗ੍ਰੰਥ ਸਾਹਿਬ, ਪੰਨਾ : 110)
8. **ਸਦਾ ਨਿਕਟਿ ਨਿਕਟਿ ਹਰਿ ਜਾਨੁ।। ਸੋ ਦਾਸੁ ਦਰਗਹ ਪਰਵਾਨੁ।।** (ਗੁਰੂ ਗ੍ਰੰਥ ਸਾਹਿਬ, ਪੰਨਾ : 275)

ਇਸ ਕਿਸਮ ਦੇ ਅਨੇਕ ਪ੍ਰਮਾਣ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਮਿਲਦੇ ਹਨ, ਜਿਨ੍ਹਾਂ ਦਾ ਭਾਵ ਅਰਥ ਮਨੁੱਖਾ ਜੀਵਨ ਜਿਉਂਦਿਆਂ, ਜੀਵਨ ਮੁਕਤ ਅਵਸਥਾ ਦੀ ਪ੍ਰਾਪਤੀ ਹੈ ਅਤੇ ਮਨੁੱਖ ਨੂੰ ਮੰਦੇ ਕਰਮਾਂ, ਖ਼ਿਆਲਾਂ, ਕਰਤੂਤਾਂ ਤੋਂ ਉਪਰ ਚੁੱਕ ਕੇ ਸਦਗੁਣੀ, ਰੱਬੀ ਗੁਣ ਭਰਪੂਰ ਉਚੇ ਆਚਰਣ ਵਾਲਾ ਬਣਾ ਕੇ ਰੱਬੀ ਦਰਗਾਹ 'ਚ 'ਅਜ ਹੀ ਕਬੂਲ' ਕਰਵਾਉਣ ਦਾ ਸਤਿਗੁਰ (universal truth) ਦ੍ਰਿੜ ਕਰਵਾਇਆ ਹੈ। ਇਸ ਤੋਂ ਉਲਟ ਜੋ ਮਨੁੱਖ ਮੰਦੇ ਕਰਮਾਂ, ਖ਼ਿਆਲਾਂ ਵਾਲੀ, ਅਵਗੁਣੀ ਜੀਵਨੀ ਜਿਊ ਰਹੇ ਹਨ, ਉਨ੍ਹਾਂ ਨੂੰ ਤਾੜਨਾ ਕਰਕੇ ਸੁਚੇਤ ਕੀਤਾ ਹੈ ਕਿ ਦਰਗਾਹ, ਦਰ, ਕਚਿਹਰੀ ਦੀਬਾਣ 'ਚ, ਅੱਜ ਹੀ ਰੱਬ ਜੀ ਵਲੋਂ 'ਕਬੂਲ ਨਹੀਂ' ਹੋ, ਭਾਵ ਰੱਬੀ ਨਜ਼ਰ 'ਚ ਪਰਵਾਨ ਨਹੀਂ ਹੋ ਰਹੇ ਹੋ।

1. **ਨਾਨਕ ਬਦਰਾ ਮਾਲ ਕਾ ਭੀਤਰਿ ਧਰਿਆ ਆਣਿ।। ਖੋਟੇ ਖਰੇ ਪਰਖੀਅਨਿ ਸਾਹਿਬ ਕੈ ਦੀਬਾਣਿ।।** (ਗੁਰੂ ਗ੍ਰੰਥ ਸਾਹਿਬ, ਪੰਨਾ : 789)
2. **ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ।। ਮਤੁ ਸਰਮਿੰਦਾ ਥੀਵਈ ਸਾਂਈ ਦੈ ਦਰਬਾਰਿ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1381)
3. **ਦੁਲਭ ਦੇਹ ਸਵਾਰਿ।। ਜਾਹਿ ਨ ਦਰਗਹ ਹਾਰਿ।।** (ਗੁਰੂ ਗ੍ਰੰਥ ਸਾਹਿਬ, ਪੰਨਾ : 895)
4. **ਦਰਿ ਘਰਿ ਢੋਈ ਨ ਲਹੈ ਦਰਗਹ ਝੂਠੁ ਖੁਆਰੁ।।** (ਗੁਰੂ ਗ੍ਰੰਥ ਸਾਹਿਬ, ਪੰਨਾ : 19)
5. **ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1383)
6. **ਨਿਰਵੈਰੈ ਸੰਗਿ ਵੈਰੁ ਰਚਾਵੈ ਹਰਿ ਦਰਗਹ ਓਹੁ ਹਾਰੈ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1217)
7. **ਗੁਣ ਛੋਡਿ ਅਉਗਣ ਕਮਾਵਦੇ ਦਰਗਹ ਹੋਹਿ ਖੁਆਰੁ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1284)
8. **ਮਨਿ ਤਨਿ ਝੂਠੇ ਕੂੜੁ ਕਮਾਵਹਿ ਦੁਰਮਤਿ ਦਰਗਹ ਹਾਰਾ ਹੇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1029)
9. **ਆਪਸ ਤੇ ਊਪਰਿ ਸਭ ਜਾਨਹੁ ਤਉ ਦਰਗਹ ਸੁਖੁ ਪਾਵਹੁ।।** (ਗੁਰੂ ਗ੍ਰੰਥ ਸਾਹਿਬ, ਪੰਨਾ : 883)

10. **ਹਰਿ ਦਰਗਹ ਢੋਈ ਨ ਲਹਨਿ੍ ਮੇਰੀ ਜਿੰਦੁੜੀਏ ਜੋ ਮਨਮੁਖ ਪਾਪਿ ਲੁਭਾਣੇ ਰਾਮ।।** (ਗੁਰੂ ਗ੍ਰੰਥ ਸਾਹਿਬ, ਪੰਨਾ : 540)

11. **ਜਿਉ ਨਿਗੁਰਾ ਬਹੁ ਬਾਤਾ ਜਾਣੈ ਓਹੁ ਹਰਿ ਦਰਗਹ ਹੈ ਭ੍ਰਸਟੀ।।** (ਗੁਰੂ ਗ੍ਰੰਥ ਸਾਹਿਬ, ਪੰਨਾ : 528)

12. **ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 473)

13. **ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ।।** (ਗੁਰੂ ਗ੍ਰੰਥ ਸਾਹਿਬ, ਪੰਨਾ : 469)

ਸਮਝਣ ਵਾਲਾ ਨੁਕਤਾ ਹੈ ਕਿ ਗੁਰਮਤ ਵਿਚਾਰਧਾਰਾ ਅਨੁਸਾਰ ਮਨੁੱਖ ਦੇ ਅੰਦਰ ਅੱਜ ਹੀ, ਇਸੇ ਸਰੀਰ ਵਿਚ, ਜੀਵਨ ਜਿਉਂਦਿਆ ਅੰਦਰ ਰਾਜਾ ਤਖਤ, ਰੱਬੀ ਦਰਗਾਹ, ਦੀਬਾਣ 'ਚ ਰੱਬ ਜੀ, ''ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ'' ਅਨੁਸਾਰ ਨਾਲੋ ਨਾਲ ਫੈਸਲਾ ਕਰ ਰਹੇ ਹਨ। ਇਸ ਕਰਕੇ ਮਨੁੱਖ ਨੂੰ ਅੱਜ ਹੀ 'ਜੀਵਨ-ਮੁਕਤ' ਹੋਣ ਲਈ ਮਾੜੇ ਕਰਮਾਂ ਖ਼ਿਆਲਾਂ ਜੈਸੇ ਵਿਕਾਰਾਂ ਰੂਪੀ ਜਮਾਂ ਤੋਂ ਛੁੱਟਣਾ ਹੈ ਤਾ ਕਿ ਅੱਜ ਹੀ ਰੱਬੀ 'ਦਰਗਾਹ 'ਚ ਕਬੂਲ' ਹੋ ਜਾਵੇ, 'ਪਤ ਰਹਿ ਆਵੇ', 'ਲੇਖਾ ਨਿਬੜ ਜਾਵੇ'।

## ਅੰਤਕਾਲ

ਜਦੋਂ ਮਨੁੱਖ ਸਰੀਰਕ ਤੌਰ 'ਤੇ ਮਰ ਜਾਂਦਾ ਹੈ ਤਾਂ ਇਸਨੂੰ ਉਸਦਾ 'ਅੰਤਕਾਲ' ਜਾਂ 'ਅੰਤਮ ਸਮਾਂ' ਕਿਹਾ ਜਾਂਦਾ ਹੈ। ਮਨੁੱਖ ਦੇ ਅੰਤ ਸਮੇਂ ਨੂੰ ਲੈ ਕੇ ਲੋਕਾਂ ਵਿਚ ਅੰਧਵਿਸ਼ਵਾਸ ਅਤੇ ਅਗਿਆਨਤਾ ਕਾਰਨ ਕਈ ਤਰ੍ਹਾਂ ਦੇ ਭੁਲੇਖੇ ਪਏ ਹੋਏ ਹਨ। ਇਨ੍ਹਾਂ ਭੁਲੇਖਿਆਂ ਕਾਰਨ ਹੀ ਕਈ ਲੋਕੀ ਮਰਨ ਵਾਲੇ ਮਨੁੱਖ ਦੇ ਹੱਥ ਉੱਤੇ ਸੋਨੇ ਚਾਂਦੀ ਦੇ ਸਿੱਕੇ ਰੱਖ ਦਿੰਦੇ ਅਤੇ ਦੇਸੀ ਘਿਓ ਪਾ ਕੇ ਦੀਵਾ ਜਗਾ ਦਿੰਦੇ ਹਨ। ਇਸ ਪਿੱਛੇ ਇਹ ਸੋਚ ਕੰਮ ਕਰ ਰਹੀ ਹੁੰਦੀ ਹੈ ਕਿ ਮਰਨ ਤੋਂ ਬਾਅਦ ਵਾਲੇ ਰਸਤੇ 'ਚ ਹਨ੍ਹੇਰਾ ਹੋਵੇਗਾ ਅਤੇ ਖਾਣ-ਪੀਣ, ਪਹਿਨਣ ਆਦਿ ਬਾਰੇ ਖਰਚੇ ਦੀ ਲੋੜ ਪਏਗੀ। ਅਜਿਹੇ ਅਨੇਕ ਕਰਮਕਾਂਡ ਹਨ, ਜਿਨ੍ਹਾਂ 'ਚੋਂ ਇਕ 'ਚ ਤਾਂ ਮਨੁੱਖ ਨੂੰ ਮੰਜੇ ਤੋਂ ਥੱਲੇ ਵੀ ਉਤਾਰ ਦਿੱਤਾ ਜਾਂਦਾ ਹੈ ਕਿਉਂਕਿ ਲੋਕੀ ਮੰਨਦੇ ਹਨ ਕਿ 'ਮੰਜੇ 'ਤੇ ਮਰਨ ਨਾਲ ਨਰਕ 'ਚ ਜਾਈਦਾ ਹੈ'। ਮਨੁੱਖ ਦੇ ਮਰਨ ਤੋਂ ਬਾਅਦ ਅਨੇਕ ਕਿਰਿਆ-ਕਰਮ, ਭਰਮ, ਪਾਖੰਡ, ਧਰਮ ਦੇ ਨਾਮ ਹੇਠਾਂ ਕੀਤੇ ਜਾਂਦੇ ਹਨ। ਜੇ ਉਹ ਕਿਰਿਆ ਕਰਮ, ਪਾਖੰਡ, ਸੰਸਕਾਰ ਨਾ ਕੀਤੇ ਜਾਣ ਤਾਂ ਮੰਨਿਆ ਜਾਂਦਾ ਹੈ ਕਿ ਮਰਨ ਵਾਲੇ ਪ੍ਰਾਣੀ ਦੀ ਰੂਹ ਭਟਕਦੀ ਰਹੇਗੀ, ਹਨੇਰੇ 'ਚ ਧੱਕੇ ਖਾਂਦੀ ਰਹੇਗੀ, ਸਵਰਗ ਬਦਲੇ ਨਰਕ 'ਚ ਚਲੀ ਜਾਵੇਗੀ ਆਦਿ। ਭਰਮ, ਸੰਸੇ, ਡਰ, ਤੌਖਲੇ ਕਾਰਨ, ਬਹੁਤ ਕੁਝ ਅਗਿਆਨਤਾ ਵੱਸ ਦੁਨੀਆ ਅਖੌਤੀ 'ਅੰਤ ਕਾਲ' ਸਮੇਂ ਕਰਦੀ ਰਹਿੰਦੀ ਹੈ।

'ਅੰਤਕਾਲ' ਬਾਰੇ ਵਿਚਾਰਨ ਤੋਂ ਪਹਿਲਾਂ ਅਸੀ ਸਤਿਗੁਰ (universal truth) ਰਾਹੀਂ ਦ੍ਰਿੜ੍ਹਾਏ ਗੁਰਮਤ ਦੇ ਮੁਢਲੇ ਸਿਧਾਂਤ ਨੂੰ ਵਿਚਾਰਦੇ ਹਾਂ ਕਿ **ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 472) ਭਾਵ ਰੱਬੀ ਹੁਕਮ, ਨਿਯਮ, ਕਾਨੂੰਨ ਅਨੁਸਾਰ ਅਸੀਂ ਸਰੀਰਕ ਜਨਮ ਪ੍ਰਾਪਤ ਕਰਦੇ ਹਾਂ ਅਤੇ ਸਰੀਰਕ ਅੰਤ ਵੀ ਹੁੰਦਾ ਹੈ। ਇਹ ਕੁਦਰਤ ਦਾ ਅਟਲ ਨਿਯਮ ਹੈ। ਇਸੇ ਨੂੰ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ 'ਚ ਰੱਬੀ ਰਜ਼ਾ ਦੇ ਅੰਦਰ ਚਲਣਾ ਕਿਹਾ ਗਿਆ ਹੈ। **'ਤੇਰਾ ਕੀਆ ਮੀਠਾ ਲਾਗੈ।।', 'ਹੁਕਮਿ ਰਜਾਈ ਚਲਣਾ'** ਅਨੁਸਾਰ ਇਸ ਨੂੰ ਸਿਰ ਮਥੇ ਮੰਨ ਕੇ ਚਲਣਾ ਹੀ ਗੁਰਮਤ ਦਾ ਮੁਢਲਾ ਸਿਧਾਂਤ ਹੈ। ਇਸ ਨੂੰ ਸਾਇੰਸ ਵੀ ਸਿਰ ਝੁਕਾ ਕੇ ਮੰਨਦੀ ਹੈ ਕਿ **'ਜੋ ਉਪਜਿਓ ਸੋ ਬਿਨਸਿ ਹੈ'** ਅਰਥਾਤ ਇਥੇ ਜੋ ਕੁਝ ਵੀ ਪਦਾਰਥ ਰੂਪ 'ਚ ਅਸੀਂ ਅੱਖਾਂ

ਨਾਲ ਵੇਖ ਸਕਦੇ ਹਾਂ ਉਹ ਸਭ ਕੁਝ ਬਿਨਸਨਹਾਰ ਹੈ। ਭਾਵੇਂ ਕੋਈ ਵੀ ਚੀਜ਼, ਮਨੁੱਖ, ਪਸ਼ੂ-ਪੰਛੀ ਕਿਤਨੀ ਵੀ ਉਮਰ ਜਾਂ ਸਮੇਂ ਲਈ ਰਹੇ ਆਖਿਰ ਉਸਨੇ ਬਿਨਸਨਾ ਹੀ ਹੈ। ਕਿਸੇ ਵੀ ਤਰੀਕੇ ਨਾਲ ਪੈਸਾ, ਯੋਗਾ, ਦਵਾਈਆਂ ਜਾਂ ਅਖੌਤੀ ਧਾਰਮਕ ਕਰਮਕਾਂਡ ਨਾਲ, ਇਸ ਸ੍ਰਿਸ਼ਟੀ 'ਚ ਹਮੇਸ਼ਾ ਲਈ ਕੋਈ ਨਹੀਂ ਰਹਿ ਸਕਦਾ। ਇਹ ਸਭ ਅਸੀਂ ਸਰੀਰਕ ਮਰਨ ਬਾਰੇ ਵਿਚਾਰ ਰਹੇ ਹਾਂ, ਇਸ ਤੋਂ ਮੁਨਕਰ ਹੋਣਾ ਕਿ ਸਰੀਰਕ ਮੌਤ ਆਵੇ ਹੀ ਨਾ ਜਾਂ ਜਨਮ ਹੋਵੇ ਹੀ ਨਾ - ਰੱਬੀ ਰਜ਼ਾ ਤੋਂ ਬਿਲਕੁਲ ਮੁਨਕਰ ਹੋਣਾ ਹੈ। ਸੋ ਗੁਰਮਤ 'ਚ ਰੱਬੀ ਰਜ਼ਾ ਅਨੁਸਾਰ ਜਿਊਣਾ ਦ੍ਰਿੜਾਇਆ ਗਿਆ ਹੈ।

ਜੇਕਰ ਕੁਦਰਤ ਦੇ ਨਿਯਮ ਵਿਚ ਸਰੀਰਕ ਮਰਨ ਤੋਂ ਅਸੀਂ ਬਚ ਨਹੀਂ ਸਕਦੇ ਅਤੇ ਇਹ ਰਜ਼ਾ, ਹੁਕਮ ਹੈ ਤਾਂ ਸੋਚਣਾ ਪਏਗਾ ਕਿ ਜਿੱਥੇ ਵੀ ਕੁਦਰਤ ਦਾ ਨਿਯਮ ਪੂਰਾ-ਪੂਰਾ ਵਾਪਰੇਗਾ ਉਥੇ ਸਰੀਰਕ ਜਨਮ ਵੀ ਹੋਵੇਗਾ।

ਮਨੁੱਖ ਜਾਂ ਕਿਸੇ ਵੀ ਅਖੌਤੀ ਪੀਰ, ਫਕੀਰ, ਬ੍ਰਹਮ ਗਿਆਨੀ ਜਾਂ ਸੰਤ ਮਹਾਤਮਾ ਦੇ ਵੱਸ ਨਹੀਂ ਕਿ ਉਹ 'ਕਾਲ' (ਸਰੀਰਕ ਮੌਤ) ਤੋਂ ਬਚ ਸਕਦਾ ਹੋਵੇ ਜਾਂ ਕਿਸੇ ਨੂੰ ਬਚਾ ਸਕਦਾ ਹੋਵੇ।

ਜੇ ਸਰੀਰਕ ਮਰਨ ਤੋਂ ਬਚਾਵ ਸਾਡੇ ਹੱਥ ਨਹੀਂ, ਜਨਮ ਵੀ ਸਾਡੇ ਤੋਂ ਪੁਛ ਕੇ ਦਿੱਤਾ ਨਹੀਂ ਗਿਆ ਫਿਰ ਅਸੀਂ ਰੱਬੀ ਰਜ਼ਾ ਤੋਂ ਮੁਨਕਰ ਹੋ ਕੇ ਕਿਵੇਂ ਰਹਿ ਸਕਦੇ ਹਾਂ ਕਿ ਮੌਤ ਵਾਪਰੇ ਹੀ ਨਾ ਜਾਂ ਮੁੜ ਜਮਣਾ ਪਵੇ ਹੀ ਨਾ। ਹਲੀਮੀ ਨਾਲ ਇਹੀ ਕਹਿਣਾ ਚਾਹੁੰਦੇ ਹਾਂ ਕਿ ਅਸੀਂ ਆਪਣੇ ਸਰੀਰਕ ਜਨਮ ਜਾਂ ਮਰਨ ਦੋਹਾਂ ਨੂੰ ਰੁਕਵਾ ਨਹੀਂ ਸਕਦੇ। 'ਸਤਿਗੁਰ' (ਗਿਆਨ-ਗੁਰੁ) ਸਾਰੀ ਦੁਨੀਆ ਨੂੰ ਇਹ ਖਰਾ ਸੱਚ ਦ੍ਰਿੜ ਕਰਾ ਰਿਹਾ ਹੈ ਕਿ ਰੱਬੀ ਰਜ਼ਾ ਵਿਚ ਵਾਪਰ ਰਹੇ ਕੁਦਰਤ ਦੇ ਨਿਯਮ ਨੂੰ ਸਮਝਣ (ਬੁਝਣ, ਜਾਣਨ) ਅਤੇ ਉਸ ਅਨੁਸਾਰ ਜਿਊਣ ਵਿਚ ਹੀ ਮਨੁੱਖ ਦੀ ਭਲਾਈ ਹੈ। ਸੋ ਇਸ ਅੱਗੇ ਸਿਰ ਨਿਵਾ ਕੇ ਰਜ਼ਾ 'ਚ ਰਾਜ਼ੀ ਰਹਿਣਾ ਹੀ ਗੁਰਮਤ ਹੈ।

ਗੁਰਮਤ ਅਨੁਸਾਰ ਇਹ ਸਮਝੀਏ ਕਿ ਅੰਤਕਾਲ, ਅੰਤ ਕੀ ਬੇਰ, ਅੰਤ ਕੀ ਬੇਲਾ, ਅਬ ਕੀ ਬਾਰ ਕੀ ਹੈ ? ਗੁਰੂ ਗ੍ਰੰਥ ਸਾਹਿਬ ਵਿਚ ਇਹ ਸਭ ਆਤਮਕ ਮਨ ਦੀ ਅਵਸਥਾ ਦੇ ਵਖਰੇ-ਵਖਰੇ ਨਾਮ ਹਨ।

ਅਸੀਂ ਅੱਜ ਤੱਕ, ਸਰੀਰਕ ਮੌਤ ਆਪਣੀ ਤਾਂ ਨਹੀਂ ਵੇਖੀ ਪਰ ਹੋਰਨਾਂ ਮਨੁਖਾਂ ਦੀ ਜ਼ਰੂਰ ਵੇਖੀ ਹੈ। ਆਪਣੇ ਸਰੀਰ ਦੀ ਮੌਤ (ਅੰਤ) ਅਸੀਂ ਕਦੀ ਵੀ ਨਹੀਂ ਵੇਖ ਪਾਵਾਂਗੇ। ਜਿਉਂ ਹੀ ਉਹ ਅੰਤ ਸਮਾਂ ਆਵੇਗਾ ਸਾਡੇ ਅੰਦਰ ਜੋ ਸ਼ਕਤੀ, ਸੱਤਾ, ਸਮਰਥਾ, ਧਿਆਨ ਹੈ, ਉਹ ਮੁਕ ਜਾਵੇਗਾ। ਸਰੀਰਕ ਮੌਤ ਨੂੰ ਮਹਿਸੂਸ ਕਰਣ ਵਾਲੇ 'ਧਿਆਨ' (sense) ਦੇ ਨਾ ਹੋਣ ਕਾਰਨ ਅਸੀਂ ਕਦੇ ਵੀ ਆਪਣੇ ਸਰੀਰਕ ਅੰਤ ਨੂੰ ਵੇਖ ਹੀ ਨਹੀਂ ਪਾਵਾਂਗੇ। ਇਹ ਕੁਦਰਤ ਦਾ ਅਟਲ ਸੱਚ ਹੈ।

ਜਾਨਵਰ, ਪੰਛੀ ਆਦਿ ਵੀ ਸਾਡੇ ਵਾਂਗੂੰ ਹੋਰਨਾਂ ਜਾਨਵਰਾਂ ਦਾ ਮ੍ਰਿਤਕ ਸਰੀਰ (dead body) ਤਕਦੇ ਹਨ ਤੇ ਅਸੀਂ ਵੀ ਤਕਦੇ ਹਾਂ, ਪਰ ਵਿਚਾਰਨਾ ਹੈ ਕਿ ਮਨੁੱਖ ਅਤੇ ਬਾਕੀ ਜੂਨੀਆਂ 'ਚ ਕੀ ਫਰਕ ਹੈ ? ਉਨ੍ਹਾਂ ਸਭ ਕੋਲ ਬੁੱਧੀ ਨਹੀਂ ਹੈ, ਇਸ ਲਈ ਉਨ੍ਹਾਂ ਨੂੰ ਇਹ ਸੋਚ ਨਹੀਂ ਫੁਰਦੀ ਕਿ ਅਸੀਂ ਵੀ ਮਰ ਜਾਣਾ ਹੈ। ਮਨੁੱਖ ਕੋਲ ਦਿਮਾਗ਼ ਹੈ, ਮਨੁੱਖ ਵਿਚਾਰ ਕਰ ਸਕਦਾ ਹੈ ਕਿ "ਮੈਂ ਇਥੇ ਸਦੀਵੀ ਨਹੀਂ ਰਹਿ ਸਕਦਾ।" ਇਹ ਗਲ ਵਖਰੀ ਹੈ ਕਿ ਮਨੁੱਖ ਬੁੱਧੀ ਨੂੰ ਵਰਤ ਕੇ ਇਹ ਨੁਕਤਾ ਵਿਚਾਰੇ ਜਾਂ ਨਾ ਵਿਚਾਰੇ। ਸਰੀਰਕ ਮੌਤ (ਅੰਤ) ਅਤੇ ਆਤਮਕ ਮੌਤ (ਮਨ ਦੀ ਮੌਤ) ਬਾਰੇ ਵਿਚਾਰਨਾ, ਇਸ ਸਾਰੇ ਮਜ਼ਮੂਨ ਨੂੰ ਸਮਝਣ ਲਈ ਲਾਹੇਵੰਦ ਹੋ ਸਕਦਾ ਹੈ।

ਸਾਡਾ ਜਨਮ ਦੋ ਤਰੀਕਿਆਂ ਨਾਲ ਹੁੰਦਾ ਹੈ।

1. **ਸਰੀਰਕ ਜਨਮ** – ਜੋ ਮਾਤਾ-ਪਿਤਾ ਰਾਹੀਂ ਪ੍ਰਾਪਤ ਹੁੰਦਾ ਹੈ ਅਤੇ ਪੰਜ ਤਤਾਂ ਤੋਂ ਬਣਿਆ ਹੈ।

2. **ਆਤਮਕ ਜਨਮ** – ਜਦੋਂ ਅਸੀਂ ਸਤਿਗੁਰ (ਗਿਆਨ-ਗੁਰੂ) ਅਨੁਸਾਰ, ਅਮਲੀ ਜੀਵਨੀ ਜਿਊਣ ਲੱਗ ਪੈਂਦੇ ਹਾਂ ਤਾਂ '**ਸਤਿਗੁਰ ਕੈ ਜਨਮੇ ਗਵਨੁ ਮਿਟਾਇਆ**' ਵਾਲਾ ਆਤਮਕ ਜਨਮ ਭਾਵ ਉਚੀ ਆਤਮਕ ਅਵਸਥਾ (ਜਾਗੇ ਮਨ ਦੀ ਅਵਸਥਾ) ਸਾਨੂੰ ਪ੍ਰਾਪਤ ਹੁੰਦੀ ਹੈ।

ਸਰੀਰਕ ਜੀਵਨ ਜਿਊਂਦਿਆਂ ਜੋ ਮਨੁੱਖ ਸੱਚ ਤੋਂ ਮੁਨਕਰ ਵਾਲਾ ਜੀਵਨ ਜਿਊਂਦੇ ਹਨ ਉਨ੍ਹਾਂ ਨੂੰ ਗੁਰਬਾਣੀ 'ਚ ਮੋਇਆ ਮਨ, ਆਤਮਕ ਮੋਇਆ, ਵਿਕਾਰਾਂ 'ਚ ਖੱਚਤ ਮਨ, ਮ੍ਰਿਤਕ ਅਤੇ "**ਪਸੂ ਪੰਖੀ ਤ੍ਰਿਗਦ ਜੋਨਿ ਤੇ ਮੰਦਾ**" ਕਿਹਾ ਗਿਆ ਹੈ। "**ਪਸੂ ਮਾਣਸ ਚੰਮਿ ਪਲੇਟੇ**" ਭਾਵ ਮਨੁੱਖ ਕੋਲ ਸਰੀਰ ਤਾਂ ਮਨੁੱਖਾਂ ਵਾਲਾ ਹੈ ਪਰ ਬਿਰਤੀ, ਖਿਆਲਾਂ ਕਾਰਨ ਪਸ਼ੂ ਹੈ। ਅਜਿਹੀ ਅਵਸਥਾ ਨੂੰ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਜੀਵਨ ਮੰਨਿਆ ਹੀ ਨਹੀਂ ਗਿਆ। "**ਸੋ ਜੀਵਿਆ ਜਿਸੁ ਮਨਿ ਵਸਿਆ ਸੋਇ।। ਨਾਨਕ ਅਵਰੁ ਨ ਜੀਵੈ ਕੋਇ।।**" (ਗੁਰੂ ਗ੍ਰੰਥ ਸਾਹਿਬ, ਪੰਨਾ : 142) ਐਸੇ ਅਨੇਕ ਪ੍ਰਮਾਣ ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਚ ਮੌਜੂਦ ਹਨ।

ਜਿਸ ਮਨੁੱਖ ਨੂੰ ਇਹ ਸਮਝ ਆ ਜਾਂਦੀ ਹੈ ਕਿ ਮੈਂ 'ਕਰਤੂਤ ਪਸ਼ੂ ਕੀ ਹਾਂ' ਪਰ 'ਮਾਨਸ ਜਾਤ' ਬਣਿਆ ਹੋਇਆ ਹਾਂ ਤਾਂ ਉਹ ਐਸੀ ਜੀਵਨੀ ਤੋਂ ਉੱਪਰ ਉੱਠਣ ਲਈ 'ਸਤਿਗੁਰ' (divine wisdom, universal truth) ਰਾਹੀਂ ਅਵਗੁਣਾਂ ਨੂੰ ਛਡਦਾ ਜਾਂਦਾ ਹੈ ਅਤੇ ਗੁਣਾਂ ਭਰਪੂਰ ਜੀਵਨੀ ਵਾਲੀ ਸ਼ਖਸੀਅਤ ਬਣਦਾ ਜਾਂਦਾ ਹੈ। ਇਸੇ ਨੂੰ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ 'ਸਰੀਰਕ-ਜਨਮ' ਤੋਂ ਉੱਪਰ ਉਠ ਕੇ 'ਆਤਮਕ ਜਨਮ' (ਦੁਰਲਭ ਦੇਹ) ਪ੍ਰਾਪਤ ਕਰਨਾ ਕਿਹਾ ਗਿਆ ਹੈ।

ਅਸੀਂ ਵਿਚਾਰ ਚੁਕੇ ਹਾਂ ਕਿ ਅਸੀਂ ਸਰੀਰਕ ਅੰਤ ਸਮੇਂ ਨੂੰ ਦੂਜਿਆਂ ਤੇ ਵਾਪਰਦਾ ਵੇਖ ਸਕਦੇ ਹਾਂ ਪਰ 'ਆਤਮਕ ਮੌਤ' ਕਿਸੀ ਉਤੇ ਵਾਪਰਦੀ ਕੋਈ ਨਹੀਂ ਵੇਖ ਸਕਦਾ, ਉਸ 'ਆਤਮਕ ਮੌਤ' ਨੂੰ ਹੀ ਅੰਤਕਾਲ, ਅੰਤ ਸਮਾਂ ਕਹਿੰਦੇ ਹਨ।

ਸੋ ਸਾਦੇ ਲਫਜ਼ਾਂ 'ਚ ਸਮਝਣਾ ਹੈ ਕਿ ਅਸੀਂ ਸਰੀਰਕ 'ਅੰਤਕਾਲ' ਦੂਜਿਆਂ ਉਤੇ ਵਾਪਰਦਾ ਵੇਖ ਸਕਦੇ ਹਾਂ ਪਰ ਆਪਣੇ ਉਤੇ ਇਹ ਕਦੀ ਵੀ ਵੇਖ ਨਹੀਂ ਸਕਦੇ। ਠੀਕ ਇਸ ਦੇ ਉਲਟ ਆਪਣੇ ਉਤੇ ਵਾਪਰਦਾ 'ਅੰਤਕਾਲ' (ਆਤਮਕ ਮੌਤ) ਮਹਿਸੂਸ ਕਰ ਸਕਦੇ ਹਾਂ ਪਰ ਦੂਜਿਆਂ 'ਤੇ ਆਤਮਕ ਮੌਤ (ਅੰਤਕਾਲ) ਕਦੋਂ ਵਾਪਰ ਰਹੀ ਹੈ, ਅਸੀਂ ਨਾ ਵੇਖ ਸਕਦੇ ਹਾਂ ਨਾ ਮਹਿਸੂਸ ਕਰ ਸਕਦੇ ਹਾਂ। ਇਹੋ ਕਾਰਨ ਹੈ ਕਿ ਮਨੁੱਖ ਦੇ ਬਾਹਰਲੇ ਸੁੰਦਰ ਸਰੀਰ ਨੂੰ ਵੇਖ ਕੇ ਨਹੀਂ ਸਮਝ ਸਕਦੇ ਕਿ ਇਸ ਦੇ ਅੰਦਰ ਕਿਹੜੇ ਮਾੜੇ ਖਿਆਲ, ਨਕਾਰਾਤਮਕ ਵਿਚਾਰ ਚਲ ਰਹੇ ਹਨ ਤੇ ਇਹ ਕਦੋਂ, ਕੀ ਕਰੇਗਾ ?

ਜਦੋਂ ਮਨੁੱਖ, ਅੰਦਰੋਂ ਮਾੜੇ ਖਿਆਲਾਂ ਵਾਲਾ ਹੋ ਜਾਂਦਾ ਹੈ ਤਾਂ ਉਸ ਉੱਤੇ ਆਤਮਕ ਮੌਤ (ਅੰਤਕਾਲ) ਵਾਪਰਦੀ ਹੈ। ਕਈ ਮਾੜੇ ਖ਼ਿਆਲਾਂ ਕਾਰਨ ਮਾੜੇ ਕੰਮ (act) ਕਰਦੇ ਹਨ ਅਤੇ ਕਈ ਵਾਰ ਸਮਾਜ ਜਾਂ ਪੁਲਿਸ ਵਲੋਂ ਫੜੇ ਜਾਂਦੇ ਹਨ। ਪੁਲਿਸ ਜਾਂ ਸਮਾਜ ਵਲੋਂ ਫੜੇ ਜਾਣ ਤੇ ਜੇ ਸਜ਼ਾ ਮਿਲੇ ਅਤੇ ਬਦਨਾਮੀ ਹੋਵੇ ਤਾਂ ਇਹ ਸਜ਼ਾ ਬਹੁਤ ਜ਼ਿਆਦਾ ਮੰਨੀ ਜਾਂਦੀ ਹੈ। ਫੜੇ ਜਾਣ ਤੋਂ ਬਚਣ ਵਾਲੇ ਮਨੁੱਖ ਅਤੇ ਫੜੇ ਗਏ ਮਨੁੱਖ ਦੀ ਇਸ ਅਵਸਥਾ ਨੂੰ ਜੇ ਅਧਿਆਤਮਕਤਾ ਅਤੇ ਮਾਨਸਿਕਤਾ ਦੇ (ਸਾਈਕਾਲੋਜੀ) ਨਜ਼ਰੀਏ ਨਾਲ ਸੋਚੀਏ ਤਾਂ ਸਭ ਤੋਂ ਵੱਡੀ ਸਜ਼ਾ ਹੈ ਕਿ "ਜਦੋਂ ਮਨੁੱਖ ਆਪਣੀਆਂ ਨਜ਼ਰਾਂ 'ਚ ਆਪ ਡਿਗ ਪੈਂਦਾ ਹੈ।" ਬਾਹਰੋਂ-ਬਾਹਰੋਂ ਸਫੈਦ ਪੋਸ਼, ਧਰਮੀ, ਦਾਨੀ, ਪੁੰਨੀ, ਆਸਤਕ ਨਜ਼ਰ ਆਉਣ ਵਾਲੇ ਮਨੁੱਖ ਵੀ ਮਾੜੇ ਖ਼ਿਆਲਾਂ ਕਾਰਨ ਆਪਣੀਆਂ ਨਜ਼ਰਾਂ ਤੋਂ ਡਿਗ ਪੈਂਦੇ

ਹਨ, ਉਨ੍ਹਾਂ ਲਈ ਇਹ ਵੀ ''ਬਹੁਤ ਵੱਡੇ ਦਰਜੇ ਦੀ ਸਜ਼ਾ ਹੈ''। ਮਨੁੱਖ ਨੂੰ ਭੈੜਾ ਖ਼ਿਆਲ, ਭੈੜਾ ਫੁਰਨਾ ਫੁਰਿਆ ਤਾਂ ਸਮਝੋ ਉਹ 'ਆਤਮਕ-ਮੌਤ' (ਅੰਤਕਾਲ) ਦੇ ਵੱਸ ਪੈ ਗਿਆ ਹੈ। ਇਸੇ ਅੰਤਕਾਲ (ਆਤਮਕ ਮੌਤ) ਤੋਂ ਮੁਕਤ ਅਵਸਥਾ ਨੂੰ ਵਿਚਾਰਨਾ ਹੈ।

ਸਤਿਗੁਰ ਭਾਵ ਸੱਚ ਦਾ ਗਿਆਨ ਮਨੁੱਖ ਨੂੰ ਮਾੜੇ ਖ਼ਿਆਲ, ਮਾੜੀ ਸੋਚ, ਫੁਰਨੇ ਤੋਂ ਸੁਚੇਤ ਕਰਵਾਉਂਦਾ ਹੈ। ਮਾੜੇ ਖ਼ਿਆਲ ਆਉਣ ਮਗਰੋਂ ਮਾੜਾ ਕੀਤਾ ਕਿ ਨਹੀਂ, ਇਸ ਦੀ ਅਹਿਮੀਅਤ ਨਹੀਂ ਹੈ। ਮਾੜਾ ਸੋਚਣਾ ਹੀ ਅੰਤਕਾਲ ਦੇ ਵਸ ਪੈਣਾ, ਆਤਮਕ ਮੌਤ ਸਹੇੜਨਾ ਹੈ। ਇਹ ਵਾਪਰਦੀ ਉਦੋਂ ਹੈ ਜਦੋਂ ਮਨੁੱਖ ਮਨ ਕਰਕੇ ਅਚੇਤ, ਬੇਹੋਸ਼, ਸੁੱਤਾ ਹੈ। ਬਾਣੀ ਵਿਚ ਆਇਆ ਹੈ, **'ਨਰ ਅਚੇਤ ਪਾਪ ਤੇ ਡਰੁ ਰੇ।।'** ਭਾਵ ਐ ਅਚੇਤ ਮਨੁੱਖ, ਜਾਗ। ਅੱਜ ਦੀ ਡਾਕਟਰੀ (medical science) ਵੀ ਇਹੋ ਦੱਸਦੀ ਹੈ ਕਿ ਬੁਖ਼ਾਰ ਹੋਣਾ, ਕਿਸੇ ਅੰਦਰਲੀ ਬਿਮਾਰੀ ਦਾ ਚਿੰਨ੍ਹ ਹੈ। ਅੰਦਰ ਗੜਬੜ ਹੈ, ਬੀਮਾਰੀ ਅੰਦਰ ਹੈ। ਬਾਹਰੋਂ ਠੰਡੀ ਪੱਟੀ ਰੱਖਣ ਨਾਲ ਅੰਦਰੋਂ ਬਿਮਾਰੀ ਨਹੀਂ ਜਾਂਦੀ। ਠੀਕ ਇਸੇ ਤਰ੍ਹਾਂ ਬਾਹਰਲੇ ਕਰਮ ਕਾਂਡ, ਜਪ-ਤਪ ਕਰਨ ਨਾਲ ਮਨੁੱਖ ਦੇ ਅੰਦਰਲੇ ਰੋਗ ਠੀਕ ਨਹੀ ਹੁੰਦੇ। ਕਰਮ ਕਾਂਡਾਂ ਰਾਹੀ ਮਨੁੱਖ ਥੋੜੀ ਦੇਰ ਲਈ, ਠੰਡੀ ਪੱਟੀ ਦੇ ਥੋੜ ਚਿਰੇ ਅਸਰ ਵਾਂਗੂ, ਠੀਕ ਮਹਿਸੂਸ ਕਰਦਾ ਹੈ ਪਰ ਮਾਨਸਕ ਅਤੇ ਆਤਮਕ ਤੌਰ ਤੇ ਗੜਬੜੀ ਅੰਦਰ ਹੈ। ਸੱਚਾ ਧਰਮ, ਸਤਿਗੁਰ ਅੰਦਰ ਦੀ (ਮਨ ਦੀ) ਬੀਮਾਰੀ ਦੂਰ ਕਰਦਾ ਹੈ ਤਾ ਕਿ ਮਨੁੱਖ 'ਅੰਤਕਾਲ' (ਆਤਮਕ ਮੌਤ) ਦੇ ਵੱਸ ਪੈ ਕੇ 'ਆਤਮਘਾਤੀ' ਨਾ ਬਣੇ।

ਜਿਵੇਂ ਅੰਦਰੋਂ ਬੀਮਾਰੀ ਦੂਰ ਕਰਣ ਲਈ ਡਾਕਟਰ ਦਾਰੂ ਦਿੰਦਾ ਹੈ, ਉਸੀ ਤਰ੍ਹਾਂ ਮਨ ਦੇ ਰੋਗਾਂ ਦੀ ਬਿਮਾਰੀ ਕਾਰਨ ਆਤਮਕ ਮੌਤ (ਅੰਤਕਾਲ) ਤੋਂ ਬਚਣ ਦਾ ਤਰੀਕਾ, 'ਸਤਿਗੁਰ' (divine wisdom) ਸਮਝਾਉਂਦਾ ਹੈ ਤੇ ਮਨੁੱਖ ਨੂੰ 'ਜੀਵਨ ਮੁਕਤ' ਭਾਵ ਆਤਮਕ ਰੋਗਾਂ (ਵਿਕਾਰਾਂ, imperfections) ਤੋਂ ਮੁਕਤ ਕਰਾਉਂਦਾ ਹੈ।

ਸਰੀਰਕ ਅੱਖਾਂ ਰਾਹੀਂ ਮਨੁੱਖ ਆਪਣੀ ਆਤਮਕ ਮੌਤ ਨੂੰ ਨਹੀਂ ਵੇਖ ਸਕਦਾ ਤੇ ਨਾ ਹੀ 'ਸਰੀਰਕ ਮੌਤ' ਨੂੰ ਵੇਖਣ ਦੀ ਸਮਰਥਾ ਰਖਦਾ ਹੈ। ਆਪਣੇ ਉੱਤੇ 'ਆਤਮਕ ਮੌਤ' ਕਦੋਂ-ਕਦੋਂ ਵਾਪਰਨ ਵਾਲੀ ਹੈ ਉਸਨੂੰ ਕੇਵਲ ਦੂਰਅੰਦੇਸ਼ੀ ਦੀਆਂ ਅੱਖਾਂ ਨਾਲ ਵੇਖਿਆ ਜਾ ਸਕਦਾ ਹੈ। ਉਹ 'ਗਿਆਨ-ਅੰਜਨ' ਵਾਲੀਆਂ ਅੱਖਾਂ (insight, vision, strong intellect) ਮਨੁੱਖ ਨੂੰ 'ਸਤਿਗੁਰ' ਰਾਹੀਂ ਪ੍ਰਾਪਤ ਹੁੰਦੀਆਂ ਹਨ।

ਮਨੁੱਖ ਵਿਚਾਰਨ ਯੋਗ ਹੋ ਜਾਂਦਾ ਹੈ ਕਿ 'ਕਿਹੜੇ-ਕਿਹੜੇ ਕਾਰਨਾਂ ਕਰਕੇ ਮੇਰੇ ਤੇ 'ਆਤਮਕ ਮੌਤ' ਵਾਪਰਦੀ ਹੈ। ਭਾਵ ਕਿਵੇਂ-ਕਿਵੇਂ ਮੇਰੇ ਤੇ 'ਅੰਤਕਾਲ' ਵਾਪਰਦਾ ਹੈ। ਸਰੀਰਕ ਮੌਤ ਤੋਂ ਤਾਂ ਕੋਈ ਬਚ ਨਹੀ ਸਕਦਾ ਲੇਕਿਨ ਮਨੁੱਖ 'ਆਤਮਕ-ਮੌਤ' (ਅੰਤਕਾਲ) ਤੋਂ ਬਚ ਸਕਦਾ ਹੈ।

ਹਥਲੀ ਵਿਚਾਰ ਨੂੰ ਹੋਰ ਡੂੰਘਾਈ ਵਿਚ ਸਮਝਣ ਅਤੇ ਜਿਊਣ ਲਈ ਇਸ ਵਿਸ਼ੇ ਨਾਲ ਸੰਬੰਧਿਤ ਕੁਝ ਸ਼ਬਦਾਂ ਦੀ ਵਿਸਥਾਰ ਸਹਿਤ ਗੁਰਬਾਣੀ ਵਿਆਕਰਨ ਦੇ ਨਿਯਮਾਂ ਅਤੇ ਗੁਰਮਤ ਸਿਧਾਂਤਾਂ ਤਹਿਤ ਵਿਚਾਰ ਕਰਦੇ ਹਾਂ।

**ਗੋਂਡ।। ਨਰੂ ਮਰੈ ਨਰੁ ਕਾਮਿ ਨ ਆਵੈ।। ਪਸੂ ਮਰੈ ਦਸ ਕਾਜ ਸਵਾਰੈ।।੧।। ਅਪਨੇ ਕਰਮ ਕੀ ਗਤਿ ਮੈ ਕਿਆ ਜਾਨਉ।। ਮੈ ਕਿਆ ਜਾਨਉ ਬਾਬਾ ਰੇ।।੧।।ਰਹਾਉ।। ਹਾਡ ਜਲੇ ਜੈਸੇ ਲਕਰੀ ਕਾ ਤੂਲਾ।। ਕੇਸ ਜਲੇ ਜੈਸੇ ਘਾਸ ਕਾ ਪੂਲਾ।।੨।। ਕਹੁ ਕਬੀਰ ਤਬ ਹੀ ਨਰੁ ਜਾਗੈ।। ਜਮ ਕਾ ਡੰਡੁ ਮੂੰਡ ਮਹਿ ਲਾਗੈ।।੩।।੨।।**

(ਗੁਰੂ ਗ੍ਰੰਥ ਸਾਹਿਬ, ਪੰਨਾ : 870)

ਇਸ ਸ਼ਬਦ ਬਾਰੇ ਆਮ ਤੌਰ 'ਤੇ ਸਮਝਿਆ ਜਾਂਦਾ ਹੈ ਕਿ ਮਨੁੱਖ (ਨਰ) ਮਰਨ ਤੋਂ ਬਾਅਦ ਕਿਸੀ ਕੰਮ ਨਹੀਂ ਆਉਂਦਾ ਪਰ ਪਸ਼ੂ ਮਰਨ ਮਗਰੋਂ ਵੀ ਦਸ ਕਾਜ ਸੰਵਾਰ ਦਿੰਦਾ ਹੈ। ਰਹਾਉ ਪਦੇ ਬਾਰੇ ਸਮਝਿਆ ਜਾਂਦਾ ਹੈ

ਕਿ ਮੈਂ ਆਪਣੇ ਕਰਮਾਂ ਕਾਰਨ ਮਰਨ ਮਗਰੋਂ ਕੀ ਬਣਾਂਗਾ। ਮੈਨੂੰ ਮੇਰੇ ਕਰਮਾਂ ਦੀ ਗਤੀ ਬਾਰੇ ਨਹੀਂ ਪਤਾ। ਹੱਡੀਆਂ ਤੇ ਕੇਸ ਕਿਵੇਂ ਲਕੜੀ, ਘਾਹ ਵਾਂਗੂੰ ਸੜ ਜਾਂਦੇ ਹਨ। ਮਨੁੱਖ (ਨਰ) ਤਦੋਂ ਜਾਗਦਾ ਹੈ ਜਦੋਂ ਮਰਨ ਮਗਰੋਂ ਇਸਨੂੰ ਜਮਾਂ ਦੀ ਮਾਰ ਪੈਂਦੀ ਹੈ।

ਜੋ ਅਰਥ ਹੁਣ ਤਕ ਪ੍ਰਚਲਤ ਹਨ ਜਾਂ ਬਹੁਤਾਤ ਵਿਚ ਲੋਕੀ ਮੰਨਦੇ ਹਨ, ਆਓ, ਉਨ੍ਹਾਂ ਅਰਥਾਂ ਮੁਤਾਬਿਕ ਕੁਝ ਸਵਾਲ ਆਪਣੇ ਆਪ ਨੂੰ ਪੁਛ ਕੇ ਵੇਖੀਏ :-

1. ਮਨੁੱਖ ਮਰਨ ਮਗਰੋਂ ਕੰਮ ਨਹੀਂ ਆਉਂਦਾ ਪਰ ਅੱਜ ਦੇ ਸਮੇਂ ਵਿਚ ਮਨੁੱਖ ਆਪਣੀਆਂ ਅੱਖਾਂ, ਗੁਰਦੇ (kidney), ਫੇਫੜੇ (lungs) ਜਾਂ ਤਨ ਦੇ ਹੋਰ ਅੰਗ ਮਰਨ ਮਗਰੋਂ ਕਿਸੇ ਹੋਰ ਮਨੁੱਖ ਲਈ ਦੇਣਾ ਚਾਹੁੰਦਾ ਹੈ ਤਾਂ ਦੇ ਸਕਦਾ ਹੈ। ਇਸਦਾ ਮਤਲਬ ਸਾਫ ਹੈ ਕਿ ਮਨੁੱਖ ਦੇ ਕਈ ਅੰਗ (organs) ਮਰਨ ਮਗਰੋਂ ਕੰਮ ਆਉਂਦੇ ਹਨ।

   ਹੁਣ ਵਿਚਾਰਨਾ ਪਵੇਗਾ ਕਿ ਸਾਡੇ ਵਲੋਂ (ਬਹੁਤਤਾ 'ਚ) ਸਮਝੇ ਅਰਥ ਗਲਤ ਹੋ ਸਕਦੇ ਹਨ ਪਰ ਗੁਰਬਾਣੀ ਨੂੰ ਕੋਈ ਵੀ ਨਹੀਂ ਝੁਠਲਾ ਸਕਦਾ ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਲੀਲ ਭਰਪੂਰ, ਹਕੀਕਤ ਤੌਰ 'ਤੇ ਨਿਰੋਲ ਖਰਾ ਸੱਚ ਹੈ। ਸੋ ਸਾਨੂੰ ਹੁਣ ਸਮਝਨਾ ਪਵੇਗਾ ਕਿ ''ਨਰੂ ਮਰੈ ਨਰ ਕਾਮ ਨ ਆਵੈ'' ਸ਼ਬਦ ਦੇ ਕੀ ਅਰਥ ਕਰੀਏ ਤਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ੍ਰੀਵ ਭਾਵ ਅਰਥ ਤਕ ਪੁਜ ਸਕੀਏ।

2. ਮਰਨ ਮਗਰੋਂ ਗਤੀ ਬਾਰੇ ਕੋਈ ਵੀ ਨਹੀਂ ਜਾਣਦਾ ਪਰ ਮਨੁੱਖ ਜੇ ਅੱਜ ਆਪਣੇ ਅੰਦਰ ਚਲ ਰਹੇ ਚੰਗੇ-ਮੰਦੇ ਖ਼ਿਆਲਾਂ ਦੀ ਪੜਚੋਲ ਕਰੇ ਤਾਂ ਪਤਾ ਲਗ ਜਾਂਦਾ ਹੈ ਕਿ ਉਹ ਕਿਸ ਕਿਸਮ ਦੀ ਜੀਵਨੀ ਜਿਊ ਰਿਹਾ ਹੈ ਤੇ ਕਿਸ ਕਿਸਮ ਦੀ ਜੀਵਨੀ ਵਲ ਵਧ ਰਿਹਾ ਹੈ। ਇਨਸਾਨੀਅਤ ਭਰਪੂਰ ਜੀਵਨੀ ਵੱਲ ਜਾਂ ਪਸ਼ੁਤਾ ਵਾਲੀ ਜੀਵਨੀ ਵੱਲ, ਇਸੇ ਆਤਮਕ ਅਵਸਥਾ (ਗਤੀ) ਬਾਰੇ ਵਿਚਾਰਨਾ ਹੈ।

3. ਜਦੋਂ ਮਿਰਤਕ ਸਰੀਰ ਨੂੰ ਜਲਾਇਆ ਜਾਂਦਾ ਹੈ ਤਾਂ ਹੱਡੀਆਂ ਅਤੇ ਕੇਸ, ਤਨ ਸਮੇਤ ਜਲਨੇ ਹੀ ਹਨ ਪਰ ਜੋ ਦਫਨਾਉਂਦੇ ਹਨ ਜਾਂ ਪਸ਼ੂ ਪੰਛੀਆਂ ਨੂੰ ਪਾ ਦਿੰਦੇ ਹਨ ਜਾਂ ਪਾਣੀ 'ਚ ਪਰਵਾਹ ਕਰ ਦਿੰਦੇ ਹਨ, ਕੀ ਇਹ ਸ਼ਬਦ ਉਨ੍ਹਾਂ ਤੇ ਨਹੀਂ ਢੁਕਦਾ ? ਹਾਂ, ਪਰ ਗੁਰਬਾਣੀ 'ਸਾਂਝੀ ਸਗਲ ਜਹਾਨੈ' ਸਭ ਮਨੁੱਖਾਂ ਲਈ ਸਤਿਗੁਰ (universal truth) ਦ੍ਰਿੜ ਕਰਾਉਂਦੀ ਹੈ ਤਾਂ ਫਿਰ ਇਸਦੇ ਅਰਥ ਕੇਵਲ ਹੱਡੀਆਂ, ਕੇਸ ਜਲਣ (ਸੜਨ) ਨਾਲ ਸੰਬੰਧਿਤ ਨਹੀਂ, ਇਸ ਪੰਕਤੀ ਦੇ ਭਾਵਅਰਥ ਜੇਕਰ ਆਤਮਕ ਅਵਸਥਾ ਤੇ ਢੁਕਾ ਕੇ ਸਮਝੇ ਜਾਣ ਤਾਂ ਅਸੀਂ ਆਪਣਾ ਜੀਵਨ, ਉੱਚਤਾ ਭਰਪੂਰ (elevated) ਬਣਾ ਸਕਦੇ ਹਾਂ।

4. 'ਨਰ ਜਾਗੈ' ਦੇ ਅਰਥ ਆਮ ਤੌਰ 'ਤੇ ਸਮਝੇ ਜਾਂਦੇ ਹਨ ਕਿ ''ਮਰਨ ਮਗਰੋਂ ਜਦੋਂ ਜਮ ਦਾ ਡੰਡਾ ਮਨੁੱਖ ਦੇ ਮੂੰਹ, ਸਿਰ ਤੇ ਵਜਦਾ ਹੈ ਤਦੋਂ ਉਹ ਜਾਗਦਾ ਹੈ।'' ਵਿਚਾਰਨਾ ਹੈ ਕਿ ਮਰਨ ਮਗਰੋਂ ਤੇ ਮੰਨਦੇ ਹਨ ਕਿ ਤਨ ਨਾਲ ਜਾਂਦਾ ਹੀ ਨਹੀਂ ਕੇਵਲ ਜੀਵਾਤਮਾ ਜਾਂਦੀ ਹੈ। ਉਸਦਾ ਨਾ ਤਾਂ ਸਿਰ ਹੁੰਦਾ ਹੈ ਨਾ ਮੂੰਹ, ਫਿਰ ਜਮ ਡੰਡਾ ਕਿਥੇ ਮਾਰਦੇ ਹਨ ? ਇਹ ਸ਼ਬਦ ਗੁਰੂ ਗ੍ਰੰਥ ਸਾਹਿਬ 'ਚ ਦਰਜ ਹੈ ਇਸ ਕਰਕੇ ਗਲਤ ਵੀ ਨਹੀਂ ਹੋ ਸਕਦਾ ਅਤੇ ਨਾ ਹੀ ਝੁਠਲਾਇਆ ਜਾ ਸਕਦਾ ਹੈ। ਸੋ, ਇਸਦੇ ਭਾਵ ਅਰਥ ਸਮਝਣੇ ਵਿਚਾਰਨੇ ਚਾਹੀਦੇ ਹਨ ਕਿ ਮਨੁੱਖ ਨੂੰ ਸਰੀਰਕ ਜੀਵਨ ਵਿਚ ਜਿਊਂਦੇ ਜੀਅ ਹੀ, ਆਤਮਕ, ਮਾਨਸਕ ਤੌਰ 'ਤੇ ਜਮਾਂ (ਵਿਕਾਰਾਂ) ਦਾ ਡੰਡਾ ਵਜਦਾ ਰਹਿੰਦਾ ਹੈ। ਮਨੁੱਖ ਤਦੋਂ ਪਛਤਾਉਂਦਾ ਹੈ ਜਦੋਂ ਵਿਕਾਰਾਂ ਵਸ ਖੱਚਤ ਹੋਣ ਕਰਕੇ ਖ਼ੁਆਰ, ਅਸ਼ਾਂਤ ਜੀਵਨ ਜਿਊਂਦਾ ਹੈ। ਕਬੀਰ ਸਾਹਿਬ ਮਨੁੱਖ ਨੂੰ ਸੁਚੇਤ ਕਰਵਾ ਰਹੇ ਹਨ ਕਿ 'ਐਸੇ ਮੰਦੇ ਕਰਮਾਂ, ਖਿਆਲਾਂ ਵਾਲੀ ਜੀਵਨੀ ਨਾ ਜੀਅ, ਜਿਸ ਨਾਲ ਮੁੜ-ਮੁੜ ਪਛਤਾਉਣਾ ਪਵੇ'। ਆਉ ਹੁਣ ਗੁਰੂ

ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਨੂੰ ਮੁੱਖ ਰੱਖ ਕੇ ਅਤੇ ਕੁਦਰਤ 'ਚ ਵਾਪਰ ਰਹੇ ਰੱਬੀ ਨਿਯਮਾਂ (laws of nature) ਨੂੰ ਵਿਚਾਰ ਕੇ ਸਾਰੇ ਸ਼ਬਦ ਦੇ ਅੰਤ੍ਰੀਵ ਭਾਵ ਅਰਥਾਂ ਨੂੰ ਵਿਚਾਰ ਕੇ ਦੇਖੀਏ :-

**ਪਦਾ ਰਹਾਉ :- ਅਪਨੇ ਕਰਮ ਕੀ ਗਤਿ ਮੈ ਕਿਆ ਜਾਨਉ।। ਮੈ ਕਿਆ ਜਾਨਉ ਬਾਬਾ ਰੇ।।੧।।ਰਹਾਉ।।**

ਰਹਾਉ:- ਮੈਨੂੰ ਨਹੀਂ ਪਤਾ ਕਿ ਮੇਰੇ ਕਰਮਾਂ, ਖ਼ਿਆਲਾਂ, ਸੋਚਣੀ ਕਾਰਨ ਮੇਰੀ ਆਤਮਕ ਅਵਸਥਾ (ਗਤੀ) ਕੀ ਬਣਦੀ ਹੈ। ਭਾਵ ਆਪਣੇ ਖ਼ਿਆਲਾਂ, ਕਰਮਾਂ ਅਤੇ ਸੋਚਣੀ ਕਾਰਨ ਮੈਂ ਕੈਸੀ ਜੀਵਨੀ ਵਲ ਵੱਧ ਰਿਹਾ ਹਾਂ, ਮੈਨੂੰ ਆਪਣੀ ਗਤੀ ਬਾਰੇ ਕੋਈ ਸੋਝੀ ਨਹੀਂ।

**ਪਦਾ ਪਹਿਲਾ :- ਨਰੂ ਮਰੈ ਨਰੁ ਕਾਮਿ ਨ ਆਵੈ।। ਪਸੂ ਮਰੈ ਦਸ ਕਾਜ ਸਵਾਰੈ।।੧।।** ਜੇ ਕਰ ਮੇਰੇ ਅੰਦਰੋਂ ਮਨੁੱਖਤਾ (ਇਨਸਾਨੀਅਤ, humanity) ਮਰ ਜਾਂਦੀ ਹੈ ਤਾਂ ਮੈਂ ਕਿਸੇ ਕੰਮ ਜੋਗਾ ਨਹੀਂ ਅਤੇ ਜੇ ਕਰ ਮੇਰੇ ਅੰਦਰੋਂ ਪਸ਼ੂ ਬਿਰਤੀ ਭੈੜੇ ਖਿਆਲ, ਫੁਰਨੇ, ਭੈੜੀਆਂ ਕਰਨੀਆਂ ਵਾਲੀ ਮਤ ਮਰ ਜਾਂਦੀ ਹੈ। ਭਾਵ ਮੈਂ ਆਪਣੀ ਸੁਰਤ, ਮਤ, ਮਨ, ਬੁਧ ਨੂੰ ਸਤਿਗੁਰ (ਗਿਆਨ-ਗੁਰੂ) ਰਾਹੀਂ ਕਾਬੂ ਕਰ ਲੈਂਦਾ ਹਾਂ ਤਾਂ ਮਨੁੱਖਤਾ ਦੇ ਭਲੇ ਲਈ ਦਸ (ਕਈ) ਕੰਮ ਸੰਵਾਰ ਸਕਦਾ ਹਾਂ। ਆਪਣੇ ਆਪ ਨੂੰ ਸਰਬਤ ਦੇ ਭਲੇ ਵਲ ਤੋਰ ਸਕਦਾ ਹਾਂ।

**ਪਦਾ ਦੂਜਾ : ਹਾਡ ਜਲੇ ਜੈਸੇ ਲਕਰੀ ਕਾ ਤੂਲਾ।। ਕੇਸ ਜਲੇ ਜੈਸੇ ਘਾਸ ਕਾ ਪੂਲਾ।।੨।।** ਦੁਨਿਆਵੀ ਇੱਜ਼ਤ, ਪ੍ਰਤਿਸ਼ਠਾ (status) ਨੂੰ ਸੰਭਾਲਣ ਲਈ ਜਦੋਂ ਮਨੁੱਖ ਝੂਠ, ਫਰੇਬ ਅਤੇ ਚਤੁਰਾਈਆਂ ਦਾ ਸਹਾਰਾ ਲੈਂਦਾ ਹੈ, ਉਹ ਇੰਜ ਹੀ ਹੈ ਜਿਵੇਂ ਸਰੀਰ ਨੂੰ ਖੜਾ ਰੱਖਣ ਲਈ ਹੱਡੀਆਂ। ਜਿਵੇਂ ਸਰੀਰ ਹੱਡੀਆਂ ਕਾਰਨ ਖੜਾ ਰਹਿੰਦਾ ਹੈ, ਉਸੀ ਤਰ੍ਹਾਂ ਝੂਠ ਫਰੇਬ ਨਾਲ 'ਵੱਡਾ ਦੁਨੀਦਾਰ' ਬਣਨ ਲਈ ਸਮਾਜਕ ਬੇਲੋੜੇ ਰੀਤ-ਰਿਵਾਜ਼ ਨਿਭਾਉਂਦੇ ਹੋਏ ਅਸੀਂ ਆਪਣਾ ਦਿਖਾਵੇ ਦਾ ਰੁਤਬਾ ਬਣਾਈ ਰਖਦੇ ਹਾਂ। ਗੁਰਬਾਣੀ ਵਿਚ 'ਕੇਸ' ਮਤ ਦਾ ਪ੍ਰਤੀਕ ਹਨ। ਆਤਮਕ ਜੀਵਨ ਜਿਊਣ ਲਈ ਇਹ ਉਸਤਤ ਨਿੰਦਾ ਰੂਪੀ ਭੈੜੇ ਖਿਆਲਾਂ, ਕਰਮਾਂ ਦੀਆਂ ਹੱਡੀਆਂ ਤੇ ਭੈੜੀ ਮਤ (ਕੇਸ) ਕੋਈ ਸਾਥ ਨਹੀ ਦਿੰਦੇ ਭਾਵ ਤ੍ਰਿਸ਼ਨਾ ਦੀ ਅੱਗ ਵਿਚ ਸੜ ਜਾਂਦੇ ਹਨ।

**ਪਦਾ ਤੀਜਾ : ਕਹੁ ਕਬੀਰ ਤਬ ਹੀ ਨਰੁ ਜਾਗੈ।। ਜਮ ਕਾ ਡੰਡੁ ਮੂੰਡ ਮਹਿ ਲਾਗੈ।।੩।।** 'ਜੰਮ ਕਾ ਡੰਡੁ ਮੂੰਡ ਮਹਿ ਲਾਗੈ' ਦਾ ਭਾਵ ਅਰਥ ਹੈ ਕਿ ਜਦੋਂ ਮਨੁੱਖ ਅੰਦਰੋਂ ਵਿਕਾਰਾਂ ਵੱਸ ਆਪਣੇ ਖ਼ਿਆਲਾਂ ਅਤੇ ਸੋਚਣੀ ਕਾਰਨ ਦੁਖੀ ਹੁੰਦਾ ਹੈ ਤਾਂ ਪਛਤਾਉਂਦਾ ਹੈ। **'ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1376) ਇਸ ਪੰਕਤੀ ਅਨੁਸਾਰ ਮਨੁੱਖ ਜਾਣਦਿਆਂ ਹੋਇਆਂ ਵੀ ਭੈੜੇ ਖ਼ਿਆਲਾਂ ਅਤੇ ਫੁਰਨਿਆਂ ਕਾਰਨ ਵਿਕਾਰਾਂ ਵਿਚ ਖੱਚਤ ਰਹਿੰਦਾ ਹੈ। ਕਬੀਰ ਜੀ ਫੁਰਮਾਉਂਦੇ ਹਨ ਕਿ ਬੜੇ ਅਫਸੋਸ ਦੀ ਗੱਲ ਹੈ ਕਿ ਮਨੁੱਖ ਉਦੋਂ ਜਾਗਦਾ ਹੈ, ਹੋਸ਼ 'ਚ ਆਉਂਦਾ ਹੈ ਜਦੋਂ ਝੂਠ, ਫਰੇਬ, ਪਸ਼ੂ ਬਿਰਤੀ ਕਾਰਨ ਇਸ ਉਤੇ 'ਆਤਮਕ ਮੌਤ' ਵਾਪਰਦੀ ਹੈ ਭਾਵ ਵਿਕਾਰ ਰੂਪੀ ਜਮ ਇਸ ਨੂੰ ਭਟਕਾਉਂਦੇ, ਖ਼ੁਆਰ ਅਤੇ ਅਸ਼ਾਂਤ ਕਰਦੇ ਰਹਿੰਦੇ ਹਨ। ਇਹ ਅਸ਼ਾਂਤ ਜੀਵਨ ਹੀ ਆਪਣੇ ਆਪ ਵਿਚ ਸਜ਼ਾ ਹੈ।

ਜੇਕਰ ਮਨੁੱਖ ਨੂੰ ਇਹ ਮਹਿਸੂਸ ਹੋ ਜਾਵੇ ਕਿ ਮੇਰੇ ਅਸ਼ਾਂਤ ਜੀਵਨ ਦਾ, ਦੁਖੀ ਜੀਵਨ ਦਾ ਕਾਰਨ, ਮੇਰੀ ਪਸ਼ੂ ਬਿਰਤੀ ਹੀ ਹੈ ਤਾਂ ਉਹ ਆਪਣੀ ਆਤਮਕ ਅਵਸਥਾ ਦੀ ਗਤੀ ਬਾਰੇ ਜਾਣ ਸਕਦਾ ਹੈ ਕਿ ਮੇਰੀ ਆਤਮਕ ਜੀਵਨੀ ਪਸ਼ੂਤਾ ਵਲ ਵੱਧ ਰਹੀ ਹੈ ਜਾਂ ਇਨਸਾਨੀਅਤ ਵੱਲ।

ਗੁਰੂ ਗ੍ਰੰਥ ਸਾਹਿਬ ਵਿਚ ਪ੍ਰੋਢਾਵਾਦ (metaphur, vernacular) ਦੇ ਢੰਗ ਨਾਲ ਅਨੇਕ ਪ੍ਰਮਾਣ, ਪ੍ਰਤੀਕ ਵਰਤ ਕੇ ਮਨੁੱਖ ਨੂੰ ਅੰਤਕਾਲ, ਅੰਤ ਕੀ ਵਾਰ, ਅੰਤ ਕੀ ਬੇਲਾ, ਅਬ ਕੀ ਵਾਰ (ਆਤਮਕ ਮੌਤ) ਬਾਰੇ ਸੁਚੇਤ

ਕਰਵਾਇਆ ਗਿਆ ਹੈ। ਅਸੀਂ ਮਨ ਕਰਕੇ ਸੁੱਤੇ ਰਹਿੰਦੇ ਹਾਂ ਅਤੇ ਵਿਕਾਰਾਂ ਕਾਰਨ ਦੁਖੀ ਜੀਵਨ ਬਿਤਾਉਂਦੇ ਹਾਂ। ਐਸੇ ਜੀਵਨ ਤੋਂ ਕੇਵਲ ਸਤਿਗੁਰ (ਸੱਚ ਦੇ ਗਿਆਨ) ਰਾਹੀਂ ਹੀ ਜਾਗਿਆ ਜਾ ਸਕਦਾ ਹੈ।

ਸਰੀਰਕ ਮੌਤ ਤੋਂ ਤਾਂ ਮਨੁੱਖ ਬਚ ਨਹੀਂ ਸਕਦਾ ਪਰ ਆਤਮਕ-ਮੌਤ (ਅੰਤਕਾਲ) ਤੋਂ ਸੱਚੇ ਗਿਆਨ ('ਸਤਿਗੁਰ' divine wisdom) ਰਾਹੀਂ ਮਨੁੱਖ ਬਚ ਸਕਦਾ ਹੈ। ਉਹ ਗਿਆਨ-ਗੁਰੂ 'ਵੈਦ' ਹੈ **"ਮੇਰਾ ਬੈਦੁ ਗੁਰੂ ਗੋਵਿੰਦਾ।। ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ।।"** (ਗੁਰੂ ਗ੍ਰੰਥ ਸਾਹਿਬ, ਪੰਨਾ : 618) ਸਤਿਗੁਰ ਅਨੁਸਾਰ ਜੀਵਨ ਜਿਊਣ ਨਾਲ ਜਮਾਂ (ਵਿਕਾਰਾਂ, ਅੰਤਕਾਲ, ਆਤਮਕ-ਮੌਤ) ਬਾਰੇ ਸੋਝੀ ਹੋ ਜਾਂਦੀ ਹੈ ਤੇ ਮਨੁੱਖ ਇਨ੍ਹਾਂ ਜਮਾਂ ਦੀ ਫਾਹੀ ਤੋਂ ਛੁੱਟ ਜਾਂਦਾ ਹੈ।

ਯਾਦ ਰਖਣਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਅੰਤਕਾਲ' ਮਨੁੱਖ ਦੇ ਸਰੀਰਕ ਮਰਨ ਬਾਰੇ ਨਹੀਂ ਬਲਕਿ ਮਨੁੱਖ ਦੇ 'ਮਨ ਦੀ ਮਾੜੀ ਅਵਸਥਾ' ਬਾਰੇ ਆਇਆ ਹੈ।

**1. ਆਤਮਕ ਨੀਵੀਂ ਅਵਸਥਾ :-**

1. **ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ।।** (ਗੁਰੂ ਗ੍ਰੰਥ ਸਾਹਿਬ, ਪੰਨਾ : 88)
2. **ਆਖਾ ਜੀਵਾ ਵਿਸਰੈ ਮਰਿ ਜਾਉ।।** (ਗੁਰੂ ਗ੍ਰੰਥ ਸਾਹਿਬ, ਪੰਨਾ : 9)
3. **ਸੋ ਜੀਵਿਆ ਜਿਸੁ ਮਨ ਵਸਿਆ ਸੋਇ।। ਨਾਨਕ ਅਵਰੁ ਨ ਜੀਵੈ ਕੋਇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 142)

ਇਨ੍ਹਾਂ ਪ੍ਰਮਾਣਾਂ ਅਨੁਸਾਰ ਜਦੋਂ ਮਨੁੱਖ ਦੁਰਮਤ ਦਾ ਧਾਰਣੀ ਹੋ ਕੇ ਵਿਕਾਰਾਂ ਵਸ ਪਿਆ, ਮੰਦੇ ਖ਼ਿਆਲਾਂ, ਕਰਮਾਂ 'ਚ ਖਚੱਤ ਰਹਿੰਦਾ ਹੈ ਤਾਂ ਇਸ ਕਿਸਮ ਦੀ ਨੀਵੀਂ ਆਤਮਕ (ਮਨ ਦੀ) ਅਵਸਥਾ ਨੂੰ **ਆਤਮਕ-ਮੌਤ (ਅੰਤਕਾਲ)** ਕਹਿੰਦੇ ਹਨ।

**2. ਆਤਮਕ ਉਚੀ ਅਵਸਥਾ :- ਗੁਰ ਪ੍ਰਸਾਦਿ ਜੀਵਤੁ ਮਰੈ ਤਾ ਫਿਰਿ ਮਰਣੁ ਨ ਹੋਇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 554) ਸਤਿਗੁਰ ਭਾਵ ਸੱਚ ਦੇ ਗਿਆਨ ਅਨੁਸਾਰ ਬਿਬੇਕ ਬੁੱਧੀ ਵਾਲਾ ਜੀਵਨ ਜਿਊਣਾ ਅਤੇ ਦੁਰਮਤ ਵਲੋਂ ਮਰ ਜਾਣਾ ਹੀ 'ਉੱਚੀ ਆਤਮਕ ਅਵਸਥਾ' ਕਹਿਲਾਉਂਦਾ ਹੈ - ਐਸੀ ਅਵਸਥਾ ਨੂੰ ''ਜੀਵਤ-ਮਰਨ" ਕਹਿੰਦੇ ਹਨ।

ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਰਾਹੀਂ ਪਰਖ ਦੀ ਕਸਵੱਟੀ ਤੇ ਵੇਖੀਏ ਤਾਂ ਗੁਰ ਤੇ ਮਹਲ ਪਰਾਪਤੇ, ਬੈਕੁੰਠ, ਸਚਖੰਡ, ਪਰਲੋਕ, ਸਵਰਗ, ਬੇਗ਼ਮਪੁਰਾ, ਅਬਿਚਲ ਨਗਰ, ਕਰਤਾਰਪੁਰ, ਅਮ੍ਰਿਤ-ਸਰ 'ਚ ਚੁਭੀ ਲਾਉਣਾ, ਗੁਰ-ਸਰ ਆਦਿ ਲਫ਼ਜ਼ ਉੱਚੀ ਆਤਮਕ ਅਵਸਥਾ ਦੇ ਪ੍ਰਤੀਕ ਹਨ। ਇਸੇ ਤਰ੍ਹਾਂ ਮਨੁੱਖ ਦੇ ਮਨ ਦੀ 'ਨੀਵੀਂ ਆਤਮਕ ਅਵਸਥਾ' ਨੂੰ ਵੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਰਕ ਬਿਸ੍ਰਾਮੰ, ਨਰਕੇ ਘੋਰ ਪਵੰਨ, ਦੋਜ਼ਖ਼, ਜਮਾਂ ਦੇ ਵਸ ਪੈਣਾ, ਜਮਰਾਜ ਵਸ ਪੈਣਾ, ਲੇਖਾ ਪੈਣਾ, ਚਿਤ੍ਰਗੁਪਤ, ਪਤ ਗਵਾਉਣਾ ਇਤਿਆਦ ਲਫ਼ਜ਼ਾਂ ਰਾਹੀਂ ਸਮਝਾਇਆ ਗਿਆ ਹੈ। ਦੋਨੋਂ (ਉਚੀ ਤੇ ਨੀਵੀਂ) ਦਸ਼ਾਵਾਂ ਮਨੁੱਖ ਦੇ ਜਿਊਂਦੇ ਜੀਅ, ਇਸੇ ਜੀਵਨ ਬਾਰੇ ਹਨ, ਨਾ ਕਿ ਸਰੀਰਕ ਮਰਨ ਮਗਰੋਂ ਕਿਸੇ ਥਾਂ ਤੇ ਅਪੜਨ ਬਾਰੇ।

ਹੱਥਲੀ ਪੁਸਤਕ ਵਿਚ ਹੁਣ ਤਕ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਸ਼ਬਦਾਂ ਅਨੁਸਾਰ ਵਿਚਾਰਿਆ ਹੈ ਕਿ ਗੁਰਮਤ ਸਿਧਾਂਤ ਅਨੁਸਾਰ ਜਨਮ-ਮਰਨ, ਅੰਤਕਾਲ, ਆਵਾਗਵਨ, ਕਰਤੂਤ ਪਸ਼ੂ ਕੀ ਮਾਨਸ ਜਾਤ ਕੀ ਹੈ। ਸੋ ਸਾਰੀ ਵਿਚਾਰ ਤੋਂ ਪਤਾ ਲਗਦਾ ਹੈ ਕਿ **ਗੁਰੂ ਗ੍ਰੰਥ ਸਾਹਿਬ ਜੀ ਵਿਚ ਸਰੀਰਕ ਮੌਤ ਦੇ ਸਮੇਂ**

**ਨੂੰ 'ਅੰਤਕਾਲ' ਨਹੀਂ ਬਲਕਿ 'ਆਤਮਕ ਮੌਤ' (ਨਿਤ-ਨਿਤ) ਮਰਨ ਦੀ ਬਿਰਤੀ ਨੂੰ 'ਅੰਤਕਾਲ' ਕਹਿੰਦੇ ਹਨ। ਮਨੁੱਖ ਦੀ ਸੁਰਤ ਮਤ ਮਨ ਬੁਧ 'ਚ "ਮਾੜੀ ਸੋਚ ਦਾ ਫੁਰਨਾ ਆਉਣ ਵਾਲਾ ਪਲ" ਹੀ ਗੁਰਮਤ ਅਨੁਸਾਰ 'ਅੰਤਕਾਲ' ਹੈ।"**

ਗੂਜਰੀ ਰਾਗ ਦੇ ਸ਼ਬਦ ਰਾਹੀਂ ਵਿਸਥਾਰ ਵਿਚ ਸਮਝਣ ਦੀ ਕੋਸ਼ਿਸ਼ ਕਰਦੇ ਹਾਂ ਕਿ ਮਨੁੱਖ 'ਤੇ ਅੰਤਕਾਲ ਕਦੋਂ ਅਤੇ ਕਿਵੇਂ ਵਾਪਰਦਾ ਹੈ, ਮਨੁੱਖ ਕਿਵੇਂ ਉਸ ਤੋਂ ਬੱਚ ਸਕਦਾ ਹੈ।

**ਗੂਜਰੀ।।**

**ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ।।**

**ਸਰਪ ਜੋਨਿ ਵਲਿ ਵਲਿ ਅਉਤਰੈ।।੧।।**

**ਅਰੀ ਬਾਈ ਗੋਬਿੰਦ ਨਾਮੁ ਮਤਿ ਬੀਸਰੈ।।ਰਹਾਉ।।**

**ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ।।**

**ਬੇਸਵਾ ਜੋਨਿ ਵਲਿ ਵਲਿ ਅਉਤਰੈ।।੨।।**

**ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ।।**

**ਸੂਕਰ ਜੋਨਿ ਵਲਿ ਵਲਿ ਅਉਤਰੈ।।੩।।**

**ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ।।**

**ਪ੍ਰੇਤ ਜੋਨਿ ਵਲਿ ਵਲਿ ਅਉਤਰੈ।।੪।।**

**ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ।।**

**ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ।।੫।।੨।।** (ਗੁਰੂ ਗ੍ਰੰਥ ਸਾਹਿਬ, ਪੰਨਾ : 526)

ਇਸ ਸ਼ਬਦ ਦੇ ਪ੍ਰਚਲਤ ਅਰਥ ਜੋ ਅਸੀਂ ਹੁਣ ਤੱਕ ਸਮਝਦੇ ਆ ਰਹੇ ਹਾਂ ਉਨ੍ਹਾਂ ਅਨੁਸਾਰ ਜੇ ਕੋਈ ਸਰੀਰਕ ਅੰਤਕਾਲ ਸਮੇਂ ਲਛਮੀ ਨੂੰ ਸਿਮਰੇਗਾ ਤਾਂ ਐਸੀ ਚਿੰਤਾ 'ਚ ਮਰਨ ਤੋਂ ਬਾਅਦ ਸਰਪ ਜੂਨ ਵਿਚ ਪੈਦਾ ਹੋਵੇਗਾ। ਇਸੇ ਤਰ੍ਹਾਂ ਅੰਤਕਾਲ ਸਮੇਂ ਇਸਤ੍ਰੀ ਦੀ ਚਿੰਤਾ 'ਚ ਮਰਨ ਵਾਲਾ ਵੇਸਵਾ ਜੋਨ 'ਚ, ਲੜਕੇ ਯਾਦ ਕਰਨ ਵਾਲਾ ਸੂਕਰ ਜੋਨ, ਮੰਦਰ (ਮਕਾਨ) ਦੀ ਚਿੰਤਾ 'ਚ ਮਰਨ ਵਾਲਾ ਪ੍ਰੇਤ ਜੋਨ 'ਚ ਪਵੇਗਾ ਪਰ ਅੰਤਕਾਲ (ਸਰੀਰਕ ਮੌਤ ਸਮੇਂ) ਨਰਾਇਣ ਨੂੰ ਯਾਦ ਕਰਨ ਵਾਲਾ ਮਰਨ ਮਗਰੋਂ ਮੁਕਤ ਹੋਵੇਗਾ। ਆਓ ਹੁਣ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਨੁਸਾਰ ਇਸ ਸ਼ਬਦ ਨੂੰ ਵਿਚਾਰਨ ਤੋਂ ਪਹਿਲਾਂ ਕੁਝ ਸ਼ੰਕਿਆਂ ਦਾ ਨਿਵਾਰਣ ਕਰਨ ਦਾ ਉਪਰਾਲਾ ਕਰੀਏ :-

ਵੇਸਵਾ, ਕੋਈ ਵਖਰੀ ਜੂਨ ਨਹੀਂ ਬਲਕਿ ਮਨੁੱਖਾ ਜੂਨ ਹੀ ਹੈ। ਇਹ ਤਾਂ ਮਰਦਾਂ ਵਲੋਂ ਕਾਮਵਾਸਨਾ ਦੀ ਪੂਰਤੀ ਲਈ ਸ਼ੁਰੂ ਕੀਤੀ ਗਈ ਮਾੜੀ ਕਿਰਤ ਹੈ। ਵੇਸਵਾ ਰੱਬ ਜੀ ਦੀ ਕਿਰਤ ਨਹੀਂ, ਮਨੁੱਖਾਂ ਦੀ ਬਣਾਈ ਮੰਦੀ ਸੋਚ ਦੀ ਉਪਜ ਹੈ। ਇਸਦਾ ਮਤਲਬ ਸ਼ਬਦ ਦੇ ਉਹ ਅਖੌਤੀ ਪ੍ਰਚਲਤ ਅਰਥ ਨਹੀਂ ਹੋ ਸਕਦੇ ਕਿਉਂਕਿ 'ਵੇਸਵਾ' ਇਕ ਵਖਰੀ ਜੂਨ ਨਹੀਂ ਹੈ।

ਅਸਲੀਅਤ ਵਿਚ ਵੇਸਵਾ ਕੌਣ ਹੈ ?

**ਜੇ ਅਸੀਂ ਸੱਚੀ ਜੀਵਨੀ ਉੱਤੇ ਦ੍ਰਿੜ੍ਹ ਨਾ ਹੋ ਕੇ ਆਪਣੀ ਖ਼ੁਦਗਰਜ਼ੀ ਲਈ, ਵੇਸਵਾ ਦੀ ਤਰ੍ਹਾਂ ਆਪਣਾ ਦੀਨ ਈਮਾਨ ਵੇਚ ਦਿੰਦੇ ਹਾਂ ਅਤੇ ਹੋਰਨਾਂ ਲਈ ਜਿਊਣਾ ਮੁਸ਼ਕਲ ਕਰ ਦਿੰਦੇ ਹਾਂ ਤਾਂ ਐਸੇ ਕਰਮਾਂ ਵਾਲੇ ਹਰੇਕ ਮਨੁੱਖ ਨੂੰ ਵੇਸਵਾ ਕਹਿਣਾ ਬਣਦਾ ਹੈ।**

ਇਸੇ ਤਰ੍ਹਾਂ ਕਈ ਮਨੁੱਖ ਸੱਪਾਂ (ਸਰਪ) ਵਾਂਗੂੰ ਦੂਜਿਆਂ ਨੂੰ ਡੰਗ ਮਾਰਦੇ ਹਨ, ਕਈ ਮਨੁੱਖ ਸੂਅਰ (ਸੂਕਰ) ਵਾਂਗੂੰ ਮਾੜੀ ਜੀਵਨੀ 'ਚ ਹੀ ਖੱਚਤ ਰਹਿੰਦੇ ਹਨ, ਕਈ ਮਨੁੱਖ ਪ੍ਰੇਤ ਵਾਂਗੂੰ ਆਪਣੇ ਸਰੀਰ ਅਤੇ ਪਦਾਰਥਾਂ ਲਈ ਹੋਰਨਾਂ ਦਾ ਖ਼ੂਨ ਚੂਸਦੇ ਅਤੇ ਜਿਊਣਾ ਔਖਾ ਕਰ ਦਿੰਦੇ ਹਨ। ਇਸੇ ਦ੍ਰਿਸ਼ਟੀ ਕੋਣ ਤੋਂ ਇਸ ਸ਼ਬਦ ਨੂੰ ਵਿਚਾਰਨਾ ਹੈ। ਪੁਰਾਤਨ ਅਖੌਤੀ ਆਵਾਗਵਨ, ਕਰਮਾਂ ਦੀ, ਪਾਪ-ਪੁੰਨ ਦੀ ਫਿਲਾਸਫੀ ਨਾਲ ਜੋ ਅਰਥ ਦੁਨੀਆ ਕਰਦੀ ਸੀ ਉਹ ਦਲੀਲ ਭਰਪੂਰ ਨਹੀਂ ਲਗਦੇ ਅਤੇ ਨਾ ਹੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਸਵਟੀ ਉੱਤੇ ਖਰੇ ਉਤਰਦੇ ਹਨ।

**ਬੇਨਤੀ** – ਇਸ ਲੇਖ ਦੇ ਮਜ਼ਮੂਨ ਨੂੰ ਗੁਰਮਤ ਦੀ ਰਹਿਨੁਮਾਈ ਹੇਠ ਸਮਝਣ ਦਾ ਜਤਨ ਕਰ ਰਹੇ ਹਾਂ, ਸਮੂਹ ਮਨੁੱਖ ਜਾਤ ਨਾਲ ਕੇਵਲ ਵਿਚਾਰ ਸਾਂਝ ਕਰ ਰਹੇ ਹਾਂ। ਕਿਸੇ ਵਲੋਂ ਪਰਚਾਰੀ ਫਿਲਾਸਫੀ, ਜ਼ਾਤੀ ਤਜੁਰਬੇ ਜਾਂ ਕਹਾਣੀਆਂ ਨੂੰ ਬਦਲਣ ਜਾਂ ਝੁਠਲਾਉਣ ਦਾ ਜਤਨ ਨਹੀਂ ਕਰ ਰਹੇ ਹਾਂ, ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਨੁਸਾਰ ਜਨਮ ਮਰਣ, ਆਵਾਗਵਨ, ਪੁਨਰ ਜਨਮ ਦੇ ਵਿਸ਼ੇ ਨੂੰ ਸਮਝਣ ਦਾ ਨਿਮਾਣਾ ਜਤਨ ਕਰ ਰਹੇ ਹਾਂ। ਇਹੋ ਕਾਰਨ ਹੈ ਕਿ ਅਸੀਂ ਇਨ੍ਹਾਂ ਵਿਸ਼ਿਆਂ ਨਾਲ ਸੰਬੰਧਿਤ ਐਸੇ ਸ਼ਬਦਾਂ ਨੂੰ ਵਿਚਾਰ ਰਹੇ ਹਾਂ, ਜਿਨ੍ਹਾਂ ਨੂੰ ਲੋਕੀਂ ਪ੍ਰਚਲਤ ਅਖੌਤੀ (notion) ਆਵਾਗਵਨ, ਪਾਪ ਪੁੰਨ, ਕਰਮਾਂ ਫਿਲਾਸਫੀ ਨਾਲ ਢੁਕਾ ਦਿੰਦੇ ਹਨ।

ਗੁਰੂ ਗ੍ਰੰਥ ਸਾਹਿਬ ਜੀ ਦੇ ਸਿੱਧਾਂਤਾਂ ਨੂੰ ਮੁੱਖ ਰੱਖਦੇ ਹੋਏ ਇਸ ਸ਼ਬਦ ਨੂੰ ਵਿਚਾਰ ਕੇ ਦੇਖੀਏ ਤਾਂ ਕਿ ਸਾਡੇ ਜੀਵਨ 'ਚ ਬਦਲਾਵ ਆ ਸਕੇ।

**ਅੰਤਿ ਕਾਲਿ** :- ਇਸ ਸ਼ਬਦ ਵਿਚ ਅੰਤਿ ਦੇ 'ਤ' ਨੂੰ ਸਿਹਾਰੀ ਅਤੇ ਕਾਲਿ ਦੇ 'ਲ' ਨੂੰ ਵੀ ਸਿਹਾਰੀ ਲਗੀ ਹੈ।

**1. ਅੰਤਿ :- ਆਤਮਕ ਮੌਤ ਵਿਚ।**

**2. ਕਾਲਿ :- ਕਾਲ ਕਰਕੇ ਜਾਂ ਕਾਲ ਨੇ।**

ਇਨ੍ਹਾਂ ਲਫ਼ਜ਼ਾਂ ਦੇ ਭਾਵਅਰਥ ਨੂੰ ਅਸੀਂ ਇਵੇਂ ਵਿਚਾਰ ਸਕਦੇ ਹਾਂ ''ਮਨੁੱਖ ਦੀ 'ਆਤਮਕ ਮੌਤ' (ਅੰਤਿ) ਦਾ ਕਾਰਨ ਵਿਕਾਰ (ਕਾਲਿ) ਬਣਦੇ ਹਨ।" ਭਾਵ ਹਰ ਮਨੁੱਖ ਆਪਣੇ ਆਪ 'ਤੇ ਢੁਕਾ ਸਕਦਾ ਹੈ ਕਿ ਮੇਰੇ ਅੰਤ ਸਮੇਂ ਦਾ ਕਾਰਨ ਮੇਰੇ ਅਵਗੁਣਾਂ ਵਿਚ ਫਸਣਾ ਹੈ। ਸੋ ਮਨੁੱਖ ਜਦੋਂ ਵੀ ਕਿਸੇ ਇਕ ਵੀ ਵਿਕਾਰ ਦੇ ਵਸ ਪੈ ਜਾਂਦਾ ਹੈ ਭਾਵੇਂ ਸੋਚ, ਖਿਆਲ, ਫੁਰਨੇ, ਸੁਰਤ, ਮਨ ਕਰਕੇ ਤੇ ਭਾਵੇਂ ਕਰਨੀਆਂ ਕਰਕੇ ਤਾਂ ਮਨੁੱਖ 'ਆਤਮਕ ਮੌਤ' ਮਰ ਜਾਂਦਾ ਹੈ ਪਰ ਸਰੀਰਕ ਤੌਰ ਤੇ ਜਿਊਂਦਾ ਹੀ ਰਹਿੰਦਾ ਹੈ।

**ਅਉਤਰੈ** :- ਆਮ ਤੌਰ 'ਤੇ ਇਸ ਦੇ ਅਰਥ ਸਮਝੇ ਜਾਂਦੇ ਹਨ ਕਿ ਅਵਤਾਰ ਲੈਣਾ ਭਾਵ ਸਰੀਰਕ ਰੂਪ ਵਟਾਉਣਾ। ਭਾਈ ਕਾਨ੍ਹ ਸਿੰਘ ਜੀ ਨਾਭਾ ਆਪਣੀ ਪੁਸਤਕ 'ਮਹਾਨ ਕੋਸ਼' 'ਚ ਅਉਤਰੈ, ਅਉਤਰਣ ਦਾ ਅਰਥ

ਲਿਖਦੇ ਹਨ ਕਿ **'ਅਉਤਰੈ, ਅਉਤਰਣ' ਦਾ ਭਾਵ ਅਰਥ ਹੈ- "ਨਕਲ, ਉਤਾਰਾ" ਜਾਂ "ਉਪਰੋਂ ਹੇਠਾਂ ਆਉਣ ਦੀ ਕਿਰਿਆ"। ਸੋ ਇਸ ਅਨੁਸਾਰ 'ਅਉਤਰੈ' ਦਾ ਭਾਵ ਹੈ, ਉਸ ਤਰ੍ਹਾਂ ਦੀ ਕਰਮਾਂ ਵਾਲੀ ਨਕਲ ਜਾਂ ਮਨੁੱਖੀ ਕਰਮਾਂ ਤੋਂ ਹੇਠਲੇ (ਪਸ਼ੂ, ਪੰਛੀ, ਜੀਵ, ਜੰਤ) ਪੱਧਰ ਦੇ ਕਰਮਾਂ ਦੀ ਕਿਰਿਆ ਕਰਨੀ।**

ਇਸ ਨੁਕਤੇ ਨੂੰ ਸਨਮੁਖ ਰਖ ਕੇ ਸ਼ਬਦ ਨੂੰ ਸੰਕੋਚਵੇਂ ਢੰਗ ਨਾਲ ਵਿਚਾਰੀਏ।

**ਪਦਾ ਰਹਾਉ :- ਅਰੀ ਬਾਈ ਗੋਬਿੰਦ ਨਾਮੁ ਮਤਿ ਬੀਸਰੈ।।ਰਹਾਉ।।**

ਐ ਦੁਨੀਆ ਦੇ ਲੋਕੋ, ਸੰਗੀ ਸਾਥੀਓ, ਮੇਰੀਆਂ ਇੰਦਰੀਆਂ ਗਿਆਨ ਇੰਦਰੀਆਂ ਰੂਪੀ ਸਖੀਓ, ਸਹੇਲੀਓ, ਸਤਸੰਗੀਓ, ਰੱਬ ਜੀ ਦੀ ਨਿਰੰਤਰ ਯਾਦ 'ਚ, ਰੱਬੀ ਗੁਣਾਂ ਵਾਲਾ ਜੀਵਨ ਜਿਊਣਾ ਚਾਹੀਦਾ ਹੈ, ਜਿਸ 'ਚੋਂ ਰੱਬ ਜੀ ਕਦੀ ਨ ਵਿਸਰਨ ਕਿਉਂਕਿ ਰੱਬ ਜੀ ਨੂੰ ਵਿਸਾਰ ਕੇ ਮਨੁੱਖ ਵਿਕਾਰਾਂ ਹਥੀ ਖੁਆਰੀ ਵਾਲੇ ਜੀਵਨ ਦੀ 'ਆਤਮਕ ਮੌਤ' ਮਰਦਾ ਰਹਿੰਦਾ ਹੈ।

**ਪਦਾ ਪਹਿਲਾ :- ਅੰਤਿ ਕਾਲਿ ਜੋ ਲਛਮੀ...... ਵਲਿ ਵਲਿ ਅਉਤਰੈ।।**

ਜਿਸ ਪਲ ਮਨੁੱਖ ਮਾਇਆ (ਲਛਮੀ) 'ਚ ਖੱਚਤ ਹੋ ਕੇ ਜਿਉਂਦਾ ਹੈ, ਐਸੀ ਬਿਰਤੀ ਹੀ ਉਸ ਦੀ ਆਤਮਕ ਮੌਤ ਦਾ ਕਾਰਨ ਬਣ ਜਾਂਦੀ ਹੈ ਅਤੇ ਉਹ ਦੂਜਿਆਂ ਨੂੰ ਸੱਪ ਵਾਂਗੂ ਡੰਗ ਮਾਰਦਾ ਰਹਿੰਦਾ ਹੈ। ਨਤੀਜਤਨ ਇਸੇ ਸਰੀਰਕ ਜੀਵਨ ਵਿਚ ਜਿਉਂਦਿਆਂ (ਮਨ ਕਰਕੇ) ਸੱਪ ਦੀ ਜੂਨ 'ਚ ਪਿਆ ਰਹਿੰਦਾ ਹੈ।

**ਪਦਾ ਦੂਜਾ:- ਅੰਤਿ ਕਾਲਿ ਜੋ ਇਸਤ੍ਰੀ.... ਵਲਿ ਵਲਿ ਅਉਤਰੈ।।**

ਇਥੇ ਇਸਤ੍ਰੀ ਦੇ ਅਰਥ ਆਪਣੇ ਸਰੀਰ ਲਈ ਸੁਆਰਥੀ (ਲਾਲਚੀ) ਮਨੁੱਖ ਦੀ ਬਿਰਤੀ ਪੱਖੋਂ ਲੈਣੇ ਹਨ। ਭਾਵ ਜਦ ਮਨੁੱਖ ਕੇਵਲ ਆਪਣੇ ਸੁਆਰਥ ਲਈ ਕਰਮ ਕਰ ਰਿਹਾ ਹੈ, ਉਸਦੀ ਇਹੋ ਬਿਰਤੀ ਆਤਮਕ ਮੌਤ (ਅੰਤਿ ਕਾਲਿ) ਦਾ ਕਾਰਨ ਬਣ ਜਾਂਦੀ ਹੈ। ਐਸਾ ਮਨੁੱਖ ਆਪਣੇ ਸਰੀਰ ਦੇ ਜਾਂ ਪਰਿਵਾਰ ਦੇ ਸੁਖਾਂ ਲਈ ਸੁਆਰਥੀ ਜੀਵਨੀ ਬਿਤਾਉਂਦਾ ਹੈ ਜੋ ਕਿ ਨਿਰਾ ਵੇਸਵਾ ਦੀ ਨਿਆਈਂ ਹੈ। ਇਸ ਦੁਨੀਆ 'ਚ ਜਿਉਂਦਿਆਂ ਜਦ ਮਨੁੱਖ ਆਪਣਾ ਤਨ, ਮਨ ਸੱਚ ਅੱਗੇ, ਗਿਆਨ-ਗੁਰੂ ਅੱਗੇ, ਸੱਚੇ ਜੀਵਨ, ਸਰਬਤ ਦੇ ਭਲੇ ਲਈ ਅਰਪਣ ਨਹੀਂ ਕਰਦਾ ਪਰ ਸੁਆਰਥ ਖਾਤਰ, ਖੁਦਗਰਜ਼ੀ ਲਈ ਝੂਠ ਅੱਗੇ, ਝੂਠੇ ਕਰਮਾਂ ਲਈ, ਝੂਠੇ ਧੰਧਿਆਂ 'ਚ, ਝੂਠੇ ਲੋਕਾਂ ਅੱਗੇ ਆਪਣਾ ਤਨ, ਮਨ, ਧਨ, ਦੀਨ ਅਤੇ ਈਮਾਨ ਵੇਚ ਦਿੰਦਾ ਹੈ ਤਾਂ ਉਸ ਦਾ ਚਰਿੱਤਰ ਗੁਰਬਾਣੀ ਅਨੁਸਾਰ ਚੰਗਾ ਨਹੀਂ ਗਿਣਿਆ ਜਾਂਦਾ। ਜੋ ਕਿ ਵੇਸਵਾ ਦਾ ਹੀ ਲਖਾਇਕ ਹੈ। ਕੋਈ ਵੀ ਇਸਤਰੀ-ਮਰਦ, ਮੁੰਡਾ-ਕੁੜੀ ਜਾਂ ਵਡੇਰੀ ਉਮਰ ਵਾਲਾ ਮਨੁੱਖ ਹੋਵੇ, ਜੇ ਉਹ ਆਪਣੇ ਦੀਨ ਈਮਾਨ ਤੇ ਨਹੀ ਖੜਾ, ਨਿੱਕੀ-ਨਿੱਕੀ ਗੱਲ ਤੇ ਵਿਕ ਜਾਂਦਾ ਹੈ, ਹਰ ਵਿਕਾਰ ਵਿਚ ਫਸ ਜਾਂਦਾ ਹੈ ਤਾਂ ਵੇਸਵਾ ਦੀ ਨਿਆਈ ਹੈ। ਇਹੋ ਬਿਰਤੀ ਆਤਮਕ ਮੌਤ ਦਾ ਕਾਰਨ ਹੈ।

**ਪਦਾ ਤੀਜਾ:- ਅੰਤਿ ਕਾਲਿ ਜੋ ਲੜਿਕੇ... ਵਲਿ ਵਲਿ ਅਉਤਰੈ।।**

ਇਸ ਸ਼ਬਦ ਦੇ ਬਾਕੀ ਪਦਿਆਂ ਵਿਚ ਆਏ ਲਫ਼ਜ਼ ਲਛਮੀ, ਇਸਤ੍ਰੀ, ਮੰਦਰ ਨਾਰਾਇਣ ਨੂੰ ਵਿਚਾਰੀਏ ਤਾਂ ਉਹ ਸਭ ਵੇਖਣ 'ਚ ਇਕਵਚਨ (singular) 'ਚ ਲਿਖੇ ਹੋਏ ਮਿਲਦੇ ਹਨ ਪਰ ਲਫ਼ਜ਼ 'ਲਰਿਕੇ' ਆਪਣੇ ਆਪ 'ਚ ਬਹੁਵਚਨ (plural) ਦਿਸਦਾ ਹੈ।

ਜੇ ਕਰ ਲਰਿਕੇ ਦਾ ਮਤਲਬ ਇਥੇ ਪੁੱਤਰ (sons) ਕਰਾਂਗੇ ਤਾਂ ਜਿਨ੍ਹਾਂ ਦੇ ਵਿਆਹ ਨਹੀਂ ਹੋਏ, ਜਿਨ੍ਹਾਂ ਦੇ ਬੱਚੇ ਨਹੀਂ ਹਨ ਜਾਂ ਜਿਨ੍ਹਾਂ ਦੀਆਂ ਸਿਰਫ਼ ਧੀਆਂ ਹਨ, ਕੀ ਇਹ ਸ਼ਬਦ ਉਨ੍ਹਾਂ ਤੇ ਲਾਗੂ ਨਹੀਂ ਹੁੰਦਾ ? ਪਰ ਐਸਾ ਹੋ ਨਹੀਂ ਸਕਦਾ ਕਿਉਂਕਿ ਗੁਰਬਾਣੀ ਸਭ ਜਗ੍ਹਾ, ਹਰੇਕ ਸਮੇਂ, ਹਰੇਕ ਮਨੁੱਖ ਤੇ ਪੂਰੀ-ਪੂਰੀ ਢੁਕਦੀ ਹੈ, ਇਸੇ ਕਰਕੇ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 'ਸਤਿਗੁਰ' ਸੱਚ ਦਾ ਗਿਆਨ (universal truth) ਹੈ।

ਕਬੀਰ ਸਾਹਿਬ ਦੇ ਹੇਠਲੇ ਸਲੋਕਾਂ ਰਾਹੀਂ 'ਲਰਿਕੇ' ਅਤੇ 'ਲਰਿਕੀ' ਸ਼ਬਦਾਂ ਦੇ ਅਰਥ ਸਮਝਣ ਦਾ ਜਤਨ ਕਰਦੇ ਹਾਂ :-

**1. ਕਬੀਰ ਐਸਾ ਕੋਈ ਨ ਜਨਮਿਓ ਅਪਨੈ ਘਰਿ ਲਾਵੈ ਆਗਿ।। ਪਾਂਚਉ ਲਰਿਕਾ ਜਾਰਿ ਕੈ ਰਹੈ ਰਾਮ ਲਿਵ ਲਾਗਿ।।੪੨।।** (ਗੁਰੂ ਗ੍ਰੰਥ ਸਾਹਿਬ, ਪੰਨਾ : 1366)

**2. ਕੋ ਹੈ ਲਰਿਕਾ ਬੇਚਈ ਲਰਿਕੀ ਬੇਚੈ ਕੋਇ।।**

**ਸਾਝਾ ਕਰੈ ਕਬੀਰ ਸਿਉ ਹਰਿ ਸੰਗਿ ਬਨਜੁ ਕਰੇਇ।।੪੩।।**

(ਗੁਰੂ ਗ੍ਰੰਥ ਸਾਹਿਬ, ਪੰਨਾ : 1366)

ਇਨ੍ਹਾਂ ਦੋਵੇਂ ਸਲੋਕਾਂ ਦੇ ਭਾਵ ਅਰਥ ਨੂੰ ਰਲਾ ਕੇ ਸਮਝੀਏ ਤਾਂ ਕਬੀਰ ਜੀ ਉਚਾਰਦੇ ਹਨ ਕਿ ਜਦੋਂ ਮਨੁੱਖ ਕਾਮਾਦਿਕ ਮਾਇਆ ਦੇ ਪੰਜੇ ਲਰਿਕੇ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਰੂਪੀ ਪੁੱਤਰ) ਆਪਣੇ ਸਰੀਰ, ਮਤ, ਸੁਰਤ, ਬੁਧੀ ਚੋਂ ਸਾੜ ਦਿੰਦਾ ਹੈ ਅਤੇ ਜਦੋਂ ਰੱਬ ਜੀ ਨਾਲ (ਹਰਿ ਸੰਗਿ) ਮਾਇਆ ਦੇ ਪੁੱਤਰ (ਲਰਿਕੇ) ਅਤੇ ਆਸਾ, ਤ੍ਰਿਸ਼ਨਾ, ਈਰਖਾ, ਨਿੰਦਾ, ਚਿੰਤਾ ਰੂਪੀ ਧੀਆਂ (ਲਰਿਕੀ) ਦੇਣ ਦਾ ਸੌਦਾ (ਬਨਜ) ਕਰਦਾ ਹੈ ਅਤੇ ਇਨ੍ਹਾਂ ਬਦਲੇ ਰੱਬੀ ਗੁਣ, ਰੱਬੀ ਕਰਮ, ਰੱਬੀ ਗਿਆਨ, ਰੱਬ ਜੀ ਦੀ ਨਿਰੰਤਰ ਯਾਦ (ਸਿਮਰਨ) ਲੈਂਦਾ ਹੈ ਤਾਂ ਉਹ ਵਿਰਲਾ ਬਣ ਜਾਂਦਾ ਹੈ।

**"ਸੂਕਰ ਜੋਨਿ ਵਲਿ ਵਲਿ ਅਉਤਰੈ"** ਇਸ ਪੰਕਤੀ ਵਿਚ ਆਏ 'ਸੂਕਰ' ਲਫ਼ਜ਼ ਨੂੰ ਬਾਣੀ ਰਾਹੀਂ ਸਮਝੀਏ :-

**1. ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ।।**
**ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ।।**

(ਗੁਰੂ ਗ੍ਰੰਥ ਸਾਹਿਬ, ਪੰਨਾ : 1428)

**2. ਕੂਕਰ ਸੂਕਰ ਕਹੀਅਹਿ ਕੂੜਿਆਰਾ।। ਭਉਕਿ ਮਰਹਿ ਭਉ ਭਉ ਭਉ ਹਾਰਾ।। ਮਨਿ ਤਨਿ ਝੂਠੇ ਕੂੜੁ ਕਮਾਵਹਿ ਦੁਰਮਤਿ ਦਰਗਹ ਹਾਰਾ ਹੇ।।**

(ਗੁਰੂ ਗ੍ਰੰਥ ਸਾਹਿਬ, ਪੰਨਾ : 1029)

**3. ਪਰ ਦਰਬ ਹਿਰਣੰ ਬਹੁ ਵਿਘਨ ਕਰਣੰ ਉਚਰਣੰ ਸਰਬ ਜੀਅ ਕਹ।। ਲਉ ਲਈ ਤ੍ਰਿਸਨਾ ਅਤਿਪਤਿ ਮਨ ਮਾਏ ਕਰਮ ਕਰਤ ਸਿ ਸੂਕਰਹ।।**

(ਗੁਰੂ ਗ੍ਰੰਥ ਸਾਹਿਬ, ਪੰਨਾ : 1360)

ਪਹਿਲੇ ਪ੍ਰਮਾਣ 'ਚ ਸਮਝਾਇਆ ਹੈ ਕਿ ਜਿਸ ਪਲ ਮਨੁੱਖ ਰੱਬ ਜੀ ਨੂੰ ਹਿਰਦੇ 'ਚ ਨਹੀਂ ਵਸਾਉਂਦਾ ਰੱਬੀ ਭਾਣੇ ਵਿਚ ਨਹੀਂ ਜਿਉਂਦਾ ਤਾਂ ਉਸਦਾ ਤਨ ਮਾਨੋ ਸੂਕਰ ਅਤੇ ਕੁੱਤੇ ਦੀ ਨਿਆਈਂ ਹੈ।

ਦੂਜੇ ਪ੍ਰਮਾਣ ਰਾਹੀਂ ਦਸਿਆ ਹੈ ਕਿ ਜਦ ਮਨੁੱਖੀ ਮਨ ਅੰਦਰੋਂ ਹੋਰ ਤੇ ਬਾਹਰੋਂ ਹੋਰ ਵਾਲੀ ਸ਼ਖ਼ਸੀਅਤ ਦਾ ਮਾਲਿਕ ਬਣ ਜਾਂਦਾ ਹੈ ਤਾਂ ਉਹ ਵੇਖਣ ਨੂੰ ਸਰੀਰ ਰੂਪ 'ਚ ਤਾਂ ਮਨੁੱਖ ਲਗਦਾ ਹੈ ਪਰ ਦਿਖਾਵੇ ਵਾਲੀ ਝੂਠੀ

ਜੀਵਨੀ ਦੀ ਖਾਤਰ ਸੂਰ ਜਾਂ ਕੁੱਤੇ ਵਾਂਗ ਭਟਕ-ਭਟਕ ਤੇ 'ਭੌਂਕ-ਭੌਂਕ' ਕੇ ਆਤਮਕ ਮੌਤ ਸਹੇੜ ਲੈਂਦਾ ਹੈ। ਆਪਣੀ ਦੋਹਰੀ ਜ਼ਿੰਦਗੀ ਨੂੰ ਦੁਰਮਤ ਰਾਹੀਂ ਵਧਾਉਂਦਾ ਹੈ ਪਰ ਹਿਰਦੇ ਦੀ ਕਚਿਹਰੀ ਵਿਚ ਸਦਾ ਹਾਰਿਆ (ਅਸ਼ਾਂਤ, ਬੇਚੈਨ) ਰਹਿੰਦਾ ਹੈ।

ਤੀਜੇ ਪ੍ਰਮਾਣ 'ਚ ਸਮਝਾਇਆ ਹੈ ਕਿ ਜੋ ਮਨੁੱਖ ਆਪਣੇ ਤਨ ਜਾਂ ਪਰਿਵਾਰ ਨੂੰ ਪਾਲਣ ਖਾਤਰ ਪਰਾਇਆ ਹੱਕ ਖੋਂਹਦੇ ਹਨ, ਹੋਰਨਾਂ ਦੇ ਕੰਮਾਂ 'ਚ ਰੋੜੇ ਅਟਕਾਉਂਦੇ ਹਨ, ਜੋ ਜੀਅ 'ਚ ਆਵੇ ਬੋਲ ਕੁਬੋਲ ਬੋਲਦੇ ਰਹਿੰਦੇ ਹਨ, ਤ੍ਰਿਸ਼ਨਾ ਕਾਰਨ ਮਾੜਾ ਹੀ ਸੋਚਦੇ ਅਤੇ ਮਾੜੇ ਹੀ ਕਰਮ ਕਰਦੇ ਰਹਿੰਦੇ ਹਨ ਉਹ ਮਨੁੱਖ 'ਸੂਕਰ' ਦੀ ਨਿਆਈਂ ਹਨ।

ਲਰਿਕੇ ਲਰਿਕੀ ਅਤੇ ਸੂਕਰ ਲਫ਼ਜ਼ਾਂ ਦੇ ਸਮੁੱਚੇ ਭਾਵ ਅਰਥਾਂ ਨੂੰ ਵਿਚਾਰੀਏ ਤਾਂ ਪਤਾ ਲੱਗਦਾ ਹੈ ਕਿ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਰੂਪੀ ਪੁੱਤਰਾਂ (ਲਰਿਕੇ) ਅਤੇ ਆਸ਼ਾ, ਤ੍ਰਿਸਨਾ, ਈਰਖਾ, ਨਿੰਦਾ, ਚਿੰਤਾ ਰੂਪੀ ਧੀਆਂ (ਲਰਿਕੀ) ਵਾਲੀ ਬਿਰਤੀ 'ਚ ਖਚਤ ਰਹਿਣਾ ਹੀ ਆਤਮਕ ਮੌਤ ਸਹੇੜਨਾ ਹੈ।

**ਪਦਾ ਚਉਥਾ:- ਅੰਤਿ ਕਾਲਿ ਜੋ ਮੰਦਰ.... ਵਲਿ ਵਲਿ ਅਉਤਰੈ।।** ਆਮ ਤੌਰ 'ਤੇ ਸਮਝਿਆ ਜਾਂਦਾ ਹੈ ਕਿ ਮਨੁੱਖ, ਜਦੋਂ ਸਰੀਰ ਛੱਡ ਜਾਂਦਾ ਹੈ ਤਾਂ ਉਸਦੀ ਆਤਮਾ ਘਰ ਦੇ (ਮੰਦਰ) ਉਪਰ 14 ਦਿਨ ਭਟਕਦੀ ਰਹਿੰਦੀ ਹੈ ਤੇ ਜੇ ਉਸਦਾ ਨਿਬੇੜਾ ਨਾ ਹੋਵੇ ਤਾਂ ਪ੍ਰੇਤ ਬਣ ਜਾਂਦੀ ਹੈ। ਲੋਕਾਂ ਦੀ ਇਸੇ ਸੋਚਣੀ ਨੂੰ ਵਰਤ ਕੇ ਪ੍ਰੋੜ੍ਹਾਵਾਦੀ ਢੰਗ ਰਾਹੀਂ ਸਮਝਾਇਆ ਹੈ ਕਿ "ਜੋ ਮਨੁੱਖ ਪਕੜ, ਮੋਹ ਵਾਲੇ ਸੁਭਾਅ ਅਧੀਨ ਮਹਲ ਮਾੜੀਆਂ, ਜ਼ਮੀਨ ਜਾਇਦਾਦ ਜਾਂ ਕੇਵਲ ਆਪਣੇ ਸਰੀਰ ਬਾਰੇ ਹੀ ਦਿਨ ਰਾਤ ਚਿੰਤਿਤ ਰਹਿੰਦੇ ਹਨ, ਉਹ ਮਾਨੋ ਜਿਵੇਂ ਮਨੁੱਖਾ ਸਰੀਰ 'ਚ ਰਹਿ ਕੇ ਪ੍ਰੇਤ ਜੋਨ ਵਾਲਾ ਜੀਵਨ ਜਿਊ ਰਹੇ ਹਨ।"

**ਪਦਾ ਪੰਜਵਾਂ:- ਅੰਤਿ ਕਾਲਿ ਨਾਰਾਇਣੁ................. ਰਿਦੈ ਬਸੈ।।੫।।੨।।**

ਰਹਾਉ 'ਚ ਕਿਹਾ ਹੈ **ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ।।**

ਰਹਾਉ ਪਦੇ ਅਤੇ ਆਖਰੀ ਪਦੇ ਵਿਚ ਗੁਰਮਤ ਦਾ ਇਹ ਸੁਨੇਹਾ ਦ੍ਰਿੜ੍ਹ ਕਰਵਾਇਆ ਹੈ ਕਿ ਗੋਬਿੰਦ ਭਾਵ ਨਰਾਇਣ (ਰੱਬ ਜੀ) ਨੂੰ ਨਹੀਂ ਵਿਸਾਰਨਾ ਚਾਹੀਦਾ। ਜੋ ਮਨੁੱਖ ਰੱਬੀ ਯਾਦ ਵਿਚ ਕਰਮ ਕਰਦਾ ਹੈ ਭਾਵ ਰੱਬੀ ਗੁਣਾਂ ਵਾਲੀ ਜੀਵਨੀ ਜਿਊਂਦਾ ਹੈ, ਗਿਆਨ-ਗੁਰੂ ਰਾਹੀਂ ਉਸਦੀ ਕੁਮਤ ਸੁਮਤ ਬਣ ਜਾਂਦੀ ਹੈ ਅਤੇ ਉਹ ਵਾਰ-ਵਾਰ 'ਆਤਮਕ ਮੌਤ' ਨਹੀਂ ਮਰਦਾ। ਉਹ ਮਨੁੱਖ ਜਿਊਂਦਿਆ ਹੀ ਜੀਵਨ ਮੁਕਤ ਅਵਸਥਾ 'ਚ ਰਹਿੰਦਾ ਹੈ। ਰੱਬ ਜੀ ਉਸਦੇ ਹਿਰਦੇ 'ਚ ਆ ਵਸਦੇ ਹਨ।

ਅਸੀਂ ਵਿਚਾਰ ਆਏ ਹਾਂ ਕਿ ਜੋ ਮਨੁੱਖ ਸਾਰੀ ਉਮਰ ਮਾੜੇ ਕਰਮਾਂ 'ਚ ਖੱਚਤ ਜੀਵਨੀ ਬਿਤਾਉਂਦਾ ਹੈ ਉਸ ਨੂੰ ਸਰੀਰਕ ਮੌਤ ਸਮੇਂ ਰੱਬ ਜੀ ਯਾਦ ਆ ਹੀ ਨਹੀਂ ਸਕਦੇ ਹਨ। ਅਧਿਆਤਮਕ ਪਖੋਂ ਵੀ ਵਿਚਾਰ ਚੁਕੇ ਹਾਂ ਕਿ ਮਾੜੀ ਕਰਤੂਤ ਵਾਲੀ 'ਆਤਮਕ ਮੌਤ' ਸਮੇਂ ਵੀ ਰੱਬ ਜੀ ਚੇਤੇ ਨਹੀਂ ਆ ਸਕਦੇ ਹਨ। ਦੋਨੋਂ ਪਖੋਂ ਮਨੁੱਖ ਦੇ ਸਰੀਰਕ ਜੀਵਨ ਜਿਊਂਦਿਆਂ ਦੀ ਗੱਲ ਚਲ ਰਹੀ ਹੈ।

**ਵਿਅੰਗ:-** ਇਕ ਪਿਤਾ ਸਰੀਰਕ ਮੌਤ ਦੇ ਨੇੜੇ ਹੈ, ਉਸਦੇ ਘਰ ਦੇ ਜੀਅ ਅਤੇ ਰਿਸ਼ਤੇਦਾਰ ਆਲੇ-ਦੁਆਲੇ ਖੜ੍ਹੇ ਹਨ, ਉਹ ਉਨ੍ਹਾਂ ਵੱਲ ਮੂੰਹ ਕਰਕੇ ਪੁੱਛਦਾ ਹੈ ਕਿ ਵੱਡਾ ਪੁੱਤਰ ਕਿੱਥੇ ਹੈ ? ਪੁੱਤਰ ਨੇ ਅੱਗੋਂ ਹੁੰਗਾਰਾ ਦਿੰਦਿਆਂ ਕਿਹਾ, ਪਿਤਾ ਜੀ ਮੈਂ ਤੁਹਾਡੇ ਸੱਜੇ ਖੜ੍ਹਾ ਹਾਂ, ਤੁਸੀਂ ਫ਼ਿਕਰ ਨਾ ਕਰੋ, ਰੱਬ ਦਾ ਨਾਂ ਲਵੋ। ਫਿਰ ਪਿਤਾ ਨੇ

ਵਿਚਕਾਰਲੇ ਪੁੱਤਰ ਬਾਰੇ ਪੁੱਛਿਆ, ਉਸਨੇ ਕਿਹਾ ਮੈਂ ਤੁਹਾਡੇ ਖੱਬੇ ਖੜ੍ਹਾ ਹਾਂ, ਫਿਕਰ ਨਾ ਕਰੋ ਰੱਬ ਦਾ ਨਾਂ ਲਵੋ। ਫਿਰ ਪਿਤਾ ਨੇ ਛੋਟੇ ਪੁੱਤਰ ਬਾਰੇ ਪੁੱਛਿਆ, ਤਾਂ ਉਸਨੇ ਵੀ ਜਵਾਬ ਦਿੱਤਾ ਕਿ ਮੈਂ ਤੁਹਾਡੇ ਚਰਨਾਂ ਕੋਲ ਖੜ੍ਹਾ ਹਾਂ, ਤੁਸੀਂ ਬੇਫ਼ਿਕਰ ਹੋ ਕੇ ਰੱਬ ਦਾ ਨਾਂ ਲਵੋ। ਪਿਤਾ ਨਾਰਾਜ਼ ਹੋ ਕੇ ਗੁੱਸੇ 'ਚ ਆਪਣੇ ਮੱਥੇ 'ਤੇ ਹੱਥ ਮਾਰ ਕੇ ਬੋਲਿਆ, ਜੇ ਸਾਰੇ ਇਥੇ ਹੀ ਖੜ੍ਹੇ ਹੋ ਤਾਂ ਫਿਰ ਦੁਕਾਨ 'ਤੇ ਕੌਣ ਗਿਆ ਹੈ ?

ਇਸ ਵਿਅੰਗ ਤੋਂ ਸਮਝਣਾ ਇਹ ਹੈ ਕਿ ਜਿਸ ਮਨੁੱਖ ਨੂੰ ਸਾਰੀ ਉਮਰ ਦੁਕਾਨ ਦੀ ਹੀ ਚਿੰਤਾ ਲੱਗੀ ਰਹੀ ਉਹ ਮੌਤ ਵੇਲੇ ਰੱਬ ਨੂੰ ਕਿਵੇਂ ਯਾਦ ਕਰ ਸਕਦਾ ਹੈ। ਉਹੀ ਯਾਦ ਰੱਖੇਗਾ ਜੋ ਉਸਨੇ ਜੀਵਨ ਵਿਚ ਜੀਵਿਆ ਹੈ।

ਮਨੁੱਖ ਜੈਸੀ ਜੀਵਨੀ ਦਾ ਧਾਰਨੀ ਹੁੰਦਾ ਹੈ, ਵੈਸੇ ਹੀ ਫੁਰਨੇ ਅਤੇ ਖ਼ਿਆਲ ਸਰੀਰਕ ਅੰਤ ਸਮੇਂ ਵੀ ਹੁੰਦੇ ਹਨ। ਪਿਤਾ-ਪੁੱਤਰ ਵਾਲੇ ਇਸ ਵਿਅੰਗ ਰਾਹੀਂ ਅਸੀਂ ਸਮਝ ਸਕਦੇ ਹਾਂ ਕਿ ਜਦੋਂ ਸਾਡੀ ਸੁਰਤ, ਮਤ, ਮਨ, ਬੁਧ ਰੱਬੀ ਗੁਣਾਂ ਦੀ ਧਾਰਨੀ ਹੁੰਦੀ ਹੈ ਤਾਂ ਅਸੀਂ ਆਤਮਕ ਮੌਤ (ਵਿਕਾਰਾਂ ਵਾਲੀ ਮੌਤ) 'ਚ ਨਹੀਂ ਪੈਂਦੇ। ਇਹੋ ਅੰਤਕਾਲ ਵੇਲੇ ''ਨਾਰਾਇਣ (ਗੋਬਿੰਦ) ਸਿਮਰੈ" ਦਾ ਲਖਾਇਕ ਹੈ।

ਆਓ, ਹੁਣ ਇਕ ਹੋਰ ਸ਼ਬਦ ਰਾਹੀਂ ਵਿਚਾਰੀਏ ਕਿ ਮਨੁੱਖ ਆਪਣੇ ਹੀ ਮਨ ਦੀ ਸੋਚਣੀ ਕਾਰਨ ਕਿਵੇਂ ਆਪਣਾ ਜੀਵਨ ਖੁਆਰ ਕਰਦਾ ਹੈ।

**ੴ ਸਤਿਗੁਰ ਪ੍ਰਸਾਦਿ।।**

**ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ**

**ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ।। ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ।।੧।। ਮਾਧੋ ਅਬਿਦਿਆ ਹਿਤ ਕੀਨ।। ਬਿਬੇਕ ਦੀਪ ਮਲੀਨ।।੧।।ਰਹਾਉ।। ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ।। ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ।।੨।।ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ।। ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ।।੩।। ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ।। ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ।।੪।।੧।।** (ਗੁਰੂ ਗ੍ਰੰਥ ਸਾਹਿਬ, ਪੰਨਾ : 486)

**ਪਦਾ ਰਹਾਉ :- ਮਾਧੋ ਅਬਿਦਿਆ ਹਿਤ ਕੀਨ।। ਬਿਬੇਕ ਦੀਪ ਮਲੀਨ।।੧।।ਰਹਾਉ।।**

**ਭਾਵ** : ਦੁਰਮਤ ਵਾਲੀ ਸੋਚਣੀ ਨਾਲ ਪਿਆਰ ਹੋਣ ਕਾਰਨ ਮਨੁੱਖ ਸੱਚ ਦੇ ਗਿਆਨ (ਸਤਿਗੁਰ, divine wisdom) ਨੂੰ ਸਮਝਣ ਦਾ ਜਤਨ ਨਹੀਂ ਕਰਦਾ। ਸਿੱਟੇ ਵਜੋਂ ਮਨੁੱਖ ਦਾ 'ਬਿਬੇਕ ਬੁੱਧੀ' ਵਾਲਾ ਦੀਵਾ ਧੁੰਧਲਾ (ਮਲੀਨ) ਹੋ ਜਾਂਦਾ ਹੈ ਅਤੇ ਮਨੁੱਖ ਦਾ ਜੀਵਨ ਹੋਰਨਾਂ ਜੂਨੀਆਂ (ਪਸ਼ੂ-ਪੰਛੀਆਂ, ਕੀੜੇ-ਮਕੌੜੇ) ਵਾਲਾ ਹੋ ਜਾਂਦਾ ਹੈ। ਇਸੇ ਨੀਵੇਂ ਜੀਵਨ ਵਲ ਡਿਗਣਾ ਹੀ ਅਉਤਰਣ ਕਹਿਲਾਉਂਦਾ ਹੈ। ਮਨੁੱਖ ਦੀ ਬਿਰਤੀ ਉਨ੍ਹਾਂ ਜੂਨੀਆਂ ਦੇ ਜੀਵ-ਜੰਤੂਆਂ ਦੇ ਕਰਮਾਂ ਵਾਂਗੂੰ ਬਣਦੀ ਜਾਂਦੀ ਹੈ। ਉਹ ਭਲੇ-ਬੁਰੇ, ਚੰਗੇ-ਮੰਦੇ ਕਰਮਾਂ ਜਾਂ ਖਿਆਲਾਂ ਵਿਚ ਫਰਕ ਹੀ ਨਹੀ ਕਰ ਪਾਉਂਦਾ।

**ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ।।**

**ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ।।੧।।**

**ਭਾਵ** : ਹਿਰਨ, ਮੱਛੀ, ਭੌਰਾ, ਭੰਬਟ, ਹਾਥੀ ਆਪਣੇ ਇਕ-ਇਕ ਐਬ (ਮਾੜੀ ਆਦਤ) ਕਾਰਨ ਆਪਣਾ ਜੀਵਨ ਖਤਮ ਕਰਵਾ ਲੈਂਦੇ ਹਨ ਤਾਂ ਫੇਰ ਮਨੁੱਖ ਦੇ ਬਚਣ ਦੀ ਆਸ ਹੀ ਨਹੀਂ ਕੀਤੀ ਜਾ ਸਕਦੀ। ਕਿਉਂਕਿ ਇਨ੍ਹਾਂ

ਸਾਰੇ ਜੀਵ-ਜੰਤਾਂ ਦੀਆਂ ਆਦਤਾਂ ਵਾਲੀ ਬੁੱਧੀ ਦਾ ਧਾਰਨੀ ਹੋਣ ਕਾਰਨ ਮਨੁੱਖ 'ਆਤਮਕ ਮੌਤ' ਮਰਦਾ ਰਹਿੰਦਾ ਹੈ। ਉਨ੍ਹਾਂ ਪਸ਼ੂਆਂ ਜੈਸੀ ਬਿਰਤੀ ਵਾਲਾ ਮਨੁੱਖ ਅੰਤਕਾਲ (ਆਤਮਕ ਮੌਤ) ਤੋਂ ਬਚ ਸਕੇ, ਇਸ ਦੀ ਆਸ ਕਰਨਾ ਵੀ ਬੇਕਾਰ ਹੈ।

**ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ।।**

**ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ।।੨।।**

**ਭਾਵ** : ਜੀਵ-ਜੰਤਾਂ ਕੋਲ ਤਾਂ ਕੁਦਰਤੀ ਸੁਭਾਅ ਵਿਚ ਹੀ ਸੋਚ-ਵਿਚਾਰ ਕਰਨ ਯੋਗ ਬੁੱਧੀ ਨਹੀਂ ਹੈ, ਜਿਸ ਕਾਰਨ ਉਹ ਆਪਣੀਆਂ ਮਾੜੀਆਂ ਆਦਤਾਂ ਤੋਂ ਬੇਪਰਵਾਹ ਹਨ ਪਰ ਮਨੁੱਖ ਵਿਚਾਰਵਾਨ ਹੋਣ ਦੇ ਬਾਵਜੂਦ ਉਨ੍ਹਾਂ ਜੂਨੀਆਂ ਵਾਲੇ ਕਰਮਾਂ ਦੇ ਵੱਸ ਕਿਉਂ ਪਿਆ ਹੋਇਆ ਹੈ ? ਕਿਉਂ ਵਿਕਾਰਾਂ ਦੀ ਸੰਗਤ ਕਰ ਰਿਹਾ ਹੈ ? ਅਫਸੋਸ, ਇਸਦਾ ਅੰਤਕਾਲ (ਆਤਮਕ ਮੌਤ) ਤੋਂ ਬੱਚਣਾ ਔਖਾ ਹੈ।

**ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ।।**

**ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ।।੩।।**

**ਭਾਵ** : ਜੀਅ ਜੰਤ ਤਾਂ ਕੁਦਰਤੀ ਹੁਕਮ, ਨਿਯਮ 'ਚ ਆਪਣੀਆਂ ਆਦਤਾਂ ਤੋਂ ਛੁਟਕਾਰਾ ਨਹੀਂ ਪਾ ਸਕਦੇ। ਉਹ ਰੱਬੀ ਰਜ਼ਾ 'ਚ ਆਪਣੇ ਸੁਭਾ ਅਨੁਸਾਰ ਕਰਮ ਕਰ ਰਹੇ ਹਨ ਪਰ ਮਨੁੱਖ ਤਾਂ ਵਿਚਾਰਨ ਯੋਗ ਬੁੱਧੀ ਰਖਦਿਆਂ ਹੋਇਆ ਵੀ ਉਨ੍ਹਾਂ ਜੀਵ-ਜੰਤਾਂ ਜੈਸੀ ਬਿਰਤੀ ਕਾਰਨ 'ਆਤਮਕ ਮੌਤ' ਮਰ ਰਿਹਾ ਹੈ, ਇਸ ਬਾਰੇ ਮਨੁੱਖ ਨੂੰ ਵਿਚਾਰਨਾ ਚਾਹੀਦਾ ਹੈ। ਭਾਵੇਂ ਉਨ੍ਹਾਂ ਜੀਵਾਂ ਦੇ ਵਸ ਨਹੀਂ ਕਿ ਉਹ ਕੁਝ ਉਪਾਅ ਕਰਨ ਲੇਕਿਨ ਮਨੁੱਖ ਦੇ ਵਸ ਤਾਂ ਹੈ ਕਿ ਮਨੁੱਖ ਆਤਮਕ ਮੌਤ ਵਾਲੀ ਬਿਰਤੀ ਤੋਂ ਬੱਚ ਸਕੇ।

**ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ।।**

**ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ।।੪।।**

**ਭਾਵ** : ਰਵਿਦਾਸ ਜੀ, ਆਪਣੇ ਆਪ ਨੂੰ ਮੁਖਾਤਿਬ ਕਰਕੇ ਸਾਰੇ ਮਨੁੱਖਾਂ ਨੂੰ ਸਮਝਾ ਰਹੇ ਹਨ ਕਿ ਵਿਕਾਰਾਂ ਦੇ ਚੁੰਗਲ 'ਚੋਂ ਨਿਕਲ ਅਤੇ ਸਤਿਗੁਰ (divine wisdom) ਰਾਹੀਂ ਅਮਲੀ ਜੀਵਨ 'ਚ ਪੱਕਾ ਸੁਭਾ ਬਣਾ। ਇਹੋ ਸਾਰੇ ਤਪਾਂ ਤੋਂ ਉਪਰ ਦਾ ਤਪ ਹੈ।

**ਪੂਰੇ ਸ਼ਬਦ ਦਾ ਭਾਵ :-** ਇਸ ਸ਼ਬਦ ਰਾਹੀਂ ਸਾਡਾ ਧਿਆਨ ਨਿੱਕੇ ਤੋਂ ਨਿੱਕੇ ਅਵਗੁਣ ਵੱਲ ਦੁਆ ਕੇ ਸਮਝਾਇਆ ਹੈ ਕਿ ਵੇਖ ਜਾਨਵਰ ਆਪਣੇ ਇਕ ਵਿਕਾਰ ਕਾਰਨ ਹੀ ਮੁੱਕ ਜਾਂਦੇ ਹਨ, ਤੈਨੂੰ ਤਾਂ ਪੰਜੇ (ਅਨੇਕ) ਵਿਕਾਰ ਚੰਬੜੇ ਹੋਏ ਹਨ। ਮਨੁੱਖ ਨੂੰ ਬਿਬੇਕ ਬੁੱਧੀ ਦੀ ਪ੍ਰਾਪਤੀ ਲਈ 'ਸਤਿਗੁਰ' (divine wisdom) ਅਨੁਸਾਰ ਜਿਊਣਾ ਚਾਹੀਦਾ ਹੈ ਤਾ ਕਿ 'ਆਤਮਕ ਮੌਤ' ਨ ਮਰੇ ਭਾਵ, ਵਿਕਾਰਾਂ ਵਸ ਨ ਪਵੇ ਅਤੇ ਜਿਉਂਦੇ ਜੀਅ ਹੋਰਨਾਂ ਜੂਨੀਆਂ ਵਾਲੀ ਬਿਰਤੀ ਤੋਂ ਆਪਣੀ ਬੁੱਧੀ ਨੂੰ ਮਲੀਨ ਹੋਣ ਤੋਂ ਬਚਾ ਸਕੇ।

ਆਓ, ਗੁਰਬਾਣੀ ਰਾਹੀਂ ਹੋਰ ਗਹਿਰਾਈ 'ਚ ਸਮਝੀਏ ਕਿ 'ਅੰਤਕਾਲ' ਕੀ ਹੈ ਤੇ ਮਨੁੱਖ ਤੇ ਕਿਵੇਂ ਵਾਪਰਦਾ ਹੈ ਤੇ ਕਿਵੇਂ ਮਨੁੱਖ ਦੇ ਬਿਬੇਕਤਾ ਵਾਲੇ ਪ੍ਰਾਣ ਨਿਕਲ ਜਾਂਦੇ ਹਨ, ਸਿੱਟੇ ਵਜੋਂ ਮਨੁੱਖ ਮਾੜੀਆਂ ਕਰਤੂਤਾਂ ਕਰਣ ਲਗ ਪੈਂਦਾ ਹੈ। ਅਸੀਂ ਸਮਝ ਚੁਕੇ ਹਾਂ ਕਿ ਚੰਗੇ, ਮਨੁਖਤਾ ਭਰਪੂਰ ਕਰਮਾਂ ਨੂੰ ਜੇ ਮਨੁੱਖ ਜਿਉਂਦੇ ਹਨ ਤਾਂ ਇਸੇ ਨੂੰ ਗੁਰਮਤ 'ਚ (ਗੁਰੂ ਗ੍ਰੰਥ ਸਾਹਿਬ) ਅਸਲੀ ਜੀਵਨ ਕਹਿੰਦੇ ਹਨ ਤੇ ਜੇ ਸਚ ਤੋਂ ਮੁਨਕਰ ਜੀਵਨੀ ਜਿਉਂਦੇ ਹਨ ਤਾਂ ਮਰ ਗਏ (ਮੋਇਆ) ਸਮਝੋ। "**ਆਖਾ ਜੀਵਾ ਵਿਸਰੈ ਮਰਿ ਜਾਉ।।**" ਭਾਵ ਜੇ ਸੱਚ ਨਾਲ ਜੁੜਿਆ ਹਾਂ

ਤਾਂ ਜਿਉਂਦਾ ਹਾਂ, ਵਰਨਾ ਮਰਿਆ (ਮ੍ਰਿਤਕ) ਹੀ ਹਾਂ। **"ਸੋ ਜੀਵਿਆ ਜਿਸੁ ਮਨਿ ਵਸਿਆ ਸੋਇ।। ਨਾਨਕ ਅਵਰੁ ਨ ਜੀਵੈ ਕੋਇ।।"** (ਗੁਰੂ ਗ੍ਰੰਥ ਸਾਹਿਬ, ਪੰਨਾ : 142) ਭਾਵ 'ਜੀਵਤ ਮਨੁੱਖ' ਕੇਵਲ ਉਸਨੂੰ ਕਹਿੰਦੇ ਹਨ ਜੋ 'ਰੱਬੀ ਗੁਣਾਂ' ਨਾਲ ਮਨੁੱਖਤਾ ਭਰਪੂਰ ਉੱਚੀ ਜੀਵਨੀ ਜਿਊਂਦਾ ਹੈ। ਆਓ ਇਕ ਸ਼ਬਦ ਹੋਰ ਵਿਚਾਰੀਏ:-

**ਦੇਵਗੰਧਾਰੀ ਮਹਲਾ ੯।। ਸਭ ਕਿਛੁ ਜੀਵਤ ਕੋ ਬਿਵਹਾਰ।। ਮਾਤ ਪਿਤਾ ਭਾਈ ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ।।੧।। ਰਹਾਉ।। ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰਿ।। ਆਧ ਘਰੀ ਕੋਊ ਨਹਿ ਰਾਖੈ ਘਰ ਤੇ ਦੇਤ ਨਿਕਾਰਿ।।੧।। ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ ਯਹ ਦੇਖਹੁ ਰਿਦੈ ਬਿਚਾਰਿ।। ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਹੋਤ ਉਧਾਰ।।੨।।** (ਗੁਰੂ ਗ੍ਰੰਥ ਸਾਹਿਬ, ਪੰਨਾ : 536)

**ਭਾਵ ਅਰਥ** : ਹਰ ਮਨੁੱਖ ਕੇਵਲ ਜੀਵਤ ਭਾਵ ਆਤਮਕ ਜਿਊਂਦੇ ਮਨੁੱਖ ਨਾਲ ਹੀ ਵਰਤੋਂ-ਵਿਉਹਾਰ (ਮੇਲਜੋਲ) ਕਰ ਸਕਦਾ ਹੈ ਭਾਵੇਂ ਘਰ ਦੇ ਸਗੇ ਸੰਬੰਧੀ ਹੀ ਕਿਉਂ ਨਾ ਹੋਣ। ਭਾਵ ਆਤਮਕ ਤੌਰ 'ਤੇ ਜਿਊਂਦੇ ਮਨੁੱਖ ਨੂੰ ਹੀ ਹਰ ਮਨੁੱਖ ਆਪਣੇ ਹਿਰਦੇ ਵਿਚ ਬਿਠਾਉਣਾ ਪਸੰਦ ਕਰਦਾ ਹੈ। ਸਤਿਗੁਰ (ਗਿਆਨ-ਗੁਰੂ) ਤੋਂ ਵਿਹੂਣਾ ਮਨੁੱਖ ਇੰਜ ਹੈ ਜਿਵੇਂ ਉਸ ਦੇ ਤਨ 'ਚੋਂ, ਪ੍ਰਾਣ ਨਿਕਲ ਗਏ। ਜਦੋਂ ਮਨੁੱਖ ਦੇ ਸਰੀਰ 'ਚ ਪ੍ਰਾਣ ਰੂਪੀ ਆਕਸੀਜਨ (oxygen) ਨਾ ਰਹੇ ਤਾਂ ਉਹ ਮਰ ਜਾਂਦਾ ਹੈ, ਉਸੇ ਤਰ੍ਹਾਂ ਜਦੋਂ ਮਨੁੱਖ ਦੇ ਆਤਮਕ ਸਰੀਰ ਕੋਲ 'ਬਿਬੇਕ ਬੁਧੀ ਵਾਲਾ ਗੁਰ ਰੂਪੀ ਪ੍ਰਾਣ' ਨਾ ਰਹੇ ਤਾਂ ਉਹ ਮਨੁੱਖ ਪ੍ਰੇਤ ਰੂਪੀ ਮਾੜੇ ਕਰਮ ਕਰਨ ਲਗ ਪੈਂਦਾ ਹੈ ਅਤੇ ਮਾੜੇ ਸੁਭਾਅ ਦਾ ਧਾਰਣੀ ਬਣ ਜਾਂਦਾ ਹੈ, ਅਜਿਹੇ ਬਿਬੇਕ ਬੁੱਧੀ ਤੋਂ ਸੱਖਣੇ ਮਨੁੱਖ ਨੂੰ ਆਪਣੇ ਹਿਰਦੇ ਘਰ 'ਚ ਅੱਧੀ ਘੜੀ (fraction of second) ਲਈ ਵੀ ਕੋਈ ਨਹੀਂ ਰੱਖਦਾ।

**ਨੋਟ** : ਇਸ ਸ਼ਬਦ ਦੇ ਲਫ਼ਜ਼ੀ ਅਰਥ, ਭਾਵ ਅਰਥ ਅਤੇ ਇਸ ਸ਼ਬਦ ਨੂੰ ਆਪਣੇ ਜੀਵਨ ਵਿਚ ਕਿੰਝ ਜਿਊ ਸਕਦੇ ਹਾਂ ਜਾਣਨ ਲਈ 'ਜੀਵਨ ਜਾਚ ਦਾ ਖ਼ਜ਼ਾਨਾ' ਭਾਗ-ਦੂਜਾ ਪੜ੍ਹ ਸਕਦੇ ਹੋ ਜੀ।

ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਰਾਹੀਂ ਅਸੀਂ ਸਮਝ ਰਹੇ ਹਾਂ ਕਿ 'ਅੰਤਕਾਲ' (ਆਤਮਕ ਮੌਤ) ਤੋਂ ਭਾਵ ਹੈ, ਮਨੁੱਖ ਦਾ ਵਿਕਾਰਾਂ ਵੱਸ ਪੈਣਾ, ਮਾੜੇ ਖਿਆਲ (ਸੋਚ, ਫੁਰਨੇ) ਵਿਚ ਖਚਤ ਹੋ ਕੇ ਮਾੜੇ ਕਰਮ ਕਰਨਾ। ਇਸੇ ਪਲ-ਪਲ ਦੇ ਅੰਤਕਾਲ ਤੋਂ ਗੁਰਬਾਣੀ ਰਾਹੀਂ ਸਾਨੂੰ ਸੁਚੇਤ ਕਰਵਾਇਆ ਗਿਆ ਹੈ।

**ਸਵਾਲ :-** ਜੇ ਪਸ਼ੂ ਵਿਕਾਰਾਂ 'ਚੋਂ ਇਕ ਵਿਕਾਰ ਕਾਰਨ ਸਰੀਰਕ ਜੀਵਨ ਗੁਆ ਬੈਠਦੇ ਹਨ ਤਾਂ ਮਨੁੱਖ ਕੋਲ ਵਿਕਾਰਾਂ ਭਰੀ ਸੋਚ ਤੋਂ ਬਚਣ ਦਾ ਕੀ ਤਰੀਕਾ ਹੈ ਤਾਂ ਕਿ ਮਨੁੱਖ, ਮਨੁੱਖਤਾ ਭਰਪੂਰ, ਰੱਬੀ ਗੁਣਾਂ ਵਾਲੀ ਜੀਵਨੀ ਜਿਊ ਸਕੇ ਤੇ ਆਤਮਕ ਮੌਤ (ਅੰਤਕਾਲ) ਦੇ ਵਸ ਨਾ ਪਵੇ ?

**ਉੱਤਰ :-** ਇਸ ਸਵਾਲ ਦਾ ਹਲ 'ਸਤਿਗੁਰ' (universal truth) ਰਾਹੀਂ ਸਮਝਣ ਦਾ ਜਤਨ ਕਰਦੇ ਹਾਂ। ਸੌਖਾ ਤੇ ਸਾਦਾ ਜਵਾਬ ਤਾਂ ਇਹੋ ਹੈ ਕਿ 'ਜਦੋਂ ਮਨੁੱਖ ਦੇ ਗਿਆਨ-ਗੁਰ ਰੂਪੀ ਸਵਾਸ ਨਿਕਲ ਜਾਂਦੇ ਹਨ ਤਾਂ ਮਨੁੱਖ 'ਆਤਮਕ ਮੌਤ' ਮਰ ਜਾਂਦਾ ਹੈ।' ਜੇ ਕਰ ਮਨੁੱਖ ਸਤਿਗੁਰ (ਗਿਆਨ-ਗੁਰ) ਤੋਂ ਬਿਬੇਕ ਬੁਧੀ ਰੂਪੀ ਪ੍ਰਾਣ ਪ੍ਰਾਪਤ ਕਰ ਲਵੇ ਤਾਂ 'ਆਤਮਕ ਮੌਤ' ਤੋਂ ਬਚ ਕੇ ਆਤਮਕ ਜੀਵਨ ਜਿਊ ਸਕਦਾ ਹੈ।

(i) **ਏਕ ਬੂੰਦ ਗੁਰਿ ਅੰਮ੍ਰਿਤੁ ਦੀਨੋ ਤਾ ਅਟਲੁ ਅਮਰੁ ਨ ਮੂਆ।।** (ਗੁਰੂ ਗ੍ਰੰਥ ਸਾਹਿਬ : ਪੰਨਾ : 612) ਸਤਿਗੁਰ ਰੂਪੀ ਅੰਮ੍ਰਿਤ ਦੀ ਬੂੰਦ (ਤਤ-ਗਿਆਨ) ਜਿਸ ਮਨੁੱਖ ਨੂੰ ਮਿਲ ਜਾਂਦੀ ਹੈ ਉਹ 'ਆਤਮਕ ਮੌਤ' ਕਦੀ ਨਹੀਂ ਮਰਦਾ ਭਾਵ ਆਤਮਕ ਰੂਪ 'ਚ ਅਟਲ ਅਮਰ ਹੋ ਜਾਂਦਾ ਹੈ।

(ii) **ਮਿਰਤਕ ਕੌ ਪਾਇਓ ਤਨਿ ਸਾਸਾ ਬਿਛੁਰਤ ਆਨਿ ਮਿਲਾਇਆ।।** (ਗੁਰੂ ਗ੍ਰੰਥ ਸਾਹਿਬ, ਪੰਨਾ : 614) ਆਤਮਕ ਮੌਤ ਮਰੇ ਹੋਏ ਮਨੁੱਖ ਨੂੰ ਸਤਿਗੁਰ ਰੂਪੀ ਸਵਾਸ ਪ੍ਰਾਪਤ ਹੋਣ ਨਾਲ ਉਹ ਜਿਊ ਉਠਦਾ ਹੈ ਤੇ ਰੱਬੀ ਮਿਲਨ ਦੀ ਅਵਸਥਾ ਮਾਣਨ ਲਗ ਪੈਂਦਾ ਹੈ।

(iii) **ਮਿਟਹਿ ਕਮਾਣੇ ਪਾਪ ਚਿਰਾਣੇ ਸਾਧਸੰਗਤਿ ਮਿਲਿ ਮੁਆ ਜੀਜੈ।।** (ਗੁਰੂ ਗ੍ਰੰਥ ਸਾਹਿਬ : ਪੰਨਾ : 683) ਮਨ ਦੇ ਭਰਮ ਅਤੇ ਦੁਬਿਧਾ ਕਾਰਨ ਮੈਲੇ ਮਨ ਵਾਲਾ ਮਨੁੱਖ, ਮਾੜੇ ਸੰਸਕਾਰਾਂ ਕਰਕੇ ਦੁਰਮਤ ਦਾ ਧਾਰਨੀ ਰਹਿੰਦਾ ਹੈ ਪਰ ਜੇ ਉਹ ਬਿਬੇਕ ਬੁੱਧੀ, ਸਤਿਗੁਰ (divine wisdom) ਰਾਹੀਂ ਪ੍ਰਾਪਤ ਕਰਨ ਦਾ ਉਦਮ ਕਰੇ ਤਾਂ 'ਆਤਮਕ ਮੌਤ' ਨਹੀਂ ਮਰਦਾ, ਸਦੀਵੀਂ ਜਿਊ ਪੈਂਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੇ ਆਧਾਰ 'ਤੇ ਅਸੀਂ ਸਮਝਦੇ ਆ ਰਹੇ ਹਾਂ ਕਿ ਆਤਮਕ ਮੌਤ ਕਿਵੇਂ-ਕਿਵੇਂ ਵਾਪਰਦੀ ਹੈ ਅਤੇ ਕਿਵੇਂ ਇਸ ਤੋਂ ਬਚ ਕੇ ਸਦੀਵੀ ਜੀਵਨ (ਅਟਲ ਅਮਰ) ਪ੍ਰਾਪਤ ਕਰ ਸਕਦੇ ਹਾਂ ? ਸਤਿਗੁਰ ਕਿਸ ਪੱਖ ਤੋਂ ਮਰਨਾ ਸਿਖਾਉਂਦੇ ਹਨ ਤੇ ਕਿਸ ਪੱਖ ਤੋਂ ਜਿਊਣਾ ?

**ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਨੁਸਾਰ ਪਤਾ ਲਗਦਾ ਹੈ ਕਿ ਜਦੋਂ ਮਨੁੱਖ ਸਰੀਰਕ ਰੂਪ 'ਚ ਇਸੇ ਜੀਵਨ ਨੂੰ ਜਿਊਂਦਿਆਂ, ਮਨ ਦੇ ਭਰਮ ਕਰਕੇ ਵਿਕਾਰਾਂ ਦੇ ਵਸ ਪੈ ਜਾਂਦਾ ਹੈ ਤਾਂ ਉਸਦੇ ਖ਼ਿਆਲ, ਫੁਰਨੇ, ਸੁਫਨੇ, ਸੋਚਣੀ ਮੰਦੇ ਹੋ ਜਾਂਦੇ ਹਨ, ਸਿੱਟੇ ਵਜੋਂ ਮਨੁੱਖ, ਮਨੁੱਖਤਾ ਵਾਲੇ ਪੱਧਰ ਤੋਂ ਡਿਗ ਕੇ ਪਸ਼ੂ ਬਿਰਤੀ ਦਾ ਧਾਰਨੀ ਹੋ ਜਾਂਦਾ ਹੈ ਤੇ ਮਾੜੇ ਕਰਮਾਂ ਵਾਲੀ ਜੀਵਨੀ ਜਿਊਂਦਾ ਹੈ। ਐਸੇ ਮਨੁੱਖ ਨੂੰ 'ਆਤਮਕ ਮੌਤ' ਸਹੇੜਨੀ ਪੈਂਦੀ ਹੈ। ਇਸ ਅਵਸਥਾ ਨੂੰ ਮ੍ਰਿਤਕ, ਅੰਤਕਾਲ, ਮੂਆ, ਵਿਕਾਰਾਂ ਦੇ ਭਵਜਲ 'ਚ ਡੁਬਣਾ ਕਹਿੰਦੇ ਹਨ। ਐਸੀ ਜੀਵਨੀ ਤੋਂ ਮੁਕਤ ਅਵਸਥਾ ਪ੍ਰਾਪਤ ਕਰਨ ਲਈ ਸੱਚ ਦਾ ਗਿਆਨ ਰੂਪੀ ਖ਼ਜ਼ਾਨਾ ਗੁਰੂ ਗ੍ਰੰਥ ਸਾਹਿਬ ਜੀ ਚੋਂ ਪ੍ਰਾਪਤ ਹੁੰਦਾ ਹੈ।** ਗਿਆਨ-ਗੁਰੂ, ਮਨੁੱਖ ਨੂੰ ਸਿਖਾਉਂਦਾ ਹੈ, ਸਮਝਾਉਂਦਾ ਹੈ, ਸੁਚੇਤ ਕਰਾਉਂਦਾ ਹੈ ਕਿ :-

1. ਕਿਹੜੇ-ਕਿਹੜੇ ਕਾਰਨਾਂ ਕਰ ਕੇ ਤੇਰੇ 'ਤੇ ਅੰਤਕਾਲ ਵਾਪਰਦਾ ਹੈ।
2. ਕਿਹੜੇ-ਕਿਹੜੇ ਪਖੋਂ ਐ ਮਨੁੱਖ, ਤੈਨੂੰ ਮਨੁੱਖਤਾ ਦੇ ਪੱਧਰ ਤੋਂ ਡਿੱਗਣਾ ਪੈਂਦਾ ਹੈ।
3. ਕਿਹੜੇ-ਕਿਹੜੇ ਪਖੋਂ ਐ ਮਨੁੱਖ, ਤੈਨੂੰ ਆਤਮਕ ਤੌਰ 'ਤੇ ਜੰਮਣਾ ਮਰਨਾ ਪੈਂਦਾ ਹੈ।
4. ਕਿਸ ਤਰ੍ਹਾਂ ਐ ਮਨੁੱਖ, ਤੂੰ ਅੰਤਕਾਲ, ਪੁਨਰਜਨਮ, ਆਵਾਗਵਨ, ਆਉਣ-ਜਾਉਣ ਤੋਂ ਆਤਮਕ ਤਲ ਤੇ ਬਚ ਸਕਦਾ ਹੈਂ।
5. ਕਿਹੜੇ-ਕਿਹੜੇ ਪਖੋਂ ਐ ਮਨੁੱਖ, ਤੈਨੂੰ ਜੀਵਤ-ਮਰਨ ਸਿਖਣਾ ਹੈ।
6. ਕਿਹੜੇ-ਕਿਹੜੇ ਪਖੋਂ ਐ ਮਨੁੱਖ, ਤੈਨੂੰ ਸਦ-ਜੀਵਨ ਪ੍ਰਾਪਤ ਹੋ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਾਰੀ ਮੁਸ਼ਕਲ ਦਾ ਹਲ ਸਮਝਾਉਂਦੀ ਹੈ ਕਿ ਜੇ ਮਨੁੱਖ ਸੱਚ ਦਾ ਗਿਆਨ (ਸਤਿਗੁਰ) ਪ੍ਰਾਪਤ ਕਰ ਲਵੇ ਅਤੇ ਆਪਣੀ ਸੋਚ ਉਸਦੇ ਅਨੁਸਾਰ ਘੜ ਲਵੇ ਤਾਂ 'ਆਤਮਕ ਮੌਤ' ਕਦੀ ਮਰਦਾ ਹੀ ਨਹੀਂ ਹੈ, ਅਮਰ ਹੋ ਜਾਂਦਾ ਹੈ। ਐਸਾ ਮਨੁੱਖ ਆਪਣੇ ਮਨ ਦੀ ਸੋਚਣੀ (ਮਨਮੁਖਤਾ) ਵਾਲੀ ਜੀਵਨੀ ਤੋਂ ਉਪਰ ਉਠ ਕੇ, ਮਨੁੱਖਤਾ ਭਰਪੂਰ ਗੁਰਮੁਖੀ ਜੀਵਨੀ ਜਿਉਣ ਲਗਦਾ ਹੈ ਤਾਂ ਹੀ ਉਸਦੀ ਜਿਊਂਦਿਆਂ ਹੀ ਰੱਬੀ ਮਿਲਾਪ ਦੀ ਅਵਸਥਾ ਬਣ ਜਾਂਦੀ ਹੈ।

## ਸਮਰਪਣ

ਗੁਰਬਾਣੀ ਦੇ ਆਧਾਰ 'ਤੇ ਕੀਤੀ ਵਿਚਾਰ ਰਾਹੀਂ ਅਸੀਂ ਸਮਝਦੇ ਆ ਰਹੇ ਹਾਂ ਕਿ ਸਤਿਗੁਰ, (divine wisdom) ਅਨੁਸਾਰ ਮਨੁੱਖ ਨੂੰ ਨਵਾਂ ਜਨਮ (ਆਤਮਕ ਜੀਵਨ) ਪ੍ਰਾਪਤ ਹੁੰਦਾ ਹੈ। ਗੁਰਬਾਣੀ ਨੂੰ ਸਹਿਜ ਨਾਲ ਸਮਝ ਵਿਚਾਰ ਕੇ ਪੜੀਏ ਤਾਂ ਪਤਾ ਲਗਦਾ ਹੈ ਕਿ ਗੁਰੂ ਗ੍ਰੰਥ ਸਾਹਿਬ 'ਚ ਸਰੀਰਕ ਮਰਨ ਮਗਰੋਂ ਅਤੇ ਸਰੀਰਕ ਜਨਮ ਤੋਂ ਪਹਿਲਾਂ, ਰੱਬ ਜੀ ਦੀਆਂ ਕਰਨੀਆਂ ਬਾਰੇ ਕੁਝ ਵੀ ਬਿਆਨ ਨਹੀਂ ਕੀਤਾ ਗਿਆ ਬਲਕਿ ਪ੍ਰਚਲਤ ਖਿਆਲਾਂ, ਬੋਲੀਆਂ (ਅਨੇਕਾਂ ਧਰਮਾਂ ਦੀਆਂ ਵਿਚਾਰਧਾਰਾਵਾਂ) ਦੇ (metaphors) ਲਫ਼ਜ਼ਾਂ ਨੂੰ ਵਰਤ ਕੇ ਕੇਵਲ ਮਨੁੱਖ ਨੂੰ ਵਰਤਮਾਨ ਜੀਵਨੀ ਦੇ ਕਰਮਾਂ ਬਾਰੇ, ਸੁਚੇਤ ਕਰਵਾਇਆ ਹੈ। ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜਨ ਵੇਲੇ 'ਵਰਤਮਾਨ' ਜੀਵਨ ਨੂੰ ਸੋਧਣ (fix up) ਦੇ ਬਦਲੇ, ਹੂਬਹੂ ਲਫ਼ਜ਼ਾਂ ਦੇ ਅਰਥ ਜੇ ਕਰ ਪੁਰਾਤਨ ਪ੍ਰਚਲਤ ਵਿਚਾਰਾਂ ਅਨੁਸਾਰ ਕਰਦੇ ਹਾਂ ਤਾਂ ਅਸੀਂ ਇਹ ਭੁਲ ਜਾਂਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰੱਬੀ ਰਜ਼ਾ ਅੱਗੇ ਸਮਰਪਣ ਕਰਨਾ ਸਿਖਾਉਂਦੀ ਹੈ ਅਤੇ ਇਹੋ ਦ੍ਰਿੜ੍ਹ ਕਰਵਾਉਂਦੀ ਹੈ ਕਿ 'ਰੱਬ ਦੀਆਂ ਕਰਨੀਆਂ ਬਾਰੇ ਕੋਈ ਤਿਲ ਮਾਤਰ ਵੀ ਬਿਆਨ ਨਹੀਂ ਕਰ ਸਕਦਾ।'

1. **ਹਉ ਕਿਆ ਸਾਲਾਹੀ ਕਿਰਮ ਜੰਤੁ ਵਡੀ ਤੇਰੀ ਵਡਿਆਈ।।** (ਗੁਰੂ ਗ੍ਰੰਥ ਸਾਹਿਬ, ਪੰਨਾ : 792)
2. **ਕਹਣਾ ਹੈ ਕਿਛੁ ਕਹਣੁ ਨ ਜਾਇ।। ਤਉ ਕੁਦਰਤਿ ਕੀਮਤਿ ਨਹੀ ਪਾਇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 151)
3. **ਏਵਡੁ ਊਚਾ ਹੋਵੈ ਕੋਇ।। ਤਿਸੁ ਊਚੇ ਕਉ ਜਾਣੈ ਸੋਇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 5)
4. **ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।।** (ਗੁਰੂ ਗ੍ਰੰਥ ਸਾਹਿਬ, ਪੰਨਾ : 4)
5. **ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ।। ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ।।** (ਗੁਰੂ ਗ੍ਰੰਥ ਸਾਹਿਬ, ਪੰਨਾ : 9)
6. **ਕਿਥਹੁ ਉਪਜੈ ਕਹ ਰਹੈ ਕਹ ਮਾਹਿ ਸਮਾਵੈ।।**

   (ਗੁਰੂ ਗ੍ਰੰਥ ਸਾਹਿਬ, ਪੰਨਾ : 1193)
7. **ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ।।**

   (ਗੁਰੂ ਗ੍ਰੰਥ ਸਾਹਿਬ, ਪੰਨਾ : 648)

ਉਪਰੋਕਤ ਲਿਖੇ ਪ੍ਰਮਾਣਾਂ ਅਨੁਸਾਰ ਰੱਬ ਜੀ ਬਾਰੇ ਤਿਲ ਮਾਤਰ ਵੀ ਬਿਆਨ ਕਰਨਾ ਭੁੱਲ ਹੈ। ਜੇ ਉਸ ਅਪਾਰ ਪ੍ਰਮਾਤਮਾ ਬਾਰੇ ਮਨੁੱਖ ਇਹ ਬਿਆਨ ਕਰੇ ਕਿ ਰੱਬ ਕਿਵੇਂ ਆਪਣੇ ਕੰਮ ਕਰਦਾ ਹੈ ਤਾਂ **"ਜਲ ਕੀ ਮਾਛੁਲੀ ਚਰੈ ਖਜੂਰਿ"** (ਗੁਰੂ ਗ੍ਰੰਥ ਸਾਹਿਬ, ਪੰਨਾ : 718) ਵਾਂਗੂੰ ਮਨੁੱਖ ਦੀ ਗਲਤ ਬਿਆਨੀ ਹੀ ਹੋਏਗੀ।

ਗੁਰੂ ਗ੍ਰੰਥ ਸਾਹਿਬ ਜੀ 'ਚ ਐਸੇ ਬੇਅੰਤ ਸ਼ਬਦ ਹਨ ਜਿਨ੍ਹਾਂ ਰਾਹੀ ਰੱਬ ਦੀ ਬੇਅੰਤਤਾ ਅੱਗੇ ਸਿਰ ਝੁਕਾ ਕੇ ਆਪਣੇ ਜੀਵਨ ਨੂੰ, ਮਨੁੱਖਤਾ ਭਰਪੂਰ ਬਣਾਉਣ ਦਾ 'ਸਤਿਗੁਰ' ਦ੍ਰਿੜ ਕਰਵਾਇਆ ਗਿਆ ਹੈ।

ਅਸੀਂ ਗੁਰੂ ਗ੍ਰੰਥ ਸਾਹਿਬ ਦੇ ਬਹੁਤ ਸਾਰੇ ਪ੍ਰਮਾਣਾਂ ਰਾਹੀਂ ਸਮਝ ਚੁਕੇ ਹਾਂ ਕਿ 'ਸਰੀਰਕ ਜੀਵਨ ਜਿਉਂਦਿਆਂ' ਮਨੁੱਖ ਜੇ ਕਰ ਸੱਚ ਤੋਂ ਮੁਨਕਰ (ਸਤਿਗੁਰ ਤੋਂ ਵਿਹੂਣਾ) ਹੈ ਤਾਂ ਉਹ ਪਸ਼ੂ, ਪ੍ਰੇਤ, ਭੂਤ, ਬੇਤਾਲ, ਮਿਰਤਕ, ਪੰਖੀ ਦੀ ਨਿਆਈਂ ਹੀ ਹੈ। ਇਸਦਾ ਮਤਲਬ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਨੁਸਾਰ ਸਰੀਰ ਪ੍ਰਾਪਤੀ ਨੂੰ ਮਨੁੱਖ ਨਹੀਂ ਬਲਕਿ ਸਰੀਰ ਪ੍ਰਾਪਤੀ ਮਗਰੋਂ ਸਤਿਗੁਰ ਅਨੁਸਾਰ ਜੀਵਨ ਜਿਊਣ ਨੂੰ 'ਮਨੁੱਖ' ਕਹਿੰਦੇ ਹਨ।

ਆਓ, ਹੁਣ ਰਾਗ ਗਉੜੀ ਚੇਤੀ ਮਹਲਾ ੧ ਦੇ ਸਿਰਲੇਖ ਹੇਠਾਂ ਇਕ ਸ਼ਬਦ ਰਾਹੀਂ ਵਿਚਾਰੀਏ ਕਿ ਕਿਵੇਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਰੱਬ ਦੀ ਬੇਅੰਤਤਾ ਬਾਰੇ ਲਫ਼ਜ਼ ਵਰਤੇ ਹਨ ਅਤੇ ਮਨੁੱਖ ਦਾ ਧਿਆਨ ਉਸ ਦੀਆਂ ਕਰਤੂਤਾਂ ਵਲ ਦਿਵਾਇਆ ਹੈ।

**ਗਉੜੀ ਚੇਤੀ ਮਹਲਾ ੧**

**ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ।।**

**ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ।।੧।।**

**ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ।।**

**ਕਹੇ ਨ ਜਾਨੀ ਅਉਗਣ ਮੇਰੇ।।੧।।ਰਹਾਉ।।**

**ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ।।**

**ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ।।੨।।**

**ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ।।**

**ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ।।੩।।**

**ਤਟ ਤੀਰਥ ਹਮ ਨਵ ਖੰਡ ਦੇਖੇ ਹਟ ਪਟਣ ਬਾਜਾਰਾ।।**

**ਲੈ ਕੈ ਤਕੜੀ ਤੋਲਣਿ ਲਾਗਾ ਘਟ ਹੀ ਮਹਿ ਵਣਜਾਰਾ।।੪।।**

**ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ।।**

**ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ।।੫।।**

**ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ।।**

**ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ।।੬।।੫।।੧੭।।**

(ਗੁਰੂ ਗ੍ਰੰਥ ਸਾਹਿਬ, ਪੰਨਾ : 156)

**ਪਦਾ ਰਹਾਉ : ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ।।**

**ਕਹੇ ਨ ਜਾਨੀ ਅਉਗਣ ਮੇਰੇ।।੧।।ਰਹਾਉ।।**

ਰੱਬ ਜੀ ਤੁਸੀਂ ਬੇਅੰਤ (infinite) ਹੋ। ਤੁਹਾਡੇ ਆਦਿ ਅੰਤ ਬਾਰੇ ਕੋਈ ਨਹੀਂ ਦੱਸ ਸਕਦਾ। ਇਸੇ ਕਾਰਨ ਤੁਹਾਡੇ ਬਾਰੇ ਤਿਲ ਮਾਤਰ ਵੀ ਬਿਆਨ ਨਹੀਂ ਕੀਤਾ ਜਾ ਸਕਦਾ। ਜਿਸ ਤਰ੍ਹਾਂ ਤੁਸੀਂ ਬੇਅੰਤ ਗੁਣਾਂ ਦੇ ਖ਼ਜ਼ਾਨੇ ਹੋ ਇਸੇ ਤਰ੍ਹਾਂ ਮੇਰੇ ਵਿਚ ਬੇਅੰਤ ਅਵਗੁਣ ਹਨ। ਜਿਵੇਂ ਤੁਹਾਡੇ ਬੇਅੰਤ ਗੁਣ ਬਿਆਨ ਨਹੀਂ ਕੀਤੇ ਜਾ ਸਕਦੇ ਉਵੇਂ ਹੀ ਮੇਰੇ ਅਵਗੁਣ ਵੀ ਬਿਆਨ ਤੋਂ ਪਰੇ ਹਨ।

**ਪਦਾ ਪਹਿਲਾ : ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ।। ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ।।੧।।**

ਪਹਿਲੇ ਪਦੇ ਵਿਚ ਦੁਨਿਆਵੀ ਧਾਰਨਾ (notion) ਨੂੰ ਨਕਾਰਿਆ (invalid) ਗਿਆ ਹੈ ਅਤੇ ਰੱਬੀ ਬੇਅੰਤਤਾ ਨੂੰ ਮੁੱਖ ਰੱਖ ਕੇ ਆਪਣੇ ਅਵਗੁਣਾਂ ਨੂੰ ਬਿਆਨਿਆ ਹੈ।

ਪੁਰਾਤਨ ਪ੍ਰਚਲਤ ਧਾਰਨਾ ਅਨੁਸਾਰ ਮੰਨਿਆ ਜਾਂਦਾ ਸੀ ਕਿ ਕੀਤੇ ਪੁੰਨ, ਪਾਪ ਅਤੇ ਕਰਮਾਂ ਕਾਰਨ ਅਗਲਾ ਜਨਮ ਪ੍ਰਾਪਤ ਹੁੰਦਾ ਹੈ। ਉਸੇ ਧਾਰਨਾ ਮੁਤਾਬਕ ਹੀ ਮਿੱਥੇ ਹੋਏ ਕਰਮਾਂ ਅਨੁਸਾਰ ਕੁੱਲ ਅਤੇ ਮਾਤਾ-ਪਿਤਾ ਵੀ ਮਿਲਦੇ ਹਨ। ਇਸੇ ਅੰਧ-ਵਿਸ਼ਵਾਸ ਤਹਿਤ ਮੰਨਿਆ ਜਾਂਦਾ ਸੀ ਕਿ ਫਲਾਣੇ ਕਰਮ ਕਰੋ ਤਾਂ ਮਨ ਚਾਹੇ ਫਲਾਣੇ ਮਾਤਾ-ਪਿਤਾ ਘਰ ਜਨਮ ਲੈ ਸਕਦੇ ਹੋ। ਇਸ ਧਾਰਨਾ ਤਹਿਤ ਅਗਲੇ ਜਨਮ ਵਿਚ ਚੰਗੀ ਕੁੱਲ, ਚੰਗੇ ਮਾਤਾ-ਪਿਤਾ ਦੀ ਮੰਗਾਂ ਕਾਰਨ ਮਨੁੱਖ ਤ੍ਰਿਸ਼ਨਾ ਦੀ ਅੱਗ ਵਿਚ ਫਸਦਾ ਚਲਾ ਗਿਆ। ਇਸ ਸ਼ਬਦ ਰਾਹੀਂ ਮਨੁੱਖ ਨੂੰ ਤ੍ਰਿਸ਼ਨਾ ਦੀ ਅੱਗ ਤੋਂ ਸੁਚੇਤ ਕਰਵਾਉਂਦੇ ਹੋਏ, ਰੱਬੀ ਬੇਅੰਤਤਾ ਦੇ ਹੁਲਾਰੇ ਵਿਚ ਸਤਿਗੁਰ ਦ੍ਰਿੜ ਕਰਵਾਇਆ ਗਿਆ ਹੈ ਕਿ ਮਨੁੱਖਾ ਜਨਮ ਕਿਵੇਂ ਪ੍ਰਾਪਤ ਹੋਇਆ ਇਹ ਕੋਈ ਨਹੀਂ ਦੱਸ ਸਕਦਾ। ਜਨਮ ਤੋਂ ਪਹਿਲਾਂ ਕੋਈ ਇਹ ਦਾਅਵਾ ਨਹੀਂ ਕਰ ਸਕਦਾ ਕਿ ਮੈਂ ਫਲਾਣੇ ਮਾਤਾ-ਪਿਤਾ ਦੇ ਘਰ ਜੰਮਾਂਗਾ ਅਤੇ ਨਾ ਹੀ ਕੋਈ ਦਮ ਭਰ ਕੇ ਕਹਿ ਸਕਦਾ ਹੈ ਕਿ ਮੇਰਾ ਜਨਮ ਇਸ ਮਾਤਾ ਪਿਤਾ, ਜਾਤ ਜਾਂ ਘਰ ਵਿਚ ਪਿਛਲੇ ਜਨਮ ਦੇ ਫਲਾਣੇ ਕਰਮਾਂ ਜਾਂ ਪੁੰਨ ਕਾਰਨ ਹੋਇਆ ਹੈ।

ਰਹਾਉ ਦੀ ਵਿਚਾਰ ਨੂੰ ਸਮਝ ਕੇ ਪਤਾ ਲੱਗਦਾ ਹੈ ਕਿ ਮੇਰੇ ਅਵਗੁਣਾਂ ਦੀ ਗੱਲ ਚੱਲ ਰਹੀ ਹੈ। ਰਹਾਉ ਨਾਲ ਸੰਬੰਧਤ ਪਹਿਲੇ ਪਦੇ ਨੂੰ ਵਿਚਾਰੀਏ ਤਾਂ ਸਮਝ ਪੈਂਦੀ ਹੈ ਕਿ ਆਤਮਕ ਤਲ 'ਤੇ ਆਪਣੇ ਦੁਰਮਤ ਰੂਪੀ ਮਾਂ ਅਤੇ ਅਸੰਤੋਖ ਰੂਪੀ ਪਿਤਾ ਤੋਂ ਪੈਦਾ ਹੋਇਆ ਹਾਂ। ਭਾਵ ਮੇਰੇ ਜੋ ਖ਼ਿਆਲ ਅਤੇ ਕਰਮ ਹਨ ਉਹ ਮੇਰੀ ਦੁਰਮਤ ਰੂਪੀ ਮਾਂ ਅਤੇ ਅਸੰਤੋਖ ਰੂਪੀ ਪਿਤਾ ਤੋਂ ਹੀ ਉਪਜੇ ਹਨ। ਮੇਰੇ ਮਨ ਦੀਆਂ ਇੱਛਾਵਾਂ ਅਤੇ ਤ੍ਰਿਸ਼ਨਾ ਕਾਰਨ ਮੈਨੂੰ ਸਮਝ ਹੀ ਨਹੀਂ ਆ ਰਹੀ ਕਿ ਮੇਰੇ ਜੀਵਨ ਦਾ ਕੀ ਮਕਸਦ ਹੈ। ਆਪਣੇ ਮੰਦੇ ਖ਼ਿਆਲਾਂ ਅਤੇ ਮਾੜੀ ਸੋਚ ਕਾਰਨ, ਖੁਆਰ ਅਤੇ ਦੁਵਿਧਾ ਵਾਲਾ ਜੀਵਨ ਜਿਊਂ ਰਿਹਾ ਹਾਂ ਅਤੇ ਬੇਲੋੜੇ ਕੰਮਾਂ ਵਿਚ ਖੱਜਤ ਰਹਿੰਦਾ ਹਾਂ।*

ਹਰੇਕ ਮਨੁੱਖ ਸਵੈ-ਪੜਚੋਲ ਕਰਕੇ ਇਹ ਸਮਝ ਸਕਦਾ ਹੈ ਕਿ ਮੇਰੇ ਅੰਦਰ ਤ੍ਰਿਸ਼ਨਾ ਰੂਪੀ ਅੱਗ ਬਲ ਰਹੀ ਹੈ ਅਤੇ ਅਸੰਤੋਖ ਦਾ ਜਲ ਨਿਮ ਰਿਹਾ ਹੈ। ਇਨ੍ਹਾਂ ਅਵਗੁਣਾਂ ਕਾਰਨ ਮੈਨੂੰ ਆਪਣੇ ਜੀਵਨ ਦਾ ਮਕਸਦ ਹੀ ਨਹੀਂ ਸਮਝ ਪੈ ਰਿਹਾ ਕਿ ਮੇਰੇ ਜਨਮ ਲੈਣ ਦਾ ਕਾਰਨ ਕੀ ਹੈ ਅਤੇ ਮੈਂ ਕਿਸ ਆਸ਼ੇ ਦੀ ਪੂਰਤੀ ਲਈ ਜਨਮ ਲਿਆ ਹੈ।

**ਪਦਾ ਦੂਜਾ : ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ॥**
**ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ॥੨॥**

**ਭਾਵ** : ਪੇੜ-ਪੌਦੇ, ਪਸ਼ੂ, ਸੱਪ ਅਤੇ ਪੰਛੀ ਆਦਿ ਇਸ ਧਰਤੀ 'ਤੇ, ਇਸ ਸ੍ਰਿਸ਼ਟੀ ਵਿਚ ਰੱਬ ਜੀ ਦੀ ਕਿਰਤ ਹਨ। ਉਹ ਸਾਰੇ ਕੁਦਰਤੀ ਨੇਮਾਂ ਅਨੁਸਾਰ ਆਪਣੇ ਸੁਭਾਅ ਅਧੀਨ ਆਪਣੇ ਕੰਮ ਕਾਜ ਕਰੀ ਜਾ ਰਹੇ ਹਨ। ਉਨ੍ਹਾਂ ਨੂੰ ਇਹ ਸਮਝ ਨਹੀਂ ਕਿ ਉਨ੍ਹਾਂ ਵਿਚ ਮਾੜਾ ਅਤੇ ਚੰਗਾ ਸੁਭਾਅ ਵੀ ਹੈ। ਉਨ੍ਹਾਂ ਨੂੰ ਆਪਣੇ ਇਸ ਸੁਭਾਅ ਦੀ ਸੋਝੀ ਨਹੀਂ। ਅਫ਼ਸੋਸ ਤਾਂ ਇਹ ਹੈ ਕਿ ਜੋ-ਜੋ ਅਵਗੁਣ ਉਨ੍ਹਾਂ ਦੇ ਸੁਭਾਅ ਵਿਚ ਹਨ ਉਹ ਅਨੇਕ ਅਵਗੁਣ ਮਨੁੱਖ ਵਿਚ ਵੀ ਹੋਣ ਤਾਂ ਕਿਤਨੇ ਦੁੱਖ ਦੀ ਗੱਲ ਹੈ ਕਿਉਂਕਿ ਇਹ ਮਨੁੱਖ ਦਾ ਕੁਦਰਤੀ ਸੁਭਾਅ ਨਹੀਂ ਹੈ। ਪਸ਼ੂ ਪੰਛੀ ਇਸ ਸੁਭਾਅ ਤੋਂ ਕੁਦਰਤੀ ਨੇਮਾਂ ਕਾਰਨ ਨਹੀਂ ਛੁੱਟ ਸਕਦੇ ਪਰ ਮਨੁੱਖ ਨੂੰ ਤਾਂ ਬੁੱਧੀ ਪ੍ਰਾਪਤ ਹੋਈ

ਹੈ ਅਤੇ ਉਹ ਮੰਦੇ ਸੁਭਾਅ ਤੋਂ ਛੁੱਟ ਸਕਦਾ ਹੈ। ਮਨੁੱਖ ਅਵਗੁਣਾਂ ਨੂੰ ਸੋਧਦਾ ਨਹੀਂ ਬਲਕਿ ਉਨ੍ਹਾਂ ਕਾਰਨ ਉਪਜੇ ਵਿਕਾਰਾਂ ਅਧੀਨ ਹੋ ਕੇ ਨਿੰਦਾ ਰੂਪੀ ਜ਼ਹਿਰ ਘੋਲਦਾ ਰਹਿੰਦਾ ਹੈ, ਕੁਬੋਲ ਬੋਲ ਕੇ ਸੱਪ ਵਾਂਗੂੰ ਡੰਗ ਮਾਰਦਾ ਹੈ।

**ਪਦਾ ਤੀਜਾ : ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ।।**

**ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ।।੩।।**

**ਭਾਵ** : ਜਦ ਮਨੁੱਖ ਦਾ ਧਿਆਨ ਆਪਣੇ ਅਵਗੁਣਾਂ ਵਲ ਪੈਂਦਾ ਹੈ ਤਾਂ ਉਸਨੂੰ ਮਹਿਸੂਸ ਹੁੰਦਾ ਹੈ ਕਿ ਮੈਂ ਆਪਣੇ ਅਵਗੁਣਾਂ ਕਾਰਨ ਆਪਣੇ ਨਿਜ ਘਰ ਤੋਂ ਦੂਰ, ਰੱਬ ਜੀ ਤੋਂ ਵਿਛੜਿਆ ਹਾਂ, ਭਾਵ ਜਦ ਮੈਂ ਨਿੰਦਾ ਕਰਦਾ ਹਾਂ, ਕੁਬੋਲ ਬੋਲਦਾ ਹਾਂ ਤਾਂ ਇਹ ਇਸ ਤਰ੍ਹਾਂ ਹੈ ਜਿਵੇਂ ਦੂਸਰੇ ਦੀ ਵਸਤ ਚੋਰੀ ਕਰਕੇ, ਸਭ ਤੋਂ ਛੁਪਾ ਕੇ ਲਿਆਂਦੀ। ਸਭ ਤੋਂ ਤਾਂ ਮਨੁੱਖ ਛੁਪਾ ਸਕਦਾ ਹੈ ਪਰ ਅੰਦਰ ਬੈਠੇ ਰੱਬ ਜੀ ਤੋਂ ਕਿਵੇਂ ਲੁਕਾ ਕੇ ਰੱਖ ਸਕਦਾ ਹੈ। ਇਸਨੂੰ ਇਹ ਸਮਝ ਨਹੀਂ ਪੈਂਦੀ ਕਿ ਇਹ ਸਾਰੇ ਮਾੜੇ ਕਰਮ ਕਰਨ ਵੇਲੇ, ਮੈਂ ਰੱਬ ਜੀ ਵਲੋਂ ਵਾਚਿਆ ਜਾ ਰਿਹਾ ਹਾਂ। ਮਨੁੱਖ ਰੱਬ ਜੀ ਦੀ ਹਾਜ਼ਰ ਨਾਜ਼ਰਤਾ ਤੋਂ ਮੁਨਕਰ ਹੈ, ਇਸ ਕਰਕੇ ਗ਼ਲਤ ਕੰਮਾਂ ਵਿਚ ਖੱਚਤ ਰਹਿੰਦਾ ਹੈ।

**ਪਦਾ ਚੌਥਾ : ਤਟ ਤੀਰਥ ਹਮ ਨਵ ਖੰਡ ਦੇਖੇ ਹਟ ਪਟਣ ਬਾਜਾਰਾ।।**

**ਲੈ ਕੇ ਤਕੜੀ ਤੋਲਨਿ ਲਾਗਾ ਘਟ ਹੀ ਮਹਿ ਵਣਜਾਰਾ।।੪।।**

**ਭਾਵ** : ਹੇ ਮਨੁੱਖ, ਰੱਬ ਜੀ ਤੇਰੇ ਅੰਦਰ ਹੀ ਬੈਠੇ ਹਨ ਜੋ ਤਕੜੀ ਲੈ ਕੇ ਤੋਲ ਰਹੇ ਹਨ, ਇਸ ਕਰਕੇ ਤੂੰ ਉਸ ਤੋਂ ਨਹੀਂ ਬਚ ਸਕਦਾ। ਭਾਵ ਮਨੁੱਖ ਜਿੱਥੇ ਮਰਜ਼ੀ ਚਲਾ ਜਾਏ, ਰੱਬ ਜੀ ਦੀ ਹਾਜ਼ਰ ਨਾਜ਼ਰਤਾ ਤੋਂ ਮੁਨਕਰ ਨਹੀਂ ਹੋ ਸਕਦਾ, ਝੁਠਲਾ ਨਹੀਂ ਸਕਦਾ, ਪਿਠ ਨਹੀਂ ਦੇ ਸਕਦਾ। ਅੰਤਰ ਆਤਮੇ ਦੀ ਆਵਾਜ਼ ਮਨੁੱਖ ਨੂੰ ਸਤਿਗੁਰ (divine wisdom) ਨਾਲ ਇਕਮਿਕਤਾ ਦਾ ਸੁਨੇਹਾ ਦਿੰਦੀ ਰਹਿੰਦੀ ਹੈ ਕਿ ਗੁਣ ਕੀ ਹਨ, ਅਵਗੁਣ ਕੀ ਹਨ, ਚੰਗਾ ਕੀ ਹੈ, ਮੰਦਾ ਕੀ ਹੈ **"ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ"।।**

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰਾਹੀਂ ਮਨੁੱਖ ਨੂੰ ਵਰਤਮਾਨ ਜੀਵਨ ਸੰਵਾਰਨ ਦੀ ਪ੍ਰੇਰਨਾ ਦਿੱਤੀ ਗਈ ਹੈ ਕਿ ਇਸੇ ਜੀਵਨ ਵਿਚ ਰੱਬ ਜੀ ਦੀ ਹੋਂਦ ਨੂੰ ਮਹਿਸੂਸ ਕਰ।

**ਪਦਾ ਪੰਜਵਾਂ : ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ।।**

**ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ।।੫।।**

**ਭਾਵ** : ਜਦੋਂ ਮਨੁੱਖ ਨੂੰ 'ਘਟਿ ਹੀ ਮਹਿ ਵਣਜਾਰਾ' ਵਾਲੀ ਗੱਲ ਸਮਝ ਪੈਂਦੀ ਹੈ ਤਾਂ ਮਨੁੱਖ ਦਾ ਧਿਆਨ ਆਪਣੇ 'ਅੰਤਰ ਆਤਮੇ' ਵੱਲ ਪੈਂਦਾ ਹੈ। ਇਸੇ ਕਰਕੇ ਮਨੁੱਖ ਨੂੰ ਸਮਝਾਇਆ ਗਿਆ ਹੈ **"ਆਪਨੜੈ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ"**। ਆਪਣੇ ਅੰਦਰ ਝਾਤੀ ਮਾਰਨ ਤੋਂ ਬਾਅਦ ਹੀ ਮਨੁੱਖ ਨੂੰ ਮਹਿਸੂਸ ਹੁੰਦਾ ਹੈ ਕਿ ਮੇਰੇ ਵਿਚ ਸਮੁੰਦਰ ਦੇ ਜਲ ਦੀ ਤਰ੍ਹਾਂ ਬੇਅੰਤ ਅਵਗੁਣ ਹਨ। ਜਦੋਂ ਮਨੁੱਖ ਨੂੰ ਇਹ ਅਹਿਸਾਸ ਹੁੰਦਾ ਹੈ ਤਾਂ ਹੀ ਉਹ ਆਪਣੇ ਅਵਗੁਣਾਂ ਤੋਂ ਛੁਟਕਾਰਾ ਪਾਉਣ ਲਈ ਕੋਸ਼ਿਸ਼ ਕਰਦਾ ਹੈ। ਆਤਮਕ ਤੌਰ 'ਤੇ ਦੁਖੀ ਰਹਿਣ ਕਾਰਨ ਮਨੁੱਖ 'ਸਤਿਗੁਰ' (divine wisdom) ਦੀ ਜ਼ਰੂਰਤ ਮਹਿਸੂਸ ਕਰਨ ਲੱਗ ਪੈਂਦਾ ਹੈ। ਫਿਰ ਮਨੁੱਖ ਬਿਨਤੀ ਕਰਦਾ ਹੈ, ਦਇਆ ਅਤੇ ਮਿਹਰ ਦੀ ਜਾਚਨਾ ਕਰਦਾ ਹੈ ਕਿ ਮੈਨੂੰ ਸੁਮਤ ਬਖ਼ਸ਼ੋ ਤਾਂ ਕਿ ਮੈਂ ਅਵਗੁਣਾਂ ਵਾਲੇ ਸਮੁੰਦਰ ਵਿਚ ਨਾ ਡੁੱਬ ਜਾਵਾਂ। **"ਜਿਉ ਪਾਖਾਣੁ ਨਾਵ ਚੜਿ ਤਰੈ।। ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ।।** ਜਿਵੇਂ ਕਿਸ਼ਤੀ ਦੇ

ਸਹਾਰੇ ਨਾਲ ਪੱਥਰ ਵੀ ਤਰ ਜਾਂਦੇ ਹਨ, ਉਸੇ ਤਰ੍ਹਾਂ ਮਨੁੱਖ ਸਤਿਗੁਰ (ਗਿਆਨ-ਗੁਰੂ) ਰੂਪੀ ਬੇੜੀ ਦੇ ਸਹਾਰੇ ਅਵਗੁਣਾਂ ਰੂਪੀ ਸਮੁੰਦਰ ਤੋਂ ਤਰ ਸਕਦਾ ਹੈ। ਭਾਵ ਆਪਣੀ ਕਠੋਰਤਾ ਨੂੰ ਮਹਿਸੂਸ ਕਰਕੇ ਨਰਮ ਹਿਰਦੇ ਵਾਲਾ, ਦੂਜਿਆਂ ਦਾ ਦਰਦ ਮਹਿਸੂਸ ਕਰਨ ਵਾਲਾ ਬਣ ਸਕਦਾ ਹੈ।

**ਪਦਾ ਛੇਵਾਂ : ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ।।**

**ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ।।੬।।੫।।੧੭।।੧।।**

**ਭਾਵ :** ਜਿਵੇਂ ਹੀ ਜੀਅੜਾ ਰੂਪੀ ਧਰਤੀ ਉੱਤੇ ਸੂਰਜ ਰੂਪੀ ਗਿਆਨ ਦੀ ਅਗਨੀ ਲਗਾਤਾਰ ਬਲਣੀ ਸ਼ੁਰੂ ਹੋ ਜਾਂਦੀ ਹੈ, ਤਾਂ ਗਿਆਨ-ਗੁਰੂ ਰਾਹੀਂ ਰੱਬ ਦੀ ਹਾਜ਼ਰ ਨਾਜ਼ਰਤਾ ਵਾਲਾ ਨਿਯਮ ਸਮਝ ਪੈਣ ਲੱਗ ਜਾਂਦਾ ਹੈ, ਜਿਸ ਦਾ ਸਦਕਾ ਮਨੁੱਖ ਅਵਗੁਣਾਂ ਤੋਂ ਛੁੱਟ ਕੇ ਹਮੇਸ਼ਾ ਲਈ ਸੁਖੀ ਹੋ ਜਾਂਦਾ ਹੈ।

ਉਪਰ ਵਿਚਾਰੇ ਇਸ ਸ਼ਬਦ ਨੂੰ ਧਿਆਨ ਨਾਲ ਪੜੀਏ ਤਾਂ ਸਾਫ ਪਤਾ ਲਗਦਾ ਹੈ ਕਿ ਗੁਰਮਤ ਰਾਹੀ ਮਨੁੱਖ ਨੂੰ, ਆਪਣੇ ਅਵਗੁਣਾਂ ਤੋਂ ਉਪਰ ਉਠ ਕੇ, ਸਤਿਗੁਰ (divine wisdom) ਅਨੁਸਾਰ ਰੱਬੀ ਰਜ਼ਾ ਵਿਚ ਰਹਿ ਕੇ, ਰੱਬੀ ਗੁਣਾਂ ਭਰਪੂਰ ਜੀਵਨ ਬਣਾਉਣਾ ਸਿਖਾਇਆ ਗਿਆ ਹੈ।

ਇਸੇ ਮਜ਼ਮੂਨ ਨੂੰ ਦ੍ਰਿੜ ਕਰਨ ਲਈ ਕੁਝ ਪੰਕਤੀਆਂ ਦਾ ਸਹਾਰਾ ਲੈ ਕੇ ਸੰਖੇਪ ਵਿਚਾਰ ਕਰਦੇ ਹਾਂ :-

1. **ਮੂਲੁ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ।।** (ਗੁਰੂ ਗ੍ਰੰਥ ਸਾਹਿਬ, ਪੰਨਾ : 751)

   ਜੋ ਆਪਣਾ ਮੂਲ ਨਹੀਂ ਪਛਾਣਦੇ ਆਪਣੇ ਅੰਦਰ ਪ੍ਰਮਾਤਮਾ ਦੀ ਹੋਂਦ ਮਹਿਸੂਸ ਨਹੀ ਕਰਦੇ, ਉਹ ਮਨੁੱਖ ਹੋ ਕੇ ਵੀ ਪਸ਼ੂ ਦੀ ਜੂਨ ਵਾਲੇ ਕਰਮ ਹੀ ਕਰ ਰਹੇ ਹਨ ਭਾਵ ਪਸ਼ੂ ਜੂਨ ਵਿਚ ਹੀ ਹਨ।

2. **ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ।। ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1428)

   ਜੋ ਮਨੁੱਖ ਇਕ ਰੱਬ ਜੀ ਨਾਲ ਨਹੀਂ ਜੁੜਿਆ ਰੱਬੀ ਰਜ਼ਾ ਵਿਚ ਨਹੀਂ ਜਿਉਂਦਾ ਉਹ ਕੂਕਰ ਦੀ ਜੂਨ ਵਿਚ ਪਿਆ ਹੋਇਆ ਹੈ ਭਾਵ ਸਰੀਰਕ ਤੌਰ 'ਤੇ ਮਨੁੱਖ ਹੈ ਪਰ ਆਤਮਕ ਮੌਤ ਕਾਰਨ ਸੂਅਰ, ਕੁੱਤੇ ਦੀ ਜੂਨ 'ਚ ਹੈ।

3. **ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1246)

   ਜੋ ਮਨੁੱਖ ਹਉਮੈ (ਗਰਬ) ਕਰਦੇ ਹਨ ਉਹ ਖੋਤੇ ਦੀ ਜੂਨ 'ਚ ਹੀ ਪਏ ਹਨ।

4. **ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ।। ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1284)

   ਜਦੋਂ ਮਨੁੱਖ ਆਪਣੇ ਮਨ ਦੇ ਦਬਦਬੇ ਹੇਠਾਂ ਬੇਤਾਲਾ ਜੀਵਨ ਜਿਉਂਦਾ ਹੈ ਤਾਂ ਉਸਨੇ ਮਾਨਸਕ ਅਵਸਥਾ ਪਸ਼ੂ ਵਾਂਗ ਰੱਖੀ ਹੋਈ ਹੈ ਪਰ ਬਾਹਰੋਂ ਕੇਵਲ ਚਮੜੀ ਮਨੁੱਖਾਂ ਵਾਲੀ ਹੈ।

5. **ਬਿਨੁ ਸਿਮਰਨ ਗਰਧਭ ਕੀ ਨਿਆਈ।।** (ਗੁਰੂ ਗ੍ਰੰਥ ਸਾਹਿਬ, ਪੰਨਾ : 239)

   ਜਦੋਂ ਮਨੁੱਖ ਮਨ ਕਰਕੇ ਰੱਬੀ ਗੁਣਾਂ ਵਾਲੀ ਜੀਵਨੀ ਨਹੀਂ ਜਿਉਂਦਾ, ਉਹ 'ਗਰਧਭ' (ਖੋਤਾ) ਹੀ ਹੈ।

6. **ਜਿਸ ਕੈ ਅੰਤਰਿ ਰਾਜ ਅਭਿਮਾਨੁ।। ਸੋ ਨਰਕਪਾਤੀ ਹੋਵਤ ਸੁਆਨੁ।।** (ਗੁਰੂ ਗ੍ਰੰਥ ਸਾਹਿਬ, ਪੰਨਾ : 278)

ਜਦੋਂ ਮਨੁੱਖ ਦਾ ਮਨ ਰਾਜ, ਧਨ, ਭੂਮੀ, ਜੋਬਨ ਦਾ ਅਭਿਮਾਨ ਕਰ ਰਿਹਾ ਹੈ ਉਹ ਮਾਨੋ ਕੁੱਤੇ ਦੀ ਜੂਨ 'ਚ, ਨਰਕ ਵਿੱਚ ਪਿਆ ਹੈ।

7. **ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ।। ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1356)

ਜੋ ਮਨੁੱਖ ਸਤਿਗੁਰ (divine wisdom) ਅਨੁਸਾਰ ਨਹੀਂ ਜਿਉਂਦੇ, ਉਨ੍ਹਾਂ ਦਾ ਜੀਵਨ ਧ੍ਰਿਗਾਕਾਰ ਹੈ ਕਿਉਂਕਿ ਉਨ੍ਹਾਂ ਮਨੁੱਖਾਂ ਨੇ ਕੁੱਤਾ, ਸੂਰ, ਖੋਤਾ, ਕਾਂ, ਸੱਪ ਦੀ ਜੂਨ ਦੇ ਤੁੱਲ ਆਪਣਾ ਜੀਵਨ ਬਣਾ ਲਿਆ ਹੈ। ਉਨ੍ਹਾਂ ਨੇ ਆਪਣੀ ਮਨੁੱਖੀ ਜੂਨ (ਭ੍ਰਸ਼ਟਣਹਿ) ਆਪਣੇ ਅਚਾਰ ਤੋਂ ਡਿੱਗੀ ਹੋਈ ਪਤਿਤ, ਨੀਵੀਂ ਅਤੇ ਮੰਦੀ ਬਣਾ ਲਈ ਹੈ ਜੋ ਕਿ ਪਸ਼ੁਤਾ ਵਾਲੀ ਜੂਨ ਵਿਚ ਪੈਣ ਦੇ ਤੁੱਲ ਹੀ ਹੈ। ਇਹੀ ਮਨੁੱਖਤਾ ਦੇ ਤਲ ਤੋਂ ਪਸ਼ੂ ਪੰਛੀ ਦੇ ਤਲ ਤਕ ਡਿਗ ਪੈਣਾ **'ਅਉਤਰਣ'** ਕਹਿਲਾਉਂਦਾ ਹੈ।

ਇਸ ਕਿਸਮ ਦੇ ਅਨੇਕ ਪ੍ਰਮਾਣਾਂ ਤੋਂ ਪਤਾ ਲਗਦਾ ਹੈ ਕਿ ਸੱਚ ਦੇ ਮਾਰਗ ਭਾਵ 'ਸਤਿਗੁਰ' ਤੋਂ ਵਿਹੂਣਾ ਮਨੁੱਖ ਦਾ ਜੀਵਨ ਇਨ੍ਹਾਂ ਜੂਨਾਂ 'ਚ ਪੈ ਜਾਣ ਦੇ ਤੁੱਲ ਹੈ। ਸੋ ਮਨੁੱਖ ਨੇ ਇਹ ਚੇਤੇ ਰੱਖਣਾ ਹੈ ਕਿ "ਉਹ ਮਨੁੱਖਾ ਜੀਵਨ ਜਿਉਂਦਿਆਂ ਕਿਹੜੀ-ਕਿਹੜੀ ਜੂਨ ਵਾਲੇ, ਕਰਮ ਕਰਦਾ ਰਹਿੰਦਾ ਹੈ। ਇਸ ਦੁਨੀਆ 'ਚ ਕਿਸੇ ਵੀ ਤਰੀਕੇ ਤੋਂ (ਅੰਡਜ, ਜੇਰਜ, ਸੇਤਜ, ਉਤਭੁਜ) ਕੋਈ ਵੀ ਜੂਨ ਹੈ, ਉਨ੍ਹਾਂ ਕੋਲ ਵਿਚਾਰਨ ਯੋਗ ਬੁੱਧੀ ਨਹੀਂ, ਇਸ ਕਰਕੇ ਉਹ ਪਸ਼ੂ ਪੰਛੀ ਆਪਣੇ ਸੁਭਾਅ ਦੇ ਬੱਧੇ ਹਨ ਪਰ ਮਨੁੱਖ 'ਸਤਿਗੁਰ' ਅਨੁਸਾਰ ਆਪਣੇ ਵਿਚਾਰ ਮੰਡਲ ਨੂੰ ਸੋਧ ਕੇ ਪਰਮਪਦ ਅਵਸਥਾ ਪ੍ਰਾਪਤ ਕਰ ਸਕਦਾ ਹੈ।"

ਗੁਰੂ ਗ੍ਰੰਥ ਸਾਹਿਬ ਜੀ ਦਾ ਅਸਲ ਮਕਸਦ ਕੇਵਲ ਸੱਚ ਦ੍ਰਿੜ ਕਰਵਾਉਣਾ ਹੀ ਹੈ। ਇਸ ਵਿਚ ਇਕ ਗੱਲ ਬਾਰੇ ਦੋ ਸਿਧਾਂਤ ਨਹੀਂ ਹਨ। ਇਹ ਗੱਲ ਵੱਖਰੀ ਹੈ ਕਿ ਸਿਧਾਂਤ ਨੂੰ ਨਾ ਸਮਝਣ ਕਾਰਨ ਅਸੀਂ ਅਰਥ ਸਮਝਣ ਵੇਲੇ ਟਪਲਾ ਖਾ ਜਾਂਦੇ ਹਾਂ ਪਰ ਗੁਰਬਾਣੀ ਦਾ **ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ।।** ਅਨੁਸਾਰ, ਇਕੋ ਹੀ ਸੁਨੇਹਾ ਹੈ। ਇਸ ਲਈ ਸਾਨੂੰ ਵਿਚਾਰਨਾ ਪਵੇਗਾ ਕਿ, "ਕਈ ਜਨਮ ਭਏ ਕੀਟ ਪਤੰਗਾ।।" ਸ਼ਬਦ ਮਨੁੱਖ ਨੂੰ ਕਿਸ ਪੱਖੋਂ ਸੁਚੇਤ ਕਰਵਾ ਰਿਹਾ ਹੈ ਤੇ ਕੀ ਸੇਧ ਦਿੰਦਾ ਹੈ। ਸ਼ਬਦ ਨੂੰ ਵਿਚਾਰਨ ਤੋਂ ਪਹਿਲਾਂ ਹਥਲੀ ਪੁਸਤਕ ਦੇ ਪੰਨਾ ਨੰ. 94 'ਤੇ ਵਿਚਾਰੇ ਸ਼ਬਦ 'ਮਾਧੋ ਅਬਿਦਿਆ ਹਿਤ ਕੀਨ" ਨੂੰ ਧਿਆਨ ਵਿਚ ਰੱਖਣਾ ਹੈ ਅਤੇ ਰਲਵੇਂ ਭਾਵ ਅਰਥਾਂ ਵਿਚ ਦੋਨੋਂ ਸ਼ਬਦਾਂ ਨੂੰ ਸਮਝਣਾ ਹੈ।

**ਗਉੜੀ ਗੁਆਰੇਰੀ ਮਹਲਾ ੫।।**

**ਕਈ ਜਨਮ ਭਏ ਕੀਟ ਪਤੰਗਾ।। ਕਈ ਜਨਮ ਗਜ ਮੀਨ ਕੁਰੰਗਾ।। ਕਈ ਜਨਮ ਪੰਖੀ ਸਰਪ ਹੋਇਓ।। ਕਈ ਜਨਮ ਹੈਵਰ ਬ੍ਰਿਖ ਜੋਇਓ।।੧।। ਮਿਲੁ ਜਗਦੀਸ ਮਿਲਨ ਕੀ ਬਰੀਆ।। ਚਿਰੰਕਾਲ ਇਹ ਦੇਹ ਸੰਜਰੀਆ।।੧।।ਰਹਾਉ।। ਕਈ ਜਨਮ ਸੈਲ ਗਿਰਿ ਕਰਿਆ।। ਕਈ ਜਨਮ ਗਰਭ ਹਿਰਿ ਖਰਿਆ।। ਕਈ ਜਨਮ ਸਾਖ ਕਰਿ ਉਪਾਇਆ।। ਲਖ ਚਉਰਾਸੀਹ ਜੋਨਿ ਭ੍ਰਮਾਇਆ।।੨।। ਸਾਧਸੰਗਿ ਭਇਓ ਜਨਮੁ ਪਰਾਪਤਿ।। ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ।। ਤਿਆਗਿ ਮਾਨੁ ਝੂਠੁ ਅਭਿਮਾਨੁ।। ਜੀਵਤ ਮਰਹਿ ਦਰਗਹ ਪਰਵਾਨੁ।।੩।। ਜੋ ਕਿਛੁ ਹੋਆ ਸੁ ਤੁਝ ਤੇ ਹੋਗੁ।। ਅਵਰੁ ਨ ਦੂਜਾ ਕਰਣੈ ਜੋਗੁ।। ਤਾ ਮਿਲੀਐ ਜਾ ਲੈਹਿ ਮਿਲਾਇ।। ਕਹੁ ਨਾਨਕ ਹਰਿ ਹਰਿ ਗੁਣ ਗਾਇ।।੪।।੩।।੭੨।।**

(ਗੁਰੂ ਗ੍ਰੰਥ ਸਾਹਿਬ, ਪੰਨਾ : 176)

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਬਣਤਰ ਦੇ ਕੀਮਤੀ ਢੰਗ ਨੂੰ ਮੁਖ ਰਖਦਿਆਂ ਪਹਿਲੋਂ 'ਰਹਾਉ' ਦੀ ਪੰਕਤੀ ਅਤੇ ਫਿਰ ਬਾਕੀ ਪਦੇ ਵਿਚਾਰਨੇ ਬਣਦੇ ਹਨ।

**ਪਦਾ ਰਹਾਉ :- ਮਿਲੁ ਜਗਦੀਸ ਮਿਲਨ ਕੀ ਬਰੀਆ।। ਚਿਰੰਕਾਲ ਇਹ ਦੇਹ ਸੰਜਰੀਆ।।੧।।**

ਪਦ ਅਰਥ:- **ਦੇਹ ਸੰਜਰੀਆਂ:-** ਵਿਕਾਰਾਂ ਕਾਰਨ ਬਣਾਈ ਆਪਣੀ ਇਹ ਝੂਠੀ ਸ਼ਖਸੀਅਤ, ਮੰਦੇ ਕਰਮਾਂ ਦੀ ਸੰਜੋਈ ਹੋਈ ਦੇਹ।

**ਭਾਵ ਅਰਥ :-** ਜਦੋਂ ਸਤਿਗੁਰ (ਗਿਆਨ-ਗੁਰੂ) ਰਾਹੀਂ ਮਨ ਨੂੰ ਸਮਝ ਪੈਂਦੀ ਹੈ ਕਿ ਮੈਂ ਆਪਣੀ ਝੂਠੀ ਸ਼ਖ਼ਸੀਅਤ ਕਾਰਨ ਵਿਕਾਰਾਂ ਹੱਥੀਂ ਲੁੱਟਿਆ ਜਾ ਰਿਹਾ ਹਾਂ ਤਾਂ ਉਹ ਆਪਣੇ ਅਚੇਤ ਮਨ ਨੂੰ ਸਮਝਾਉਂਦਾ ਹੈ ਕਿ ਤੈਨੂੰ ਜਗਦੀਸ਼ (ਪ੍ਰਮਾਤਮਾ) ਨਾਲ ਮਿਲਣ ਦਾ ਅਵਸਰ, ਮੌਕਾ ਪ੍ਰਾਪਤ ਹੋਇਆ ਹੈ। ਐ ਮਨ, ਸਤਿਗੁਰ ਅੱਗੇ ਆਪਣਾ ਆਪਾ ਸਮਰਪਣ ਕਰ ਕੇ ਆਪਣੀ ਬੁੱਧੀ ਨੂੰ ਬਿਬੇਕ ਬੁੱਧੀ ਬਣਾ ਲੈ। ਸੋ ਇਸ ਅਵਸਰ ਦਾ ਪੂਰਾ ਲਾਹਾ ਪ੍ਰਾਪਤ ਕਰ ਲੈ। ਚਿਰੰਕਾਲ ਜਾਂ ਚਿਰ ਦਾ ਅਰਥ 'ਬਹੁਤ ਸਮਾਂ ਲਿਆ ਜਾਂਦਾ ਹੈ।' ਮਨੁੱਖ ਆਪਣੇ ਜੀਵਨ ਵਿਚ ਵਿਕਾਰਾਂ ਹਥੀਂ ਆਤਮਕ ਤੌਰ 'ਤੇ ਮਰਦਾ ਜੰਮਦਾ ਰਹਿੰਦਾ ਹੈ ਤੇ ਮਨੁੱਖ ਦੇ ਜੀਵਨ ਦਾ ਸਮਾਂ ਇਸੇ ਤਰੀਕੇ ਨਾਲ ਲੰਘਦਾ ਜਾਂਦਾ ਹੈ। ਇਹੋ ਸਮਾਂ ਵਿਅਰਥ ਲੰਘਣਾ, ਚਿਰ ਭਇਆ, ਚਿਰੰਕਾਲ ਕਹਿਲਾਉਂਦਾ ਹੈ ਤੇ ਇਸੇ ਨੂੰ **"ਬਹੁਤ ਜਨਮ ਬਿਛੁਰੇ ਥੇ ਮਾਧਉ"** ਵੀ ਕਹਿੰਦੇ ਹਨ। **"ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ"** ਅਨੁਸਾਰ ਦੁਰਮਤ ਵਾਲੀ ਜੀਵਨੀ ਕਾਰਨ ਮਨੁੱਖ ਰੱਬ ਜੀ ਤੋਂ 'ਦੂਰ' ਤੇ ਗੁਰਮਤ ਵਾਲੀ ਜੀਵਨੀ ਸਦਕਾ 'ਨੇੜੇ' ਹੁੰਦਾ ਹੈ। "ਕਿਰਤਿ ਕਰਮ ਕੇ ਵੀਛੁੜੇ" ਵੀ ਮਨੁੱਖ ਆਪਣੀ 'ਆਤਮਕ ਮੌਤ' ਕਾਰਨ ਹੀ ਹੁੰਦਾ ਹੈ ਕਿਉਂਕਿ ਮਨੁੱਖ ਰੱਬੀ ਇਕਮਿਕਤਾ ਤੋਂ ਟੁਟਿਆ ਰਹਿੰਦਾ ਹੈ। ਸਤਿਗੁਰ ਅਨੁਸਾਰ ਜੀਵਨੀ ਜਿਊਣ ਨਾਲ **"ਮਿਲੁ ਜਗਦੀਸ ਮਿਲਨ ਕੀ ਬਰੀਆ"** ਦੀ ਆਤਮਕ ਅਵਸਥਾ ਕੋਈ ਵੀ ਮਨੁੱਖ ਮਾਣ ਸਕਦਾ ਹੈ। ਇਹ ਚੇਤੇ ਰੱਖਣਾ ਹੈ ਕਿ ਸਾਰੇ ਮਨੁੱਖ ਰੱਬੀ ਮਿਲਣ ਦੀ ਅਵਸਥਾ ਮਾਣ ਸਕਦੇ ਹਨ, ਬਸ਼ਰਤੇ ਕਿ ਉਹ ਆਪਣੀ ਮਤ ਤਿਆਗ ਕੇ ਸਤਿਗੁਰ (divine wisdom) ਅਨੁਸਾਰ ਜੀਵਨੀ ਜਿਊਣ।

ਪੰਚਮ ਪਾਤਸ਼ਾਹ ਸਾਨੂੰ ਸਾਰੇ ਮਨੁੱਖਾਂ ਨੂੰ ਸਮਝਾਉਣ ਲਈ ਮਨ ਨੂੰ ਮੁਖਾਤਿਬ ਕਰ ਕੇ ਕਹਿ ਰਹੇ ਹਨ ਕਿ ਐ ਮੇਰੇ ਮਨ ! ਹੁਣ ਤੇ ਸਮਝ, ਐਸੀਆਂ ਜੂਨਾਂ ਵਾਲੇ ਕਰਮ ਛਡ। ਤੈਨੂੰ ਇਹ ਜੀਵਨ ਰੱਬੀ ਗੁਣ ਜਿਊਣ ਲਈ ਪ੍ਰਾਪਤ ਹੋਇਆ ਹੈ ਤਾਂ ਕਿ ਤੂੰ ਰੱਬੀ ਇਕਮਿਕਤਾ ਮਾਣ ਸਕੇਂ। "ਮਿਲ ਜਗਦੀਸ਼ ਮਿਲਣ ਕੀ ਬਰੀਆ" ਭਾਵ ਗਿਆਨ-ਗੁਰੂ ਮਿਲ ਪਿਆ ਹੈ, ਇਹ ਸਮਾਂ ਨਾ ਗੰਵਾ।

**ਪਦਾ ਪਹਿਲਾ:- ਕਈ ਜਨਮ ਭਏ ਕੀਟ..... ਹੈਵਰ ਬ੍ਰਿਖ ਜੋਇਓ।।੧।।**

ਐ ਮੇਰੇ ਮਨ ਵਿਚਾਰ, ਤੂੰ ਮਨੁੱਖ ਹੋ ਕੇ ਕਦੀ ਕੀੜੇ ਵਾਂਗੂੰ ਕਰਮ ਕਰਨ ਲਗ ਪੈਂਦਾ ਹੈ, ਕਦੀ ਪਤੰਗੇ ਵਾਂਗ ਭਰਮਾ ਕੇ ਆਪਣਾ ਆਪ ਸਾੜ ਲੈਂਦਾ ਹੈ, ਕਦੀ ਕਾਮੀ ਹੋਕੇ ਹਾਥੀ ਹੋ ਜਾਂਦਾ ਹੈ, ਕਦੀ ਮੱਛੀ ਵਾਂਗ ਜੀਭ ਦੇ ਚਸਕੇ ਤੇ ਕਦੀ ਹਿਰਨ ਵਾਂਗ ਨਾਦ ਰੋਗ 'ਚ ਫਸ ਕੇ ਮਰਦਾ ਰਹਿੰਦਾ ਹੈਂ। ਕਦੀ ਪੰਖੀ ਬਣ ਕੇ ਦਸਾਂ ਦਿਸ਼ਾਵਾਂ 'ਚ ਭਟਕਦਾ ਰਹਿੰਦਾ ਹੈ ਤੇ ਕਦੀ ਸੱਪ ਵਾਂਗੂੰ ਜ਼ਹਿਰ ਘੋਲਦਾ ਤੇ ਹੋਰਨਾ ਨੂੰ ਡੰਗ ਮਾਰਦਾ ਰਹਿੰਦਾ ਹੈ। ਕਦੀ ਘੋੜੇ (ਹੈਵਰ) ਵਾਂਗ, ਤੇ ਕਦੀ ਬ੍ਰਿਖ (ਬਲਦ) ਵਾਂਗ ਚੌਵੀ ਘੰਟੇ ਜੋਇਆ (ਜੁੜਿਆ, ਜੁਤਿਆ) ਰਹਿੰਦਾ ਹੈਂ।

**ਪਦਾ ਦੂਜਾ:- ਕਈ ਜਨਮ ਸੈਲ .... ਜੋਨਿ ਭਮਾਇਆ।।੨।।**

ਹੇ ਮੇਰੇ ਮਨ, ਵਿਚਾਰ ਕਿ ਕਦੀ ਤੇਰਾ ਹਿਰਦਾ ਪੱਥਰ (ਸੈਲ) ਵਾਂਗ ਕਠੋਰ ਹੋ ਜਾਂਦਾ ਹੈ, ਕਦੀ ਆਕੜ ਵਿਚ ਪਹਾੜ (ਗਿਰਿ) ਵਾਂਗ ਹੰਕਾਰਿਆ ਰਹਿੰਦਾ ਹੈ, ਨਿਮਰਤਾ 'ਚ ਨਹੀਂ ਰਹਿੰਦਾ।

ਕਦੀ ਤੂੰ ਇਸਤਰੀ ਦੇ ਕੱਚੇ ਗਰਭ ਵਾਂਗ ਕਈ ਕਾਰਨਾਂ ਤੋਂ ਆਤਮਕ ਤੌਰ 'ਤੇ ਡਿੱਗ ਪੈਂਦਾ ਹੈ ਭਾਵ ਤੂੰ ਕੁਮਤ ਰੂਪੀ ਮਾਤਾ ਅਤੇ ਅਸੰਤੋਖੀ ਪਿਤਾ ਕਾਰਨ ਆਤਮਕ ਜਨਮ ਲੈ ਹੀ ਨਹੀ ਸਕਦਾ। ਕਦੀ ਤੂੰ ਸ਼ਾਖ ਵਾਂਗੂੰ ਕਮਜ਼ੋਰ ਹੋ ਕੇ ਡਰਦਾ ਰਹਿੰਦਾ ਹੈਂ ਤੇ ਕੁਮਲਾ ਜਾਂਦਾ ਹੈ। ਇਸੇ ਤਰ੍ਹਾਂ ਤੂੰ ਆਤਮਕ ਤੌਰ 'ਤੇ ਕਮਜ਼ੋਰ ਹੋਣ ਕਾਰਨ ਮਨੁੱਖਾ ਜਨਮ ਤਾਂ ਸੰਵਾਰ ਨਹੀ ਸਕਿਆ ਪਰ ਹੋਰ ਜੂਨੀਆਂ ਵਿਚ ਭਟਕਦਾ ਰਹਿੰਦਾ ਹੈਂ।

ਐ ਮਨੁੱਖ, ਜੇ ਤੂੰ ਅਸਲ ਮਾਇਨੇ 'ਚ 'ਮਨੁਖਾ ਜਨਮ', 'ਮਨੁੱਖਤਾ ਦੀ ਟੀਸੀ', ਪਰਮਪਦ, ਨਿਰਵਾਣ ਪਦ, ਜੀਵਨ ਮੁਕਤ ਅਵਸਥਾ, ਭਾਵ ਇਨਸਾਨੀਅਤ ਭਰਪੂਰ ਜੀਵਨ ਜਿਊਣਾ ਚਾਹੁੰਦਾ ਹੈ ਤਾਂ **"ਸਤਿਗੁਰ ਕੈ ਜਨਮੈ ਗਵਨ ਮਿਟਾਇਆ"** ਭਾਵ ਸਤਿਗੁਰ (ਗਿਆਨ-ਗੁਰੂ) ਦੇ ਘਰ ਜਨਮ ਲੈ। ਕੇਵਲ ਸਰੀਰ ਕਰਕੇ ਮਾਂ ਪਿਓ ਰਾਹੀਂ ਜਨਮ ਲੈ ਕੇ, ਆਪਣੀ ਖੁਦਗਰਜ਼ੀ ਕਾਰਨ ਦੁਨਿਆਵੀ ਸੁੱਖਾਂ ਵਿਚ ਖਚਤ ਰਹਿਣਾ ਅਤੇ ਵਿਕਾਰਾਂ ਵਸ ਅਨੇਕ ਜੂਨੀਆਂ ਵਿਚ ਭਟਕਦੇ ਰਹਿਣਾ ਹੀ ਮਨੁੱਖਾ ਜੀਵਨ ਦਾ ਮਕਸਦ ਨਹੀਂ ਬਲਕਿ 'ਐ ਮਨੁੱਖ, ਸਤਿਗੁਰ ਦੇ ਘਰ ਜਨਮ ਲੈ ਭਾਵ ਸੱਚ ਦੇ ਗਿਆਨ (divine wisdom - universal truth) ਰਾਹੀਂ ਜੀਵਨ ਜਿਊ ਤਾ ਕਿ ਤੈਨੂੰ ਉੱਚੀ ਆਤਮਕ ਅਵਸਥਾ ਵਾਲਾ ਅਸਲੀ ਮਨੁੱਖਾ ਜਨਮ (ਦੁਰਲਭ ਦੇਹ ਵਾਲਾ) ਪ੍ਰਾਪਤ ਹੋ ਸਕੇ।

**ਪਦਾ ਤੀਜਾ:- ਸਾਧਸੰਗਿ ਭਇਓ ਜਨਮੁ.......... ਮਰਹਿ ਦਰਗਹ ਪਰਵਾਨੁ।।੩।।**

ਐ ਮੇਰੇ ਮਨ, ਆਤਮਕ ਜਨਮ ਸਤਿਗੁਰ ਦੇ ਸੰਗ ਨਾਲ ਪ੍ਰਾਪਤ ਹੁੰਦਾ ਹੈ। ਮਨੁੱਖ ਦੀ ਸੁਰਤ ਦਾ ਸੰਗ ਗਿਆਨ-ਗੁਰੂ (ਸਤਿਗੁਰ) ਨਾਲ ਹੁੰਦਾ ਹੈ, ਇਸਨੂੰ ਸਤਸੰਗਤ ਕਹਿੰਦੇ ਹਨ। ਸਤਿਗੁਰ (ਗਿਆਨ-ਗੁਰੂ) ਮਨੁੱਖ ਦਾ ਧਿਆਨ ਉਸ ਦੇ ਮੈਲੇ ਮਨ ਵਲ ਪੁਆਉਂਦਾ ਹੈ, ਜਿਸ ਰਾਹੀਂ ਮਨੁੱਖ ਦੀ ਸੁਰਤ ਘੜੀ ਜਾਂਦੀ ਹੈ। ਸੱਚ ਦੀ ਸੰਗਤ ਨਾਲ ਮਨੁੱਖ ਆਪਣੀਆਂ ਮਾੜੀਆਂ ਕਰਤੂਤਾਂ ਤੋਂ ਛੁੱਟ ਕੇ ਅਸਲੀਅਤ 'ਚ ਮਨੁੱਖਾ ਜਨਮ ਪ੍ਰਾਪਤ ਕਰ ਲੈਂਦਾ ਹੈ। ਸਤਿਗੁਰ ਰਾਹੀਂ ਅਮਲੀ ਜੀਵਨੀ ਜਿਊਣਾ ਹੀ ਸੇਵਾ ਦਾ ਲਖਾਇਕ ਹੈ। ਅਜਿਹੀ ਜੀਵਨੀ ਜਿਊਂਦਿਆਂ ਮਨੁੱਖ ਝੂਠਾ ਮਾਨ, ਹੰਕਾਰ ਛੱਡਦਾ ਜਾਂਦਾ ਹੈ। ਪਸ਼ੂ ਵਾਲੀਆਂ ਕਰਤੂਤਾਂ ਤੋਂ ਉੱਪਰ ਉੱਠ ਕੇ ਮਨੁੱਖਤਾ ਭਰਪੂਰ ਜੀਵਨੀ ਪ੍ਰਾਪਤ ਕਰਨ ਲਈ ਝੂਠੇ ਮਾਨ ਅਭਿਮਾਨ ਵਿਚ ਖਚਤ ਮਨ ਦੀ ਮੈਲ ਮਿਟਾ ਕੇ ਮਾਨਸ ਦੇਹੀ ਪ੍ਰਾਪਤ ਕਰ ਲੈਂਦਾ ਹੈ। **ਗੁਰ ਸੇਵਾ ਤੇ ਭਗਤਿ ਕਮਾਈ ਤਬ ਇਹ ਮਾਨਸ ਦੇਹੀ ਪਾਈ।** ਐਸੀ ਜੀਵਨੀ ਹੀ ਜੀਵਤ ਮਰਹਿ ਦੀ ਲਖਾਇਕ ਹੈ।

**ਪਦਾ ਚਉਥਾ:- ਜੋ ਕਿਛੁ ਹੋਆ... ਹਰਿ ਹਰਿ ਗੁਣ ਗਾਇ।।੪।।**

ਐ ਮੇਰੇ ਮਨ, ਸਤਿਗੁਰ ਅਨੁਸਾਰ ਜੀਵਨੀ ਜਿਊ ਕੇ ਨਵਾਂ ਜਨਮ (ਭਇਓ ਜਨਮ ਪ੍ਰਾਪਤ) ਲੈ ਕੇ ਤੂੰ ਝੂਠੇ ਮਾਣ, ਹੰਕਾਰ ਤੋਂ ਛੁਟ ਚੁਕਾ ਹੋਵੇਂਗਾ। ਸੋ ਤੂੰ ਇਹ ਵੀ ਮਾਣ ਨਹੀਂ ਕਰ ਸਕੇਂਗਾ ਕਿ ਮੈਨੂੰ ਇਹ ਸਰੀਰਕ ਜਨਮ, ਮੇਰੇ ਕੀਤੇ ਕਰਮਾਂ ਕਾਂਡਾਂ ਜਾਂ ਮੇਰੇ ਅਖੌਤੀ ਪਿਛਲੇ ਜਨਮਾਂ ਦੇ ਭਾਗ, ਕਿਸਮਤ ਜਾਂ ਕਰਮਾਂ ਕਰਕੇ ਪ੍ਰਾਪਤ ਹੋਇਆ ਹੈ। ਐ ਮੇਰੇ ਮਨ, ਤੂੰ ਨਿਮਰਤਾ ਵਿਚ ਆਖਣ ਲਗ ਜਾਏਂਗਾ ਕਿ **"ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ।।"** (ਗੁਰੂ ਗ੍ਰੰਥ ਸਾਹਿਬ, ਪੰਨਾ : 736) ਭਾਵ ਰੱਬ ਜੀ 'ਕਰਣ-ਕਾਰਨ' ਹਨ, ਕੋਈ ਹੋਰ ਦੂਜੀ ਤਾਕਤ ਹੈ ਹੀ ਨਹੀਂ, ਜੋ ਉੱਪਰਲੇ ਪਦਿਆਂ ਵਿਚ ਵਿਚਾਰੀਆਂ ਜੂਨੀਆਂ ਵਾਲੇ ਕਰਮਾਂ ਤੋਂ, ਕਰਤੂਤਾਂ ਤੋਂ ਮਨੁੱਖ ਨੂੰ ਛੁਡਾਵੇ ਅਤੇ ਪਰਮਪਦ ਦਿਵਾਵੇ। ਮਨੁੱਖ 'ਸਦ ਜੀਵਣ' (ਮੁਕਤ ਅਵਸਥਾ) 'ਚ ਰਹਿੰਦਾ ਹੈ ਕਿਉਂਕਿ ਰੱਬੀ ਗੁਣਾਂ ਅਨੁਸਾਰ ਗੁਣਾਂ ਭਰਪੂਰ ਜੀਵਨੀ ਜਿਊਣੀ ਹੀ ''ਹਰਿ ਹਰਿ ਗੁਣ ਗਾਇ" ਦਾ ਲਖਾਇਕ ਹੁੰਦੀ ਹੈ।

ਸੋ ਇਸ ਸ਼ਬਦ ਨਾਲ ਰਲਾ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਇਸੇ ਰਾਗ 'ਚ ਅਗਲੇ ਪਿਛਲੇ ਸ਼ਬਦਾਂ ਨੂੰ ਵਿਚਾਰ ਕੇ ਵੇਖੀਏ ਤਾਂ 176-177 ਪੰਨੇ 'ਤੇ ਦੋ ਸ਼ਬਦ ਹਨ **'ਕਰਮ ਭੂਮਿ ਮਹਿ ਬੋਅਹੁ ਨਾਮੁ'।।** ਅਤੇ **'ਕਿਉ ਭ੍ਰਮੀਐ ਭ੍ਰਮੁ ਕਿਸ ਕਾ ਹੋਈ'।।**- ਇਨ੍ਹਾਂ ਦੋਵੇਂ ਸ਼ਬਦਾਂ ਰਾਹੀਂ ਵੀ ਮਨੁੱਖ ਦੇ ਮਨ ਨੂੰ ਸਮਝਾਇਆ ਹੈ ਕਿ ਤੂੰ ਨਾ ਭਟਕ, ਨਾ ਭ੍ਰਮ, ਨਾ ਗਵਨ 'ਚ ਪੈ, ਸਤਿਗੁਰ (ਸੱਚ ਦੇ ਗਿਆਨ, divine wisdom) ਅੱਗੇ ਆਪਣੇ ਆਪ ਨੂੰ ਸਮਰਪਣ ਕਰ ਦੇ ਤੇ ਆਪਣੇ ਇਸ ਜੀਵਨ 'ਚ ਰੱਬੀ ਗੁਣ ਰੂਪੀ ਬੀਜ ਬੋਅ ਤਾ ਕਿ ਮਨੁੱਖਾ ਜਨਮ 'ਚ ਜਿਊਂਦੇ ਜੀਅ ਹੋਰਨਾਂ ਜੂਨੀਆਂ ਦੇ ਕਰਮਾਂ 'ਚ ਭਟਕਣਾ ਨਾ ਪਵੇ।

ਆਓ ਹੁਣ ਵਿਚਾਰੀਏ ਕਿ ਕਿਵੇਂ ਮਨੁੱਖ ਅੰਦਰ ਸਾਰੀਆਂ ਜੂਨੀਆਂ ਦੇ ਕਰਮਾਂ ਵਾਲੀ ਬਿਰਤੀ ਹੈ ? ਕਿਵੇਂ ਮਨੁੱਖ ਸਰੀਰਕ ਜਨਮ ਪ੍ਰਾਪਤ ਕਰਕੇ ਵੀ ਜਿਊਂਦੇ ਜੀਅ ਹੋਰ ਜੂਨੀਆਂ ਵਾਲੀ ਬਿਰਤੀ 'ਚ ਭਟਕਦਾ ਰਹਿੰਦਾ ਹੈ ਅਤੇ ਸਤਿਗੁਰ (ਗਿਆਨ-ਗੁਰੂ) ਅੱਗੇ ਸਮਰਪਣ ਕਰਕੇ ਮਨੁੱਖ ਦੀ ਸੋਚ ਵਿਚ ਕੀ-ਕੀ ਤਬਦੀਲੀ ਆਉਂਦੀ ਹੈ।

ਇਹ ਵਿਚਾਰਨਯੋਗ ਨੁਕਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਨੇਕ ਪ੍ਰਮਾਣ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਇਸ ਸ੍ਰਿਸ਼ਟੀ 'ਚ ਜੋ ਕੁਝ ਵੀ ਹੈ ਉਹ ਸਭ ਕੁਝ ਰੱਬੀ ਕਿਰਤ ਹੈ। ਇਸ ਕਰਕੇ ਮਨੁੱਖਾ ਜੂਨ ਤੋਂ ਇਲਾਵਾ ਜੋ ਵੀ ਬੇਅੰਤ ਜੂਨੀਆਂ ਬਾਰੇ ਅਸੀਂ ਵੇਖਦੇ, ਪੜਦੇ ਸੁਣਦੇ ਹਾਂ, ਉਨ੍ਹਾਂ ਦੀਆਂ ਮਾੜੀਆਂ ਕਰਤੂਤਾਂ ਤੋਂ ਮਨੁੱਖ ਨੂੰ ਸੁਚੇਤ ਕੀਤਾ ਗਿਆ ਹੈ। ਉਨ੍ਹਾਂ ਦੇ ਚੰਗੇ ਗੁਣਾਂ ਨੂੰ ਧਾਰਨ ਕਰਣ ਲਈ ਮਨੁੱਖ ਨੂੰ ਪ੍ਰੇਰਿਆ ਵੀ ਗਿਆ ਹੈ ਕਿ ਉਨ੍ਹਾਂ ਦਾ ਚੰਗਾ ਗੁਣ ਧਾਰਨ ਕਰ। ਇਹ ਵੀ ਚੇਤੇ ਰਖਣਾ ਹੈ ਕਿ ਮਨੁੱਖ ਤੋਂ ਇਲਾਵਾ ਬਾਕੀ ਜੂਨੀਆਂ ਕੋਲ ਅਕਲ (ਬਿਬੇਕਤਾ, ਵਿਚਾਰਨ ਯੋਗ ਬੁਧੀ) ਨਹੀਂ ਹੈ ਇਸ ਕਰਕੇ ਉਨ੍ਹਾਂ ਨੂੰ ਆਪਣੇ ਸੁਭਾਅ ਅਨੁਸਾਰ ਹੀ ਕਰਮ ਕਰਨੇ ਪੈਂਦੇ ਹਨ। ਅਸੀਂ ਉਨ੍ਹਾਂ ਦੇ ਕਰਮਾਂ ਨੂੰ ਨਿੰਦ ਨਹੀਂ ਸਕਦੇ, ਪਰ ਮਨੁੱਖ ਨੇ ਉਨ੍ਹਾਂ ਦੇ ਚੰਗੇ ਮੰਦੇ ਕਰਮਾਂ ਦੀ ਵਿਚਾਰ ਕਰਕੇ ਆਪਣਾ ਜੀਵਨ ਰੱਬੀ ਗੁਣਾਂ ਵਾਲਾ ਬਣਾਉਣਾ ਹੈ ਤਾ ਕਿ ਮਨੁੱਖ ਨੂੰ, ਆਤਮਕ ਉੱਚਤਾ ਵਾਲਾ ਨਵਾਂ ਜਨਮ (ਮਰਨ ਮਗਰੋਂ ਨਹੀਂ) ਇਸੇ ਸਰੀਰਕ ਜੀਵਨ ਵਿਚ ਹੀ ਪ੍ਰਾਪਤ ਹੋ ਜਾਵੇ। ਇਸੇ ਨੂੰ ਪਰਮਪਦ, ਆਤਮਕ ਉੱਚਾ ਜੀਵਨ, ਉਰਧਕਮਲ ਬਿਗਾਸ, ਜੀਵਨ ਮੁਕਤ, ਨਿਰਵਾਨ ਪਦ ਕਹਿੰਦੇ ਹਨ ਅਤੇ ਇਹੋ ਹੀ ਗੁਰਮੁਖੀ ਜੀਵਨੀ ਕਹਿਲਾਉਂਦੀ ਹੈ।

ਆਓ ਹੁਣ ਇਸੇ ਵਿਸ਼ੇ ਨੂੰ ਸਮਝਣ ਲਈ ਸੁਖਮਨੀ ਸਾਹਿਬ ਦੀਆਂ ਇਨ੍ਹਾਂ ਪੰਕਤੀਆਂ ਨੂੰ ਵਿਚਾਰੀਏ :- **ਬੈਰ ਬਿਰੋਧ ਕਾਮ ਕ੍ਰੋਧ ਮੋਹ।। ਝੂਠ ਬਿਕਾਰ ਮਹਾ ਲੋਭ ਧ੍ਰੋਹ।। ਇਆਹੂ ਜੁਗਤਿ ਬਿਹਾਨੇ ਕਈ ਜਨਮ।। ਨਾਨਕ ਰਾਖਿ ਲੇਹੁ ਆਪਨ ਕਰਿ ਕਰਮ।।** (ਗੁਰੂ ਗ੍ਰੰਥ ਸਾਹਿਬ, ਪੰਨਾ : 267) ਰੱਬ ਜੀ ਨੂੰ ਵਿਸਾਰ ਕੇ ਮਨੁੱਖ ਰੋਜ਼-ਰੋਜ਼, ਵੈਰ, ਵਿਰੋਧ, ਕਾਮ, ਕ੍ਰੋਧ, ਝੂਠ, ਵਿਕਾਰ, ਲੋਭ, ਈਰਖਾ, ਮੋਹ ਵਿਚ ਫਸ ਕੇ ਆਪਣੇ ਜੀਵਨ ਦਾ ਵਡਮੁਲਾ ਸਮਾਂ ਜਾਇਆ ਕਰ ਰਿਹਾ ਹੈ। ਇਸ ਤਰੀਕੇ ਨਾਲ ਜੀਵਨ ਜਿਊਂਦਿਆਂ ਮਾਨੋ ਕਈ ਜਨਮ ਬੀਤ ਗਏ ਹਨ। ਹੁਣ ਮੈਨੂੰ ਸੁਮਤ ਬਖ਼ਸ਼ੋ, ਰੱਖ ਲਵੋ, ਆਪਣੀ ਬਖ਼ਸ਼ਿਸ਼ ਕਰ ਕੇ ਵਿਕਾਰਾਂ ਦੇ ਭਵਜਲ ਵਿਚ ਡੁੱਬਣ ਤੋਂ ਬਚਾ ਲਵੋ।

**ਆਸਾ ਸ੍ਰੀ ਕਬੀਰ ਜੀਉ।।**

**ਫੀਲੁ ਰਬਾਬੀ ਬਲਦੁ ਪਖਾਵਜ ਕਊਆ ਤਾਲ ਬਜਾਵੈ।। ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ।।੧।। ਰਾਜਾ ਰਾਮ ਕਕਰੀਆ ਬਰੇ ਪਕਾਏ।। ਕਿਨੈ ਬੂਝਨਹਾਰੈ ਖਾਏ।।੧।।ਰਹਾਉ।। ਬੈਠਿ ਸਿੰਘੁ ਘਰਿ ਪਾਨ ਲਗਾਵੈ ਘੀਸ ਗਲਉਰੇ ਲਿਆਵੈ।। ਘਰਿ ਘਰਿ ਮੁਸਰੀ ਮੰਗਲੁ ਗਾਵਹਿ ਕਛੂਆ ਸੰਖੁ ਬਜਾਵੈ।।੨।। ਬੰਸ ਕੋ ਪੂਤੁ ਬੀਆਹਨ ਚਲਿਆ ਸੁਇਨੇ ਮੰਡਪ ਛਾਏ।। ਰੂਪ ਕੰਨਿਆ ਸੁੰਦਰਿ ਬੇਧੀ ਸਸੈ ਸਿੰਘ ਗੁਨ ਗਾਏ।।੩।। ਕਹਤ ਕਬੀਰ ਸੁਨਹੁ ਰੇ ਸੰਤਹੁ ਕੀਟੀ ਪਰਬਤੁ ਖਾਇਆ।। ਕਛੂਆ ਕਹੈ ਅੰਗਾਰ ਭਿ ਲੋਰਉ ਲੂਕੀ ਸਬਦੁ ਸੁਨਾਇਆ।।੪।।੬।।**

(ਗੁਰੂ ਗ੍ਰੰਥ ਸਾਹਿਬ, ਪੰਨਾ : 477)

ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਸ਼ਬਦ ਰਾਹੀਂ ਕਬੀਰ ਸਾਹਿਬ ਸੁਚੇਤ ਕਰਵਾ ਰਹੇ ਹਨ ਕਿ ਸਤਿਗੁਰ, ਗਿਆਨ-ਗੁਰੂ ਦਾ ਲੜ ਨਾ ਫੜਨ ਕਾਰਨ ਮਨੁੱਖ ਦੇ ਅੰਦਰ ਦੀਆਂ ਜਾਨਵਰ, ਪਸ਼ੂ, ਪੰਛੀ ਵਾਲੀਆਂ ਬਿਰਤੀਆਂ ਨਕਾਰਾਤਮਕ ਕਰਮ ਕਰਵਾਉਂਦੀਆਂ ਹਨ। ਸਤਿਗੁਰ (ਗਿਆਨ-ਗੁਰੂ) ਰਾਹੀਂ ਮਨੁੱਖ ਉਨ੍ਹਾਂ ਬਿਰਤੀਆਂ ਤੋਂ ਆਪਣਾ ਸੁਭਾਅ ਬਦਲ ਲੈਂਦਾ ਹੈ ਅਤੇ ਸਕਾਰਾਤਮਕ ਕਰਮ ਕਰਨ ਲੱਗ ਪੈਂਦਾ ਹੈ। ਇਸ ਸ਼ਬਦ ਦੇ ਰਹਾਉ ਪਦੇ ਵਿਚ ਕਬੀਰ ਸਾਹਿਬ ਕਹਿ ਰਹੇ ਹਨ ਕਿ ਅੱਕ ਦੇ ਬੂਟੇ ਤੇ ਲਗੀ ਕਕਰੀ ਬਾਹਰੋਂ ਅੰਬ ਵਾਂਗੂੰ ਸੋਹਣੀ ਲਗਦੀ ਹੈ ਪਰ ਉਸਦਾ ਸੁਆਦ ਅੰਬ ਵਰਗਾ ਨਹੀਂ ਹੁੰਦਾ। ਉਸੇ ਤਰ੍ਹਾਂ ਇਨ੍ਹਾਂ ਪਸ਼ੂ, ਪੰਛੀਆਂ, ਜੀਵਾਂ-ਜੰਤਾਂ ਦੀ ਬਿਰਤੀ ਨਾਲ ਕੀਤੇ ਕਰਮ, ਮਨੁੱਖ ਨੂੰ ਕਕਰੀ (ਅੱਕ) ਵਾਂਗੂੰ ਦੇਖਣ ਨੂੰ ਚੰਗੇ ਲਗਦੇ ਹਨ ਪਰ ਅਸਲੀਅਤ 'ਚ, ਉਨ੍ਹਾਂ ਮਾੜੇ ਕੀਤੇ ਕਰਮਾਂ ਦਾ ਜ਼ਹਿਰੀਲਾ ਨੁਕਸਾਨ ਮਨੁੱਖ ਦੇ ਮਨ ਨੂੰ ਹੁੰਦਾ ਹੈ। 'ਭਲੇ-ਬੁਰੇ' ਕਰਮਾਂ ਦੀ ਚੋਣ (ਵੰਡ) ਕਰਕੇ, ਬੁਰੇ ਕਰਮਾਂ ਦਾ ਕਕਰੀ ਵਰਗਾ ਸੁਆਦ ਅਤੇ ਚੰਗੇ ਕਰਮਾਂ ਦਾ ਅੰਬ ਵਰਗਾ ਸੁਆਦ ਪਰਖ ਲਈਏ ਤਾਂ ਸਾਡੀ ਜੀਵਨੀ, ਸਾਡਾ ਸੁਭਾਅ (ਆਦਤਾਂ) ਕਕਰੀ ਬਦਲੇ ਅੰਬ ਵਾਂਗੂੰ ਮਿਠਾਸ ਭਰਪੂਰ ਹੋ ਸਕਦੀ ਹੈ। "ਕਿਨੈ ਬੂਝਨ ਹਾਰੈ

ਖਾਏ" ਅਨੁਸਾਰ ਜਦੋਂ ਮਨੁੱਖ ਆਪਣੇ ਮਨ ਨੂੰ ਗਿਆਨ-ਗੁਰੂ ਦੀ ਟੇਕ ਦੇ ਦੇਂਦਾ ਹੈ ਤਾਂ ਉਹ ਇਸ ਨੂੰ ਬੁਝ ਲੈਂਦਾ ਹੈ ਤੇ ਇਸਦਾ ਅਨੰਦ ਮਾਣਦਾ ਹੈ। ਜੋ ਮਨੁੱਖ ਸਤਿਗੁਰ (divine wisdom) ਰਾਹੀਂ ਉੱਚੀ ਜੀਵਨੀ ਪ੍ਰਾਪਤ ਕਰ ਲੈਂਦਾ ਹੈ ਤਾਂ ਇਹੋ ਮਨੁੱਖਾ ਜੀਵਨੀ, ਸਫਲ ਜੀਵਨ (ਆਦਰਸ਼ਕ ਜੀਵਨ) ਬਣ ਜਾਂਦੀ ਹੈ। ਜੇ ਸੱਚੀ, ਸਦਾਚਾਰੀ ਮਨੁੱਖਤਾ ਭਰਪੂਰ, ਗੁਰਮੁਖੀ, ਇਨਸਾਨੀਅਤ ਭਰਪੂਰ ਜੀਵਨੀ (ideal, truthful living) ਨਹੀਂ ਹੈ ਤਾਂ ਇਹ ਮਨੁੱਖਾ ਜੀਵਨ ਵਿਅਰਥ ਹੈ, ਪਸ਼ੁਤਾ ਦੇ ਤੁਲ ਹੈ। ਇਸੀ ਸ਼ਬਦ ਵਿਚ ਕਬੀਰ ਸਾਹਿਬ ਦ੍ਰਿੜ੍ਹ ਕਰਵਾ ਰਹੇ ਹਨ ਕਿ ਪਹਿਲਾਂ ਮੇਰੇ ਮਨ ਦੀ ਅਵਸਥਾ 'ਚ ਫੀਲ (ਹਾਥੀ), ਬਲਦ, ਕਾਂ, ਖੋਤਾ, ਝੋਟਾ, ਵਰਗੀਆਂ ਬਿਰਤੀਆਂ ਸਨ। ਜਿਵੇਂ ਹਾਥੀ ਵਾਂਗੂੰ ਕਾਮੀ, ਹੰਕਾਰੀ, ਬਲਦ ਵਾਂਗੂੰ ਲੜਾਕਾ ਸੁਭਾ, ਕਾਂ ਵਾਂਗੂੰ ਕਾਂ-ਕਾਂ ਕਰਕੇ ਬੇਮਤਲਬ ਬੋਲਣਾ, ਕੁਝ ਚੰਗਾ ਨਾ ਸੁਣਨਾ, ਗੰਦਗੀ ਖਾਣਾ, ਖੋਤੇ ਵਾਂਗੂੰ ਭਾਰ ਚੁਕੀ ਫਿਰਨਾ, ਬੇਅਕਲ, ਦੁਲੱਤੀ ਮਾਰਨਾ ਅਤੇ ਭੈਂਸੇ, ਝੋਟੇ ਵਾਂਗੂੰ ਸੱਚ ਨੂੰ ਨਾ ਸਮਝਣਾ, ਹਰੇਕ ਜਗ੍ਹਾ ਬਹਿਸ ਕਰਕੇ ਸਿੰਗ ਫਸਾ ਕੇ ਲੜਨਾ ਐਸੀਆਂ ਆਦਤਾਂ ਵਾਲਾ ਸੁਭਾਅ ਸੀ। ਭਾਵ ਮੈਂ ਮਨੁੱਖ ਹੋ ਕੇ ਵੀ ਉਨ੍ਹਾਂ ਜੂਨੀਆਂ ਵਾਲੇ ਕਰਮ (deeds) ਕਰਦਾ ਰਹਿੰਦਾ ਸੀ ਪਰ ਹੁਣ ਮੈਂ ਹਰੇਕ ਖਿਆਲ ਨੂੰ 'ਸਤਿਗੁਰ' (divine wisdom) ਰਾਹੀਂ ਪਰਖ ਕੇ ਆਪਣੇ ਕਰਮ ਦਾ ਹਿੱਸਾ ਬਣਾਉਂਦਾ ਹਾਂ ਇਸ ਲਈ ਉਨ੍ਹਾਂ ਜੂਨਾਂ ਵਾਲੇ ਕਰਮ, ਖਿਆਲ ਛੱਡ ਦਿਤੇ ਹਨ। ਹੁਣ ਮੇਰੇ 'ਚ ਰੱਬੀ ਗੁਣਾਂ ਵਾਲੀ ਰਬਾਬ (ਨਿਮਰਤਾ ਅਤੇ ਕਾਮ ਰਹਿਤ ਬਿਰਤੀ) ਚੰਗੇ ਕਰਮਾਂ ਲਈ ਉੱਦਮ, ਤਾਲ ਭਰਪੂਰ ਜੀਵਨੀ ਅਤੇ ਜਾਨਵਰਾਂ ਵਾਲੀ ਬਿਰਤੀ ਤੋਂ ਸੁਚੇਤ ਮਨੁਖਤਾ ਭਰਪੂਰ ਜੀਵਨੀ ਦੇ ਸਾਰੇ ਰੱਬੀ ਗੁਣ ਆ ਗਏ ਹਨ। **"ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ।। ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ।।"** (ਗੁਰੂ ਗ੍ਰੰਥ ਸਾਹਿਬ, ਪੰਨਾ : 466) ਸਤਿਗੁਰ ਰਾਹੀਂ ਸੁਭਾਅ ਬਦਲਣ ਕਾਰਨ, ਮੈਨੂੰ ਮਾੜੇ ਕਰਮਾਂ ਤੋਂ ਮੁਕਤੀ ਮਿਲ ਗਈ, ਹੁਣ ਮੈਨੂੰ ਮਾੜੇ ਫੁਰਨੇ ਫੁਰਦੇ ਹੀ ਨਹੀਂ। ਇਸ ਕਰਕੇ ਆਪ ਮੁਹਾਰੇ ਮੇਰਾ ਜੀਵਨ ਮਨੁਖਤਾ ਭਰਪੂਰ, ਸਦ ਗੁਣੀ (ਰੱਬੀ ਗੁਣਾਂ) ਸੱਚੀ ਜੀਵਨੀ ਵਾਲਾ ਬਣ ਗਿਆ ਹੈ, ਜਿਸ ਦਾ ਸਦਕਾ ਮੰਦੇ ਕਰਮਾਂ ਤੋਂ ਮੈਨੂੰ ਆਪਣੇ ਆਪ ਨੂੰ ਰੋਕਣਾ ਨਹੀਂ ਪੈਂਦਾ, ਮੇਰੇ ਤੋਂ ਚੰਗੇ ਕਰਮ ਆਪੇ ਹੁੰਦੇ ਹਨ। ਜਾਗੇ ਮਨ ਕਾਰਨ, ਮੰਦੇ ਖਿਆਲ ਅਤੇ ਫੁਰਨੇ ਮੇਰੀ ਸੁਰਤ, ਬੁਧੀ

ਵਿਚ ਉਪਜਦੇ ਹੀ ਨਹੀਂ ਹਨ। ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਅਨੁਸਾਰ ਇਸੇ ਨੂੰ ਜਨਮ ਮਰਨ ਤੋਂ ਰਹਿਤ, ਆਵਾਗਵਨ ਨਿਵਾਰਿਆ, ਜੀਵਨ ਮੁਕਤ ਅਵਸਥਾ ਕਹਿੰਦੇ ਹਨ।

**"ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ।।"** (ਗੁਰੂ ਗ੍ਰੰਥ ਸਾਹਿਬ, ਪੰਨਾ : 465) ਇਸ ਪੰਕਤੀ ਦੇ ਅਰਥ ਜੇਕਰ ਇਹ ਸਮਝ ਲਈਏ ਕਿ ਅਨੇਕ ਜਨਮਾਂ (ਜੂਨਾਂ) 'ਚ ਭਟਕਦਾ ਹੋਇਆ ਜੀਅ ਸਤਿਗੁਰ ਦਾ ਸ਼ਬਦ ਸੁਣ ਕੇ ਆਵਾਗਵਨ ਤੋਂ ਛੁਟ ਜਾਵੇਗਾ ਤਾਂ ਅਸੀਂ ਅਗਿਆਨਤਾਵੱਸ, ਭੁਲੇਖੇ ਵਿਚ ਹਾਂ। ਇਸ ਲਈ ਇਸ ਪੰਕਤੀ ਦੇ ਭਾਵ ਅਰਥ ਗੁਰਮਤ ਸਿਧਾਂਤਾਂ ਅਨੁਸਾਰ ਸਮਝਣੇ ਹਨ, ਜਦੋਂ ਮਨੁੱਖ ਹਉਮੈ ਛੱਡ, ਆਪਾ ਤਿਆਗ ਕੇ ਗਿਆਨ-ਗੁਰੂ (divine wisdom) ਪ੍ਰਾਪਤ ਕਰਦਾ ਹੈ ਤਾਂ ਇਸ ਦੀ ਮਤ (ਬੁੱਧੀ, ਸੁਰਤ) ਹੋਰਨਾਂ ਜੂਨੀਆਂ ਵਾਲੀ ਕਰਤੂਤਾਂ 'ਤੋਂ ਹਟ ਕੇ, ਮਨੁੱਖਤਾ ਭਰਪੂਰ, ਰੱਬੀ ਗੁਣਾਂ ਵਾਲੀ ਚੰਗੀ ਜੀਵਨੀ ਵਲ ਪਰਤਦੀ ਹੈ।

ਹੂਬਹੂ ਇਸੀ ਵਿਚਾਰ ਨੂੰ ਮੁੱਖ ਰੱਖਦਿਆਂ **"ਗੁਰ ਸੇਵਾ ਤੇ ਭਗਤਿ ਕਮਾਈ।। ਤਬ ਇਹ ਮਾਨਸ ਦੇਹੀ ਪਾਈ।।"** (ਗੁਰੂ ਗ੍ਰੰਥ ਸਾਹਿਬ, ਪੰਨਾ : 1159) ਪੰਕਤੀ ਨੂੰ ਸਮਝਣਾ ਪਵੇਗਾ। ਜੇ ਕਰ ਹਜ਼ਾਰਾਂ ਸਾਲਾਂ ਤੋਂ ਚਲੀ ਆ ਰਹੀ ਵਿਚਾਰਧਾਰਾ ਅਨੁਸਾਰ ਅਰਥ ਕਰੀਏ ਤਾਂ ਟਪਲਾ ਲਗਦਾ ਹੈ ਕਿਉਂਕਿ, ਉਸ ਅਨੁਸਾਰ ਲੋਕੀ ਮੰਨਦੇ ਹਨ ਮਨੁੱਖਾ ਜਨਮ ਦੀ ਪ੍ਰਾਪਤੀ ਪਿਛਲੇ ਜਨਮ (ਜੂਨੀਆਂ) 'ਚ ਗੁਰੂ ਦੀ ਸੇਵਾ ਭਗਤੀ ਕਰਨ ਨਾਲ ਹੁੰਦੀ ਹੈ। ਸੋਚਣਾ ਪਵੇਗਾ ਕਿ ਕੌਣ 'ਕੁੱਤਾ, ਬਿੱਲੀ, ਸੱਪ, ਖੋਤਾ' ਗੁਰੂ ਦੀ ਸੇਵਾ ਜਾਂ ਭਗਤੀ ਕਰਦੇ ਹਨ ਤੇ ਮਨੁੱਖਾ ਜਨਮ ਲੈਂਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਨੁਸਾਰ ਇਸਦੇ ਭਾਵ ਅਰਥ ਸਮਝ ਪੈਂਦੇ ਹਨ ਕਿ "ਜਿਸ ਮਨੁੱਖ ਨੇ ਸਰੀਰਕ ਜਨਮ ਪ੍ਰਾਪਤ ਕਰ ਲਿਆ ਹੈ ਪਰ ਗਿਆਨ-ਗੁਰੂ ਅਨੁਸਾਰ ਜੀਵਨੀ ਨਹੀਂ ਜੀਵੀ ਤਾਂ ਉਹ ਮਨੁੱਖ ਕੇਵਲ ਸਰੀਰਕ ਤੌਰ 'ਤੇ ਮਨੁੱਖ ਦਿਸਦਾ ਹੈ ਪਰ ਕਰਤੂਤਾਂ ਕਰਕੇ ਪਸ਼ੂ ਜੂਨ ਵਿੱਚ ਹੀ ਹੈ। ਸੋ ਸਤਿਗੁਰ (divine wisdom) ਰਾਹੀਂ ਆਪਾ ਨਿਵਾਰ ਕੇ ਸੱਚੀ ਜੀਵਨੀ ਜਿਊਣ ਵਾਲਾ ਹੀ **"ਤਬ ਇਹ ਮਾਨਸ ਦੇਹੀ ਪਾਈ"** ਕਹਿਲਾਉਣ ਦਾ ਹਕਦਾਰ ਹੈ।

ਹੁਣ ਤਕ ਅਸੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਨੁਸਾਰ ਆਵਾਗਵਨ, ਜਨਮ ਮਰਨ, ਪੁਨਰਜਨਮ ਅਤੇ ਅੰਤ ਕਾਲ ਬਾਰੇ ਕਾਫੀ ਕੁਝ ਵਿਚਾਰ ਚੁਕੇ ਹਾਂ। ਆਓ ਹੋਰ ਅਗੇ ਵਧੀਏ ਅਤੇ ਗੁਰਮਤ ਅਨੁਸਾਰ ਵਿਚਾਰੀਏ ਕਿ "ਜਿਉਂਦੇ-ਜੀਅ ਮੁਕਤ" ਅਵਸਥਾ ਕਿਵੇਂ ਪ੍ਰਾਪਤ ਕਰ ਸਕਦੇ ਹਾਂ ?

**1. ਰਾਮ ਰਤਨੁ ਤਬ ਪਾਈਐ ਜਉ ਪਹਿਲੇ ਤਜਹਿ ਸਰੀਰੁ।।**

(ਗੁਰੂ ਗ੍ਰੰਥ ਸਾਹਿਬ, ਪੰਨਾ : 1366)

ਮਨੁੱਖ ਨੇ ਜੋ ਮਾਇਆ ਵਿਚ ਖਚਤ, ਦਿਖਾਵੇ ਵਾਲਾ ਝੂਠਾ ਸਰੀਰ ਬਣਾਇਆ ਹੋਇਆ ਹੈ, ਉਸਨੂੰ ਛੱਡੇ ਬਿਨਾ 'ਰਾਮ ਰਤਨ' ਭਾਵ ਰੱਬੀ ਗੁਣ ਪ੍ਰਾਪਤ ਨਹੀਂ ਹੋ ਸਕਦੇ।

**2. ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ।।**

**ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ।**

(ਗੁਰੂ ਗ੍ਰੰਥ ਸਾਹਿਬ, ਪੰਨਾ : 1102)

ਐ ਮਨੁੱਖ, ਤੂੰ ਪਹਿਲਾਂ ਹਉਮੈ, ਘਮੰਡ ਛੱਡ ਕੇ ਵਿਕਾਰਾਂ 'ਚ ਖੱਚਤ ਜੀਵਨੀ ਤੋਂ ਮਰਨਾ ਸਿਖ ਭਾਵ ਨਿਮਰਤਾ ਭਰਪੂਰ ਜੀਵਨੀ ਸਿਖ (ਹੋਹੁ ਸਭਨਾ ਕੀ ਰੇਣਕਾ) ਤਾਂ ਹੀ ਜਿਊਂਦਿਆਂ ਰੱਬੀ ਮਿਲਨ ਦੀ ਅਵਸਥਾ ਪ੍ਰਾਪਤ ਕਰ ਸਕਦਾ ਹੈਂ।

**3. ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ।। ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ।। ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ।। ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ।।੧।।**

(ਗੁਰੂ ਗ੍ਰੰਥ ਸਾਹਿਬ, ਪੰਨਾ : 651)

**ਭਾਵ ਅਰਥ** : ਅਗਿਆਨਤਾ ਕਾਰਨ ਮਨ ਨੂੰ ਅਨੇਕ ਜੂਨੀਆਂ (ਇਸੇ ਜੀਵਨ ਵਿਚ ਜਿਊਂਦਿਆਂ ਪਲ-ਪਲ ਦਾ ਆਵਾਗਵਨ) ਵਾਲੇ ਕਰਮਾਂ ਦੀ ਮੈਲ ਲੱਗੀ ਹੋਈ ਹੈ ਅਤੇ ਕਾਲਾ ਸਿਆਹ ਹੋਇਆ ਪਿਆ ਹੈ। ਸੱਚ ਦੇ ਗਿਆਨ ਰਾਹੀਂ ਹੀ ਮਨੁੱਖ ਆਪਣੀ ਕੁਮਤ ਨੂੰ ਸੁਮਤ ਵਿਚ ਬਦਲ ਕੇ 'ਜੀਵਤ ਮਰੈ' ਦੀ ਅਵਸਥਾ ਪ੍ਰਾਪਤ ਕਰ ਸਕਦਾ ਹੈ।

ਅਗਿਆਨਤਾ ਵਸ ਮਨੁੱਖ ਦਾ ਮਨ ਕਾਬੂ ਵਿਚ ਨਹੀਂ ਰਹਿੰਦਾ ਇਸ ਕਰਕੇ ਉਸ ਨੂੰ ਭਟਕਾਉਂਦਾ ਰਹਿੰਦਾ ਹੈ ਅਤੇ ਇਸ ਪਾਸੋਂ ਹੋਰਨਾਂ ਜੂਨੀਆਂ ਵਾਲੇ ਮੰਦੇ ਕਰਮ ਕਰਵਾਉਂਦਾ ਹੈ। ਜਿਵੇਂ ਸਰਕਸ ਵਿਚ ਸ਼ੇਰ ਨੂੰ ਸੰਭਾਲਣ ਵਾਲਾ ਜੇ ਅਵੇਸਲਾ ਹੋ ਜਾਵੇ ਤਾਂ ਉਹ ਬੇਕਾਬੂ ਹੋ ਕੇ ਨੁਕਸਾਨ ਪਹੁੰਚਾਉਂਦਾ ਹੈ। ਇਸੇ ਤਰ੍ਹਾਂ ਜੇ ਮਨ ਬੇਲਗਾਮ ਹੋ ਜਾਵੇ ਤਾਂ ਇਹ ਖੁਆਰੀ ਕਰਦਾ ਹੈ ਅਤੇ ਮਨੁੱਖ ਦੀ 'ਆਤਮਕ ਮੌਤ' (ਅੰਤਿ ਕਾਲ) ਦਾ ਕਾਰਨ ਬਣਦਾ ਹੈ।

ਇਸ ਬੇਲਗਾਮ ਮਨ ਨੂੰ ਗਿਆਨ-ਗੁਰੂ (divine wisdom) ਨਾਲ ਬੰਨ੍ਹ ਦਿੱਤਾ ਜਾਏ ਤਾਂ ਇਸ ਕੋਲੋਂ ਸਹੀ ਕਰਮ ਕਰਵਾਏ ਜਾ ਸਕਦੇ ਹਨ ਅਤੇ ਮਨੁੱਖ ਪਲ-ਪਲ ਦੀ ਆਤਮਕ ਮੌਤ ਵਿਚ ਨਾ ਮਰ ਕੇ, ਜੀਵਨ ਮੁਕਤ ਅਵਸਥਾ ਪ੍ਰਾਪਤ ਕਰ ਸਕਦਾ ਹੈ।

**ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ।। ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ।।**

(ਗੁਰੂ ਗ੍ਰੰਥ ਸਾਹਿਬ, ਪੰਨਾ : 469)

**ਭਾਵ ਅਰਥ** :- ਜਿਵੇਂ ਪਾਣੀ ਘੜੇ ਵਿਚ ਬੰਨ੍ਹਿਆ ਰਹਿ ਸਕਦਾ ਹੈ ਅਤੇ ਘੜਾ ਪਾਣੀ ਤੋਂ ਬਿਨਾ ਨਹੀਂ ਬਣ ਸਕਦਾ, ਉਸੀ ਤਰ੍ਹਾਂ ਮਨ ਸੱਚ ਦੇ ਗਿਆਨ ਰੂਪੀ ਘੜੇ ਵਿਚ ਬੰਨ੍ਹਿਆ ਜਾ ਸਕਦਾ ਹੈ ਭਾਵ ਕਾਬੂ ਕੀਤਾ ਜਾ ਸਕਦਾ ਹੈ ਪਰ ਜਦੋਂ ਤਕ ਸੱਚ ਦੇ ਗਿਆਨ ਅਨੁਸਾਰ ਅਮਲੀ ਜੀਵਨ ਨਹੀਂ ਹੈ ਤਾਂ ਤਕ ਸੱਚ ਦੇ ਗਿਆਨ, ਸਤਿਗੁਰ, ਤੱਤ ਗਿਆਨ ਦੀ ਸੋਝੀ ਸਹੀ ਮਾਇਨੇ ਵਿਚ ਨਹੀਂ ਹੋ ਸਕਦੀ।

**ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ।।**
**ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ।।**
**ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ।।**

(ਗੁਰੂ ਗ੍ਰੰਥ ਸਾਹਿਬ, ਪੰਨਾ : 647)

ਜਿਵੇਂ ਹਾਥੀ ਨੂੰ ਅੰਕੁਸ਼ ਰਾਹੀਂ ਕਾਬੂ ਕਰਕੇ ਸਿੱਧਾ ਤੋਰਿਆ ਜਾ ਸਕਦਾ ਹੈ ਅਤੇ ਗਰਮ ਲੋਹੇ ਨੂੰ ਅਹਿਰਣ 'ਤੇ ਰੱਖ ਕੇ ਹਥੌੜੇ ਦੀ ਚੋਟ ਰਾਹੀਂ ਸਿੱਧਾ ਕੀਤਾ ਜਾ ਸਕਦਾ ਹੈ। **'ਅਹਿਰਣ ਮਤ ਵੇਦ ਹਥਿਆਰ'**, ਉਵੇਂ ਹੀ

ਗਿਆਨ-ਗੁਰੂ ਰਾਹੀਂ ਇਸ ਮਨ ਨੂੰ ਕਾਬੂ ਕਰਕੇ ਮਨੁੱਖ ਆਪਣਾ ਜੀਵਨ ਪਸ਼ੂ ਬਿਰਤੀਆਂ ਤੋਂ ਉੱਪਰ ਕਰਕੇ ਮਨੁੱਖਤਾ ਭਰਪੂਰ, ਗੁਰਮੁੱਖੀ ਜੀਵਨ ਜਿਊ ਸਕਦਾ ਹੈ।

ਉੱਪਰ ਵਿਚਾਰੇ ਗਏ ਸ਼ਬਦਾਂ ਰਾਹੀਂ ਅਸੀਂ ਸਮਝ ਰਹੇ ਹਾਂ ਕਿ ਸਤਿਗੁਰ (divine wisdom) ਰਾਹੀਂ ਮਨੁੱਖ ਪਲ-ਪਲ ਦੀਆਂ ਜੂਨੀਆਂ ਤੋਂ ਛੁੱਟ ਕੇ ਆਤਮਕ ਅਵਸਥਾ (ਅਜੂਨੀ) ਮਾਣ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਮੁੱਢਲੀ ਬਾਣੀ '੧ੴ ਤੋਂ ਲੈ ਕੇ ਗੁਰ ਪ੍ਰਸਾਦਿ' ਰਾਹੀਂ ਸਮਝਾਇਆ ਹੈ ਕਿ ਰੱਬ ਇਕ ਹੈ ਤੇ ਅਸੀਂ ਇਕ ਬਣਨਾ ਹੈ, ਰੱਬ 'ਸਤਿਨਾਮ' ਹੈ ਅਸੀਂ ਸੱਚੀ ਜੀਵਨੀ ਵਾਲਾ ਬਣਨਾ ਹੈ। ਇਸੇ ਤਰ੍ਹਾਂ ਰੱਬ ਜੀ ਅਜੂਨੀ ਹਨ ਤਾਂ ਅਸੀਂ ਵੀ ਅਜੂਨੀ ਬਣਨਾ ਹੈ।

ਸੋ ਅਸੀਂ ਇਹੋ ਵਿਚਾਰਨਾ ਹੈ ਕਿ ਮਨੁੱਖ ਨੇ ਇਸੇ ਸਰੀਰਕ ਜਨਮ 'ਚ ਆਤਮਕ ਮੌਤ ਮਾਰਨ ਵਾਲੇ ਵਿਕਾਰਾਂ ਤੋਂ ਉੱਪਰ ਉਠਣਾ ਹੈ ਤੇ ਮਨੁੱਖਤਾ ਭਰਪੂਰ (ਇਕਮਿਕਤਾ ਵਾਲੀ) ਜੀਵਨੀ ਜਿਊਣੀ ਹੈ ਤਾਕਿ **"ਆਜੁ ਮਿਲਾਵਾ ਸੇਖ ਫਰੀਦ"** ਅਜ ਹੀ, ਹੁਣੇ ਹੀ, ਇਸੇ ਜੀਵਨ 'ਚ ਹੀ ਰੱਬੀ ਮਿਲਨ ਦੀ ਅਵਸਥਾ ਮਾਣ ਸਕੇ। ਉਸ ਲਈ ਗੁਰ-ਗਿਆਨ ਸਾਨੂੰ ਦ੍ਰਿੜ੍ਹ ਕਰਾਉਂਦਾ ਹੈ ਕਿ :-

1. **ਦੁਆਰਹਿ ਦੁਆਰਿ ਸੁਆਨ ਜਿਉ ਡੋਲਤ** (ਗੁਰੂ ਗ੍ਰੰਥ ਸਾਹਿਬ, ਪੰਨਾ : 411) – ਤ੍ਰਿਸ਼ਨਾ ਵੱਸ ਮਨੁੱਖ ਦਾ ਮਨ ਦਰ-ਬਦਰ, ਹਰ ਦਰਵਾਜ਼ੇ 'ਤੇ ਘੁੰਮਦਾ ਰਹਿੰਦਾ ਹੈ। ਲਾਲਚੀ ਬਿਰਤੀ ਕਾਰਨ ਮਨੁੱਖ ਹੋ ਕੇ ਵੀ ਆਤਮਕ ਤੌਰ 'ਤੇ ਕੁੱਤਾ ਬਣਿਆ ਰਹਿੰਦਾ ਹੈ।

2. **ਬਿਨੁ ਸਿਮਰਨ ਗਰਧਭ ਕੀ ਨਿਆਈ** (ਗੁਰੂ ਗ੍ਰੰਥ ਸਾਹਿਬ, ਪੰਨਾ : 239) – ਰੱਬੀ ਗੁਣਾਂ ਤੋਂ ਵਿਹੂਣਾ ਮਨੁੱਖ ਦਾ ਜੀਵਨ ਖੋਤੇ ਦੇ ਸਮਾਨ ਹੈ, ਜੋ ਆਪਣੀ ਮਤ ਵਿਚ ਅਵਗੁਣਾਂ ਦਾ ਭਾਰ ਢੋਂਦਾ ਰਹਿੰਦਾ ਹੈ। ਇਸ ਲਈ ਤੂੰ ਮਨੁੱਖ ਹੋ ਕੇ ਖੋਤਾ ਨਾ ਬਣ।

3. **ਜੋ ਨ ਸੁਨਹਿ ਜਸੁ ਪਰਮਾਨੰਦਾ ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ।।** (ਗੁਰੂ ਗ੍ਰੰਥ ਸਾਹਿਬ, ਪੰਨਾ : 188) – ਜੋ ਮਨੁੱਖ ਰੱਬੀ ਗੁਣਾਂ ਅਨੁਸਾਰ ਨਹੀਂ ਜਿਊਂਦੇ ਉਨ੍ਹਾਂ ਦਾ ਜੀਵਨ ਪਸ਼ੂ-ਪੰਛੀ, ਕੀੜਿਆਂ ਤੋਂ ਵੀ ਨੀਵਾਂ ਹੈ, ਇਸ ਕਰਕੇ ਤੂੰ ਐਸਾ ਨਾ ਬਣ।

ਗੁਰੂ ਗ੍ਰੰਥ ਸਾਹਿਬ 'ਚ ਐਸੇ ਪ੍ਰਮਾਣਾਂ ਰਾਹੀਂ ਹੋਰ ਜੂਨੀਆਂ ਵਾਲੇ ਮਾੜੇ ਕਰਮਾਂ ਤੋਂ ਸੁਚੇਤ ਕਰਾਇਆ ਹੈ ਅਤੇ ਚੰਗੇ ਗੁਣ ਅਪਨਾਉਣ ਲਈ ਪ੍ਰੇਰਣਾ ਦਿੱਤੀ ਹੈ :-

1. **ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1428)– ਜਿਵੇਂ ਕੁੱਤਾ ਮਾਲਿਕ ਦਾ ਦਰ ਨਹੀਂ ਛੱਡਦਾ, ਉਵੇਂ ਤੂੰ ਵੀ ਹਰ ਹਾਲ ਵਿਚ ਰੱਬੀ ਗੁਣਾਂ ਵਾਲੇ ਜੀਵਨ ਤੋਂ ਮੁਨਕਰ ਨਾ ਹੋ।

2. **ਕਾਗਹੁ ਹੰਸੁ ਕਰੇਇ–** ਐ ਮਨੁੱਖ, ਤੂੰ ਕਾਂ ਬਿਰਤੀ ਤੋਂ ਹੰਸ ਬਿਰਤੀ ਬਣਨਾ ਹੈ ਤੇ ਉਹ ਬਿਰਤੀ ਸਤਿਗੁਰ (ਸੱਚ ਦੇ ਗਿਆਨ) ਰਾਹੀਂ ਪ੍ਰਾਪਤ ਹੁੰਦੀ ਹੈ।

## ਪੂਰਬਲੇ ਕਰਮ

ਗੁਰਬਾਣੀ ਵਿਚ ਵਰਤੇ ਗਏ, ਧੁਰ ਕਰਮ, ਪੂਰਬਲੇ ਕਰਮ, ਮੱਥੇ ਲਿਖੇ ਭਾਗ, ਜਨਮ ਜਨਮ ਕੀ ਸੋਈ ਜਾਗੀ ਆਦਿ ਲਫ਼ਜ਼ਾਂ ਦਾ ਕੀ ਭਾਵ ਅਰਥ ਹੈ ?

ਸੋਇਆ (ਸੁੱਤਾ) ਮਨ ਜਾਂ ਹਨੇਰਾ ਇਕੋ ਗੱਲ ਦੇ ਪ੍ਰਤੀਕ ਹਨ। ਜਿਵੇਂ ਹਨੇਰੇ 'ਚ ਕੁਝ ਨਹੀਂ ਦਿਸਦਾ, ਉਵੇਂ ਸੁੱਤੇ ਮਨ ਨੂੰ ਆਪਣੇ ਖਿਆਲਾਂ ਅਤੇ ਕੀਤੇ ਕਰਮਾਂ ਦੇ ਨਤੀਜਿਆਂ ਬਾਰੇ ਕੁਝ ਨਹੀਂ ਦਿਸਦਾ। ਜਦੋਂ ਮਨੁੱਖ ਅਗਿਆਨਤਾ ਵਸ ਆਪਣੇ ਮਨ ਪਿਛੇ ਤੁਰਦਾ ਰਹਿੰਦਾ ਹੈ ਤਾਂ ਆਤਮਕ ਮੌਤ ਮਰਦਾ ਰਹਿੰਦਾ ਹੈ। **"ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ।। ਸਾਬਤੁ ਵਸਤੁ ਓਹੁ ਅਪਨੀ ਲਹੈ।।"** (ਗੁਰੂ ਗ੍ਰੰਥ ਸਾਹਿਬ, ਪੰਨਾ : 182) ਜੇਕਰ ਮਨ, 'ਸਤਿਗੁਰ' (ਗਿਆਨ-ਗੁਰੂ) ਅਨੁਸਾਰ ਜਾਗ ਪਵੇ ਤਾਂ ਆਪਣੇ ਅੰਦਰੋਂ ਹੋਰਨਾਂ ਜੂਨੀਆਂ ਵਾਲੀ (ਸੋਚਣੀ, ਕਰਨੀਆਂ) ਬਿਰਤੀ ਤੋਂ ਜਾਗਰੁਕ ਹੋ ਜਾਂਦਾ ਹੈ, ਸਿੱਟੇ ਵਜੋਂ ਉਸਨੂੰ "ਅਪਣਾ ਮੂਲ ਪਛਾਣ" ਦੀ ਸੋਝੀ ਪੈ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਜੀ 'ਚ ਇਸੇ ਅਵਸਥਾ ਨੂੰ **"ਜਨਮ ਜਨਮ ਕੀ ਸੋਈ ਜਾਗੀ"** ਕਿਹਾ ਗਿਆ ਹੈ। ਇਸੇ ਤਰ੍ਹਾਂ ਸਾਨੂੰ ਮੱਥੇ ਲਿਖੇ ਭਾਗ, ਪੂਰਬਲੇ ਕਰਮ, ਗਰਭ ਭ੍ਰਮਾਹਿ, ਤਕਦੀਰ, ਪਿਛਲੇ ਜਨਮ ਕਰਕੇ ਕਿਸਮਤ ਜੈਸੇ ਅਨੇਕਾਂ ਪਹਿਲੂਆਂ ਨੂੰ ਵਿਚਾਰਨਾ ਪਵੇਗਾ।

ਆਮ ਤੌਰ ਤੇ 'ਪੂਰਬਲੇ ਕਰਮ' ਦੇ ਅਰਥ ਪਿਛਲੇ ਜਨਮ ਦੇ ਕਰਮ ਸਮਝੇ ਜਾਂਦੇ ਹਨ ਅਤੇ ਇਸੇ ਸੋਚ ਦਾ ਮੁਥਾਜ ਹੋ ਕੇ ਮਨੁੱਖ ਵਹਿਮਾਂ, ਭਰਮਾਂ, ਡਰ, ਚਿੰਤਾ, ਫਿਕਰ ਅਤੇ ਲਾਲਚ ਵਿਚ ਫਸ ਕੇ ਸਾਰੀ ਜ਼ਿੰਦਗੀ, ਅਸ਼ਾਂਤ ਅਤੇ ਬੇਚੈਨ ਰਹਿੰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹਜ਼ਾਰਾਂ ਸਾਲਾਂ ਤੋਂ ਪ੍ਰਚਲਿਤ ਉਸ ਵਿਚਾਰਧਾਰਾ ਨੂੰ ਰੱਦ ਕਰਦੀ ਹੈ ਅਤੇ ਮਨੁੱਖ ਨੂੰ ਸਮਝਾਉਂਦੀ ਹੈ :-

**ਆਪੇ ਬੀਜਿ ਆਪੇ ਹੀ ਖਾਹੁ।। ਨਾਨਕ ਹੁਕਮੀ ਆਵਹੁ ਜਾਹੁ।।**

(ਗੁਰੂ ਗ੍ਰੰਥ ਸਾਹਿਬ, ਪੰਨਾ : 4)

ਅਤੇ

**ਦਦੈ ਦੋਸੁ ਨਾ ਦੇਊ ਕਿਸੈ ਦੋਸੁ ਕਰੰਮਾ ਆਪਣਿਆ।।**

**ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ।।**

(ਗੁਰੂ ਗ੍ਰੰਥ ਸਾਹਿਬ, ਪੰਨਾ : 433)

ਸਾਰੀ ਸ੍ਰਿਸ਼ਟੀ ਵਿਚ ਕੁਦਰਤ ਦਾ ਹੁਕਮ, ਨਿਯਮ ਸਭ ਲਈ, ਸਭ ਜਗ੍ਹਾ, ਇਕੋ ਜਿਹਾ ਲਾਗੂ ਹੁੰਦਾ ਹੈ ਕਿ ਮਨੁੱਖ ਜੈਸਾ ਬੀਜਦਾ ਹੈ ਵੈਸਾ ਹੀ ਵੱਢਦਾ ਹੈ ਭਾਵ ਜੈਸੇ ਕਰਮ ਕਰਦਾ ਹੈ ਵੈਸੇ ਹੀ ਨਤੀਜੇ ਆਉਂਦੇ ਹਨ। ਇਥੋਂ ਇਹ ਗੱਲ ਵੀ ਸਮਝ ਪੈਂਦੀ ਹੈ ਕਿ ਜੇ ਮਨੁੱਖ ਆਪ ਹੀ ਕਰਮਾਂ ਦਾ ਬੀਜ ਬੀਜਦਾ ਹੈ ਅਤੇ ਆਪ ਹੀ ਵੱਢਦਾ ਹੈ ਤਾਂ ਫਿਰ ਮਾਤਾ-ਪਿਤਾ, ਸੰਗੀ-ਸਾਥੀ, ਧੀ-ਪੁੱਤ, ਪਤੀ-ਪਤਨੀ ਜਾਂ ਕੋਈ ਸੰਤ ਸਾਧੂ ਕਿਸੇ ਦਾ ਬੀਜਿਆ, ਨਹੀਂ ਵੱਢ ਸਕਦਾ।

ਮਨੁੱਖ **"ਜੇਹਾ ਬੀਜੈ ਸੋ ਲੂਣੈ ਕਰਮਾ ਸੰਦੜਾ ਖੇਤੁ"** (ਗੁਰੂ ਗ੍ਰੰਥ ਸਾਹਿਬ, ਪੰਨਾ : 134) ਅਨੁਸਾਰ ਜੈਸੇ-ਜੈਸੇ ਖਿਆਲ ਅਤੇ ਕਰਮਾਂ ਦਾ ਬੀਜ ਬੀਜਦਾ ਹੈ ਵੈਸਾ ਹੀ ਬਣਦਾ ਜਾਂਦਾ ਹੈ ਭਾਵ ਜੈਸੇ ਖਿਆਲਾਂ ਅਤੇ ਕਰਮਾਂ ਦਾ ਧਾਰਨੀ ਇਸੇ ਜੀਵਨ 'ਚ ਬਣਦਾ ਜਾਂਦਾ ਹੈ ਵੈਸਾ ਹੀ ਫ਼ਲ ਇਸੇ ਜੀਵਨ 'ਚ ਪ੍ਰਾਪਤ ਕਰਦਾ ਹੈ। ਆਪਣੇ ਖਿਆਲਾਂ ਅਤੇ ਇਥੇ ਕੀਤੇ ਕਰਮਾਂ ਅਨੁਸਾਰ ਮਨੁੱਖ ਆਪ ਹੀ ਚੰਗਾ ਜਾਂ ਮੰਦਾ ਫਲ ਪ੍ਰਾਪਤ ਕਰਦਾ ਹੈ। ਪਿਤਾ ਡਾਕਟਰ ਹੋਵੇ, ਜ਼ਰੂਰੀ ਨਹੀਂ ਕਿ ਪੁਤਰ ਵੀ ਡਾਕਟਰ ਬਣੇਗਾ, ਪਿਤਾ ਕਾਰਨ ਮਾਹੌਲ ਦੇਣ ਨਾਲ ਪੁੱਤਰ ਡਾਕਟਰ ਬਣੇ, ਹੋਰ ਗੱਲ ਹੈ ਪਰ ਬਿਨਾ ਪੜ੍ਹਿਆ, ਪੁੱਤਰ ਡਾਕਟਰ ਨਹੀਂ ਹੋ ਸਕਦਾ। ਇੰਜੀਨੀਅਰ ਦਾ ਪੁੱਤਰ (ਬਿਨਾਂ ਪੜ੍ਹਿਆਂ) ਇੰਜੀਨੀਅਰ ਨਹੀਂ ਅਖਵਾ ਸਕਦਾ। ਉਸੀ ਤਰ੍ਹਾਂ ਇਥੇ **"ਅਹਿ ਕਰੁ ਕਰੇ ਸੁ ਅਹਿ ਕਰੁ**

**ਪਾਏ"** (ਗੁਰੂ ਗ੍ਰੰਥ ਸਾਹਿਬ, ਪੰਨਾ : 406) – ਅਨੁਸਾਰ ਜੋ ਕਰਮ ਕੋਈ ਹੱਥ ਕਰਦਾ ਹੈ, ਉਸ ਦਾ ਫਲ ਉਸੇ ਹੱਥ ਨੂੰ ਪ੍ਰਾਪਤ ਹੁੰਦਾ ਹੈ। ਭਾਵ ਜੋ ਮਨੁੱਖ ਚੰਗਾ ਕਰਦਾ ਹੈ ਉਸ ਦਾ ਚੰਗਾ ਫਲ ਅਤੇ ਜੋ ਮਾੜਾ ਕਰਦਾ ਹੈ ਉਸਦਾ ਮਾੜਾ ਫਲ ਉਸ ਮਨੁੱਖ ਦੀ ਸੁਰਤ, ਬੁਧ ਅਤੇ ਮਨ ਨੂੰ ਪ੍ਰਾਪਤ ਹੁੰਦਾ ਹੈ। ਰੱਬੀ ਨਿਯਮ ਅਟਲ (inevitable) ਹਨ। ਅਸੀਂ ਆਪਣੇ ਮਨ ਵਿਚ ਜੋ ਖਿਆਲ, ਫੁਰਨੇ (ਸੰਸਕਾਰ) ਬਣਾਉਂਦੇ ਹਾਂ, ਉਨ੍ਹਾਂ ਅਨੁਸਾਰ ਰੱਬ ਜੀ, ਮਨ ਵਿਚ ਨਿਆਂ ਦੀ ਤੱਕੜੀ ਰਾਹੀਂ, ਨਾਲੋ-ਨਾਲ ਨਿਰਣਾ ਕਰਦੇ ਜਾਂਦੇ ਹਨ। ਕਰਮਾਂ ਦਾ ਨਿਬੇੜਾ ਨਾਲੋ-ਨਾਲ ਹੋ ਜਾਂਦਾ ਹੈ ਉਸੇ ਅਨੁਸਾਰ **"ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ"** ਮਨੁੱਖ ਰੱਬ ਜੀ ਤੋਂ (ਆਤਮਕ) ਨੇੜੇ ਜਾਂ ਦੂਰ ਹੋ ਜਾਂਦਾ ਹੈ।

ਸਰੀਰਕ ਜੀਵਨ ਨੂੰ ਪ੍ਰਾਪਤ ਕਰਕੇ, ਹੁਣ ਤੱਕ (ਪਿਛਲੇ ਪਲ ਤੱਕ) ਮਨੁੱਖ ਰੱਬੀ ਗੁਣਾਂ ਨੂੰ ਜਿਊਣ ਲਈ ਜੋ ਵੀ ਉਦਮ (efforts) ਕਰਦਾ ਹੈ, ਉਨ੍ਹਾਂ ਨਾਲ ਜੋ ਚੰਗੀ ਸ਼ਖਸੀਅਤ ਪ੍ਰਾਪਤ ਹੁੰਦੀ ਹੈ, ਉਸ ਨੂੰ ਹੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਅਨੁਸਾਰ **'ਪੂਰਬ ਕਰਮ ਅੰਕੁਰ ਜਬ ਪ੍ਰਗਟੇ'** ਕਹਿੰਦੇ ਹਨ। ਜਿਸ ਪਲ ਤੋਂ ਮਨੁੱਖ ਸਤਿਗੁਰ (ਗਿਆਨ-ਗੁਰੂ) ਰਾਹੀਂ ਬਿਬੇਕ ਬੁੱਧੀ ਪ੍ਰਾਪਤ ਕਰ ਕੇ, ਆਪਣੇ ਜੀਵਨ ਦੀ ਉਸਾਰੀ ਸਹਿਜ, ਸਬਰ, ਸੰਤੋਖ, ਮਿੱਠਾ ਬੋਲ, ਥਿਰ ਮਤ ਅਤੇ ਬੇਅੰਤ ਰੱਬੀ ਗੁਣਾਂ ਰਾਹੀਂ ਕਰਦਾ ਹੈ, ਇਹੋ ਪੂਰਬਲੇ ਕਰਮਾਂ 'ਚੋਂ ਅੰਕੁਰ ਪ੍ਰਗਟ ਹੋਣ ਦਾ ਲਖਾਇਕ ਹੈ। ਗੁਰਬਾਣੀ ਵਿਚ ਇਸੇ ਨੂੰ ਪੂਰਬ-ਕਰਮ, ਪੂਰਬ-ਜਨਮ ਦੀ ਤਸ਼ਬੀਹ ਦਿੱਤੀ ਗਈ ਹੈ।

**ਸਲੋਕ ਮ: ੩।।ਕਲਮ ਜਲਉ ਸਣੁ ਮਸਵਾਣੀਐ ਕਾਗਦੁ ਭੀ ਜਲਿ ਜਾਉ।। ਲਿਖਣ ਵਾਲਾ ਜਲਿ ਬਲਉ ਜਿਨਿ ਲਿਖਿਆ ਦੂਜਾ ਭਾਉ।। ਨਾਨਕ ਪੂਰਬਿ ਲਿਖਿਆ ਕਮਾਵਣਾ ਅਵਰੁ ਨ ਕਰਣਾ ਜਾਇ।।੧।।** (ਗੁਰੂ ਗ੍ਰੰਥ ਸਾਹਿਬ, ਪੰਨਾ : 84)

ਪ੍ਰੋ. ਸਾਹਿਬ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਭਾਗ-1 ਵਿਚ ਇਸ ਸ਼ਬਦ ਦੇ ਅਰਥ ਇਸ ਤਰ੍ਹਾਂ ਕਰਦੇ ਹਨ :- **ਪੂਰਬਿ ਲਿਖਿਆ –** ਪਹਿਲਾਂ ਤੋਂ ਕਮਾਇਆ ਹੋਇਆ। ਮਨੁੱਖ ਜੋ ਜੋ ਕਰਮ ਕਰਦਾ ਹੈ ਉਸ ਕਰਮ ਦਾ ਅਸਰ ਮਨ 'ਤੇ ਪੈਂਦਾ ਹੈ, ਜਿਸ ਵਾਸਤੇ 'ਸੰਸਕਾਰ' ਲਫ਼ਜ਼ ਵਰਤਿਆ ਜਾ ਸਕਦਾ ਹੈ। ਚੰਗੇ ਕਰਮ ਦਾ ਚੰਗਾ ਸੰਸਕਾਰ ਤੇ ਮੰਦੇ ਦਾ ਮੰਦਾ। ਕਿਸੇ ਕਰਮ ਦਾ ਚੰਗਾ ਜਾਂ ਮੰਦਾ ਹੋਣਾ ਭੀ ਕਰਮ ਦੀ ਬਾਹਰਲੀ ਦਿਸਦੀ ਵਿਧੀ ਜਾਂ ਤਰੀਕੇ ਤੋਂ ਨਹੀਂ ਜਾਚਿਆ ਜਾ ਸਕਦਾ। ਇਹ ਭੀ ਮਨ ਦੀ ਭਾਵਨਾ ਦੇ ਅਧੀਨ ਹੈ। ਸੋ ਮਨੁੱਖ ਦਾ ਮਨ ਕੀ ਹੈ ? ਉਸ ਦੇ ਪਿਛਲੇ ਕਰਮਾਂ ਦੇ ਸੰਸਕਾਰਾਂ ਦਾ ਇਕੱਠ। ਮਨੁੱਖ ਸਦਾ ਇਹਨਾਂ ਸੰਸਕਾਰਾਂ ਦੇ ਅਧੀਨ ਰਹਿੰਦਾ ਹੈ। ਜੇ ਇਹ ਸੰਸਕਾਰ ਚੰਗੇ ਹੋਣ, ਤਾਂ ਮਨ ਭਲੇ ਪਾਸੇ ਲੈ ਜਾਂਦਾ ਹੈ, ਜੇ ਮੰਦੇ ਹੋਣ ਤਾਂ ਮਾੜੇ ਪਾਸੇ। ਇਸੇ ਨੂੰ ਹੀ "ਪੂਰਬਿ ਲਿਖਿਆ" ਆਖਿਆ ਗਿਆ ਹੈ। ਇਹ 'ਪੂਰਬਿ ਲਿਖੇ' ਸੰਸਕਾਰ ਮਨੁੱਖ ਦੇ ਆਪਣੇ ਜਤਨ ਨਾਲ ਨਹੀਂ ਮਿਟ ਸਕਦੇ, ਕਿਉਂਕਿ ਆਪਣਾ ਜਤਨ ਮਨੁੱਖ ਸਦਾ ਆਪਣੇ ਮਨ ਰਾਹੀਂ ਕਰ ਸਕਦਾ ਹੈ ਤੇ ਮਨ ਸਦਾ ਉਧਰ ਪ੍ਰੇਰਦਾ ਹੈ ਜਿਧਰ ਦੇ, ਇਸ ਵਿਚ ਸੰਸਕਾਰ ਹਨ। ਇਕੋ ਹੀ ਤਰੀਕਾ ਹੈ ਇਨ੍ਹਾਂ ਨੂੰ ਮੇਟਣ ਦਾ। ਭਾਵ, ਮਨ ਦੇ ਸੰਸਕਾਰਾਂ ਨੂੰ 'ਸਤਿਗੁਰ ਦੀ ਰਜ਼ਾ' ਵਿਚ ਲੀਨ ਕਰ ਦੇਣਾ।"

**ਸਲੋਕ ਦੇ ਅਰਥ:-**

ਪ੍ਰੋ: ਸਾਹਿਬ ਸਿੰਘ ਜੀ ਲਿਖਦੇ ਹਨ:- "ਸੜ ਜਾਏ ਉਹ ਕਲਮ; ਸਮੇਤ ਦਵਾਤ ਦੇ, ਤੇ ਕਾਗਦ ਭੀ ਸੜ ਜਾਏ, ਲਿਖਣ ਵਾਲਾ ਭੀ ਸੜ ਮਰੇ, ਜਿਸਨੇ (ਨਿਰਾ) ਮਾਇਆ ਦੇ ਪਿਆਰ ਦਾ ਲੇਖਾ ਲਿਖਿਆ ਹੈ, (ਕਿਉਂਕਿ) ਹੇ

ਨਾਨਕ ! (ਜੀਵ) ਉਹੀ ਕੁਝ ਕਮਾਂਦਾ ਹੈ ਜੋ (ਸੰਸਕਾਰ ਆਪਣੇ ਚੰਗੇ ਮੰਦੇ ਕੀਤੇ ਕੰਮਾਂ ਅਨੁਸਾਰ) ਪਹਿਲਾਂ ਤੋਂ (ਆਪਣੇ ਹਿਰਦੇ ਉਤੇ) ਲਿਖੀ ਜਾਂਦਾ ਹੈ, (ਜੀਵ) ਇਸਦੇ ਉਲਟ ਕੁਝ ਨਹੀਂ ਕਰ ਸਕਦਾ।"

ਸੋ ਪ੍ਰੋ. ਸਾਹਿਬ ਸਿੰਘ ਜੀ ਇਸ ਸਲੋਕ ਰਾਹੀਂ ਗੁਰੂ ਗ੍ਰੰਥ ਸਾਹਿਬ ਜੀ ਦਾ ਸਿਧਾਂਤ ਸਮਝਾ ਰਹੇ ਹਨ ਕਿ 'ਪੂਰਬਿ ਕਰਮ' ਅਤੇ 'ਪੂਰਬਿ ਲਿਖਿਆ' ਕੀ ਹੁੰਦਾ ਹੈ, ਕਿਵੇਂ ਮਨੁੱਖ ਆਪਣੇ ਲੇਖ ਆਪ ਲਿਖਦਾ ਹੈ ਤੇ ਕਿਵੇਂ, ਆਪਣੇ ਲਿਖੇ ਅਨੁਸਾਰ ਹੀ ਕਰਮ ਕਰਦਾ ਰਹਿੰਦਾ ਹੈ। ਇਸ ਸਾਰੀ ਖੇਡ ਤੋਂ ਬਾਹਰ ਨਿਕਲਣ ਲਈ ਮਨ ਦੇ ਸੰਸਕਾਰਾਂ ਨੂੰ 'ਸਤਿਗੁਰ' ਦੀ ਰਜ਼ਾ ਵਿਚ ਲੀਨ ਕਰ ਦੇਣਾ ਭਾਵ ਮਨੁੱਖ ਆਪਣੀ ਮਤ, ਬੁਧੀ, ਸੁਰਤ, ਮਨ ਸਭ ਨੂੰ 'ਸਤਿਗੁਰ' ਦੇ ਅਧੀਨ ਕਰਕੇ ਉਸ ਅਨੁਸਾਰ ਜੀਵਨ ਜੀਵੇ ਤਾਂ ਮਨੁੱਖ ਵਲੋਂ 'ਲਿਖੇ ਲੇਖ', 'ਪੂਰਬ ਲਿਖੇ ਕਰਮ' ਮਿਟਾਏ ਵੀ ਜਾ ਸਕਦੇ ਹਨ ਅਤੇ ਚੰਗੇ ਲੇਖ, ਲਿਖੇ ਵੀ ਜਾ ਸਕਦੇ ਹਨ।

ਉੱਪਰ ਕੀਤੀ ਵਿਚਾਰ ਨਾਲ ਇਹ ਸਮਝ ਪੈਂਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਪੂਰਬਲੇ ਕਰਮ, ਮਥੇ ਲਿਖੇ ਭਾਗ, ਪੂਰਬਿ ਲਿਖਿਆ ਐਸੇ ਸਭ ਕਿਸਮਾਂ ਦੇ ਲਫ਼ਜ਼ ਇਸ ਸਰੀਰ ਦੇ ਜਨਮ ਤੋਂ ਪਹਿਲਾਂ (ਅਖੌਤੀ ਪਿਛਲੇ ਜਨਮਾਂ) ਬਾਰੇ ਨਹੀਂ ਬਲਕਿ ਮਨੁੱਖ ਦੇ ਇਸੇ ਜਨਮ ਬਾਰੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦਾ 'ਸਤਿਗੁਰ' ਦ੍ਰਿੜਾਉਣ ਦਾ ਇਹ ਤਰੀਕਾ ਹੈ। ਪ੍ਰੋਢਾਵਾਦੀ ਢੰਗ ਨਾਲ ਪ੍ਰਚਲਤ ਲਫ਼ਜ਼ਾਂ ਨੂੰ ਵਰਤ ਕੇ ਮਨੁੱਖ ਨੂੰ ਸਮਝਾਇਆ ਹੈ ਕਿ "ਐ ਮਨੁੱਖ ! ਇਸੇ ਜਨਮ 'ਚ ਆਪਣੇ ਸੰਸਕਾਰ, (ਆਪਣੇ ਖ਼ਿਆਲ, ਕਰਮ ਅਤੇ ਸੁਭਾਅ) ਅਨੁਸਾਰ ਲੇਖ ਤੂੰ ਆਪ ਲਿਖਦਾ ਹੈਂ ਨਾ ਕਿ ਇਹ ਲੇਖ ਅਖੌਤੀ ਪਿਛਲੇ ਜਨਮਾਂ ਕਰਕੇ ਹਨ।" ਇਹ ਵੀ ਹੱਲ ਸਮਝਾ ਦਿੱਤਾ ਹੈ ਕਿ ਕਿਵੇਂ ਤੂੰ ਸਤਿਗੁਰ (Universal truth) ਅਨੁਸਾਰ, ਅਮਲੀ ਜੀਵਨੀ ਜਿਉ ਕੇ ਮਾੜੇ ਲੇਖ ਮੇਟ ਕੇ, ਨਵੇਂ ਲੇਖ (ਆਪਣੇ ਮੱਥੇ ਦੇ ਭਾਗ) ਆਪ ਲਿਖ ਸਕਦਾ ਹੈਂ।

## ਮਥੇ ਲਿਖੇ ਭਾਗ

ਇਸ ਵਿਸ਼ੇ ਨਾਲ ਸੰਬੰਧਤ ਕੁਝ ਹੋਰ ਸ਼ਬਦਾਂ ਨੂੰ ਵਿਚਾਰੀਏ :-

**ਮਾਰੂ ਮਹਲਾ ੧ ਘਰੁ ੧।।**

**ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ।।**

**ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ।।੧।। ਚਿਤ ਚੇਤਸਿ ਕੀ ਨਹੀ ਬਾਵਰਿਆ।। ਹਰਿ ਬਿਸਰਤ ਤੇਰੇ ਗੁਣ ਗਲਿਆ।।੧।।ਰਹਾਉ।। ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ।। ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ।।੨।। ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ।। ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ।।੩।। ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ।। ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ।।੪।।੩।।**

(ਗੁਰੂ ਗ੍ਰੰਥ ਸਾਹਿਬ, ਪੰਨਾ : ੯੯੦)

**ਪਦਾ ਰਹਾਉ:- ਚਿਤ ਚੇਤਸਿ ਕੀ ਨਹੀ ਬਾਵਰਿਆ।।**

**ਹਰਿ ਬਿਸਰਤ ਤੇਰੇ ਗੁਣ ਗਲਿਆ।।੧।।ਰਹਾਉ।।**

**ਭਾਵ ਅਰਥ :-** ਐ ਬਾਵਰੇ ਮਨੁੱਖ, ਤੂੰ ਕਿਉਂ ਰੱਬ ਨੂੰ ਵਿਸਾਰ ਕੇ ਮਨਮੁਖਤਾ ਵਾਲੇ ਕਰਮ ਕਰ ਰਿਹਾ ਹੈਂ, ਐਸੇ ਕਰਮਾਂ ਕਾਰਨ ਤੇਰੇ ਅੰਦਰੋਂ ਚੰਗੇ ਗੁਣ ਘਟਦੇ (ਗਲਦੇ) ਜਾ ਰਹੇ ਹਨ।

**ਪਦਾ ਪਹਿਲਾ:- ਕਰਣੀ ਕਾਗਦ........ ਨਾਹੀ ਅੰਤੁ ਹਰੇ।।੧।।**

ਮਨੁੱਖ ਦਾ ਆਚਰਨ 'ਕਾਗਜ਼' ਹੈ ਅਤੇ ਮਨ ਦਵਾਤ ਹੈ। ਉਸ ਬਣ ਰਹੇ ਆਚਰਨ (ਕਾਗਜ਼) ਉਤੇ ਮਨ ਦੇ ਸੰਸਕਾਰਾਂ (ਸਿਆਹੀ) ਨਾਲ ਮਨੁੱਖ ਆਪ ਹੀ ਚੰਗੇ ਮੰਦੇ ਲੇਖ ਲਿਖਦਾ ਹੈ। ਮਨੁੱਖ ਆਪਣੇ ਮਨ ਵਿਚ, ਹੁਣ ਤਕ ਦੇ ਇੱਕਠੇ ਹੋਏ ਸੰਸਕਾਰਾਂ ਦੀ ਪ੍ਰੇਰਨਾ ਨਾਲ ਜੋ ਖਿਆਲ, ਸੋਚਣੀ ਬਣਾਉਂਦਾ ਜਾਂ ਕੰਮ (ਚੰਗੇ/ਮੰਦੇ) ਕਰਦਾ ਹੈ ਉਹੋ ਮਨੁੱਖ ਦੇ ਆਚਰਨ ਰੂਪੀ ਕਾਗਜ਼ ਉਤੇ ਉਕਰਦੇ (print) ਜਾਂਦੇ ਹਨ। ਸੋ ਇਹ ਵਾਲੇ, ਹੁਣ ਤਕ ਦੇ ਕੀਤੇ ਕਰਮਾਂ ਨੂੰ 'ਪਿਛਲੇ ਕਰਮ' ਜਾਂ 'ਪੂਰਬਲੇ ਕਰਮ' ਕਹਿੰਦੇ ਹਨ। ਇਹ ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਨਾਲ ਬਣਿਆ ਸੁਭਾਅ ਜਿਉਂ-ਜਿਉਂ ਮਨੁੱਖ ਨੂੰ ਪ੍ਰੇਰਦਾ ਹੈ ਤਿਵੇਂ-ਤਿਵੇਂ ਹੀ ਉਹ ਮਨੁੱਖ, ਆਪਣੇ ਜੀਵਨ ਰੂਪੀ ਰਸਤੇ 'ਤੇ ਤੁਰਦਾ ਹੈ। ਮਨੁੱਖ ਦੇ ਚੰਗੇ ਜਾਂ ਮੰਦੇ ਗੁਣਾਂ ਦੀ ਪੜਚੋਲ ਤਾਂ ਹੋ ਸਕਦੀ ਹੈ ਪਰ ਰੱਬ ਜੀ, ਆਪ ਜੀ ਦੇ ਗੁਣ ਬੇਅੰਤ ਹਨ, ਉਨ੍ਹਾਂ ਦਾ ਅੰਤ ਨਹੀਂ ਪਾ ਸਕਦੇ। ਆਪਣੇ ਗੁਣ, ਅਵਗੁਣ, ਚੰਗੇ-ਮੰਦੇ ਕਰਮਾਂ ਦੀ ਪਰਖ ਮਨੁੱਖ ਰੱਬੀ ਗੁਣਾਂ ਦੀ ਕਸਵਟੀ 'ਤੇ ਕਰ ਸਕਦਾ ਹੈ।

**ਪਦਾ ਦੂਜਾ:- ਜਾਲੀ ਰੈਨਿ ਜਾਲੁ..... ਮੂੜੇ ਕਵਨ ਗੁਣੀ।।੨।।**

ਐ ਮਨੁੱਖ ਤੇਰਾ ਪੰਛੀ ਰੂਪੀ ਮਨ ਪਲ ਭਰ ਦੇ ਸੁੱਖਾਂ ਕਾਰਨ ਦਿਨ-ਰਾਤ, ਪਲ-ਪਲ, ਵਿਕਾਰਾਂ ਨੂੰ ਮਿੱਠਾ-ਮਿੱਠਾ, ਚੰਗਾ-ਚੰਗਾ ਸਮਝ ਕੇ, ਉਨ੍ਹਾਂ ਦਾ ਚੋਗਾ ਚੁਗ ਰਿਹਾ ਹੈ ਅਤੇ ਆਪਣੇ ਹੀ ਬੁਣੇ ਹੋਏ ਜਾਲ ਵਿਚ ਫਸਦਾ ਜਾ ਰਿਹਾ ਹੈ। ਵਿਕਾਰਾਂ ਵਿਚ ਫਸੇ ਹੇ ਮਨੁੱਖ, ਜ਼ਰਾ ਸੋਚ ਤੂੰ ਕਿਹੜੇ ਗੁਣਾਂ ਨਾਲ, ਕਿਹੜੀ ਜੁਗਤੀ (technique) ਨਾਲ ਇਸ ਜਾਲ ਤੋਂ ਛੁਟ ਸਕਦਾ ਹੈਂ ?

**ਪਦਾ ਤੀਜਾ:- ਕਾਇਆ ਆਰਣੁ .... ਚਿੰਤ ਭਈ।।੩।।**

ਐ ਮਨੁੱਖ, ਤੇਰਾ ਸਰੀਰ ਲੋਹਾਰ ਦੀ ਭੱਠੀ ਵਾਂਗੂੰ ਹੈ। ਉਸ ਭੱਠੀ 'ਚ ਤੇਰਾ ਮਨ ਲੋਹੇ ਵਾਂਗੂੰ ਪਿਆ ਹੈ। ਤੂੰ ਮਨ ਰੂਪੀ ਲੋਹੇ ਉਤੇ ਵਿਕਾਰਾਂ ਦੀ ਅੱਗ ਤਪਾਈ ਹੋਈ ਹੈ। ਉਸ ਅੱਗ ਨੂੰ ਘਟਾਉਣਾ ਸੀ, ਕਾਬੂ ਕਰਨਾ ਸੀ ਪਰ ਤੂੰ ਤਾਂ ਉਸ ਅੱਗ 'ਚ ਹੋਰ ਮਾੜੇ ਕਰਮਾਂ ਖਿਆਲਾਂ ਦੇ ਕੋਇਲੇ ਪਾ-ਪਾ ਕੇ, ਅੱਗ ਭਖਾਈ (ਵਧਾਈ) ਜਾ ਰਿਹਾ ਹੈਂ। ਭਾਵ ਤੇਰੀਆਂ ਇੰਦ੍ਰੀਆਂ ਵਿਕਾਰਾਂ ਕਾਰਨ ਤੈਨੂੰ ਮਾੜੇ ਕਰਮਾਂ ਲਈ ਪ੍ਰੇਰਦੀਆਂ ਹਨ। ਐ ਮਨੁੱਖ, ਵਿਚਾਰ ਕਿ ਤੇਰਾ ਮਨ, ਇਸ ਤਪਸ਼ (ਵਿਕਾਰਾਂ ਦੀ ਭੱਠੀ) 'ਚ ਸੜ ਰਿਹਾ ਹੈ ਤੇ ਉੱਪਰੋਂ ਚਿੰਤਾ ਰੂਪੀ ਸੰਨ੍ਹੀ ਵੀ ਚੋਭਾਂ ਮਾਰ-ਮਾਰ ਕੇ ਹੋਰ ਦੁਖੀ ਕਰ ਰਹੀ ਹੈ।

**ਪਦਾ ਚਉਥਾ:- ਭਇਆ ਮਨੂਰੁ..... ਤ੍ਰਿਸਟਸਿ ਦੇਹਾ।।੪।।੩।।**

ਸਤਿਗੁਰ (ਸੱਚ ਦੇ ਗਿਆਨ) ਰਾਹੀਂ ਮਨੁੱਖ ਹਰ ਮੁਸ਼ਕਲ ਦਾ ਹਲ ਲੱਭ ਸਕਦਾ ਹੈ। ਸੋ ਜਿਸ ਮਨੁੱਖ ਦਾ ਮਨ ਇਹ ਮਹਿਸੂਸ ਕਰ ਲੈਂਦਾ ਹੈ ਕਿ ਉਹ ਮੈਲਾ ਹੈ ਭਾਵ ਮੁਸ਼ਕਲ ਵਿਚ ਹੈ, ਵਿਕਾਰਾਂ ਰਾਹੀਂ ਅਵਗੁਣਾਂ 'ਚ ਖੱਚਤ ਹੈ ਤਾਂ ਉਹ ਆਪਣੀ ਆਤਮਕ ਜੀਵਨੀ ਲਈ ਸਤਿਗੁਰ ਰਾਹੀ ਉਦਮ ਕਰ ਸਕਦਾ ਹੈ, ਫਿਰ ਮਨੁੱਖ ਵਿਕਾਰਾਂ ਤੋਂ ਆਪਣੇ ਆਪ ਨੂੰ 'ਜਿਊਦਿਆਂ ਮੁਕਤ' ਕਰਨ ਵਿਚ ਸਫਲ ਹੋ ਜਾਂਦਾ ਹੈ।

**ਟੋਡੀ ਮ: ੪ ਘਰ ੧**

**ਹਰਿ ਬਿਨੁ ਰਹਿ ਨ ਸਕੈ ਮਨੁ ਮੇਰਾ।। ਮੇਰੇ ਪ੍ਰੀਤਮ ਪ੍ਰਾਨ ਹਰਿ ਪ੍ਰਭੁ ਗੁਰੁ ਮੇਲੇ ਬਹੁਰਿ ਨ ਭਵਜਲਿ ਫੇਰਾ।।੧।।ਰਹਾਉ।।**

**ਮੇਰੈ ਹੀਅਰੈ ਲੋਚ ਲਗੀ ਪ੍ਰਭ ਕੇਰੀ ਹਰਿ ਨੈਨਹੁ ਹਰਿ ਪ੍ਰਭ ਹੇਰਾ।। ਸਤਿਗੁਰਿ ਦਇਆਲਿ ਹਰਿ ਨਾਮੁ ਦ੍ਰਿੜਾਇਆ ਹਰਿ ਪਾਧਰੁ ਹਰਿ ਪ੍ਰਭ ਕੇਰਾ।।੧।। ਹਰਿ ਰੰਗੀ ਹਰਿ ਨਾਮੁ ਪ੍ਰਭ ਪਾਇਆ ਹਰਿ ਗੋਵਿੰਦ ਹਰਿ ਪ੍ਰਭ ਕੇਰਾ।। ਹਰਿ ਹਿਰਦੈ ਮਨਿ ਤਨਿ ਮੀਠਾ ਲਾਗਾ ਮੁਖਿ ਮਸਤਕਿ ਭਾਗੁ ਚੰਗੇਰਾ।।੨।। ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ।। ਓਇ ਮਨਮੁਖ ਮੂੜ ਅਗਿਆਨੀ ਕਹੀਅਹਿ ਤਿਨ ਮਸਤਕਿ ਭਾਗੁ ਮੰਦੇਰਾ।।੩।। ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ।। ਜਨ ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ ਮਸਤਕਿ ਭਾਗੁ ਲਿਖੇਰਾ।।੪।।੧।।**

(ਗੁਰੂ ਗ੍ਰੰਥ ਸਾਹਿਬ, ਪੰਨਾ : 711)

ਇਸ ਸ਼ਬਦ ਦੇ ਭਾਵ ਅਰਥਾਂ ਨੂੰ ਵਿਚਾਰ ਕੇ ਦੇਖਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ, ਕਿਤਨੇ ਸੌਖੇ ਅਤੇ ਸਾਦੇ ਢੰਗ ਨਾਲ ਸਮਝਾਇਆ ਹੈ ਕਿ "ਮਨੁੱਖ ਚੰਗੇ ਜਾਂ ਮੰਦੇ ਲੇਖ ਆਪਣੇ ਮੱਥੇ ਤੇ ਆਪ ਲਿਖਦਾ ਹੈ।"

**ਪਦਾ ਰਹਾਉ :- ਹਰਿ ਬਿਨੁ ਰਹਿ ਨ ਸਕੈ ਮਨੁ ਮੇਰਾ।। ਮੇਰੇ ਪ੍ਰੀਤਮ ਪ੍ਰਾਨ ਹਰਿ ਪ੍ਰਭੁ ਗੁਰੁ ਮੇਲੇ ਬਹੁਰਿ ਨ ਭਵਜਲਿ**

**ਫੇਰਾ।।੧।।ਰਹਾਉ।।**

ਮੇਰਾ ਮਨ ਪ੍ਰਭੂ ਤੋਂ ਬਿਨਾ ਰਹਿ ਹੀ ਨਹੀਂ ਸਕਦਾ ਕਿਉਂਕਿ ਪ੍ਰਭੂ ਪ੍ਰੀਤਮ ਨੇ ਮੈਨੂੰ ਗਿਆਨ-ਗੁਰੂ (ਸਤਿਗੁਰ divine wisdom) ਨਾਲ ਮਿਲਾ ਦਿੱਤਾ ਹੈ, ਜਿਸ ਕਾਰਨ ਮੈਨੂੰ, ਮੇਰੇ ਜੀਵਨ 'ਚ ਜਿਊਂਦਿਆਂ ਜੀਅ ਵਿਕਾਰਾਂ ਦੇ ਭਵਜਲ 'ਚ ਡੁਬਣਾ ਨਹੀਂ ਪੈਂਦਾ (ਫੇਰਾ ਭਾਵ ਵਿਕਾਰਾਂ ਦੀਆਂ ਲਹਿਰਾਂ ਵਿਚ ਮੁੜ-ਮੁੜ ਨਹੀਂ ਪੈਣਾ ਪੈਂਦਾ)।

**ਪਦਾ ਪਹਿਲਾ:- ਮੇਰੈ ਹੀਅਰੈ .......... ਪ੍ਰਭ ਕੇਰਾ।।੧।।**

ਮੇਰੇ ਹਿਰਦੇ 'ਚ ਪਿਆਸ ਲਗੀ ਰਹਿੰਦੀ ਸੀ ਕਿ ਪ੍ਰਭੂ ਜੀ ਨੂੰ 'ਆਤਮਕ ਅਖਾਂ' ਨਾਲ ਵੇਖਾਂ। ਪ੍ਰਭੂ ਜੀ ਨਾਲ ਇਕਮਿਕਤਾ ਦੀ ਅਵਸਥਾ ਲਈ ਮੈਨੂੰ, ਸਤਿਗੁਰ (divine wisdom) ਰਾਹੀਂ, ਜੀਵਨ ਜਾਚ ਦਾ ਰਸਤਾ (ਪਾਧਰੁ) ਸਮਝ ਪੈ ਗਿਆ ਹੈ। ਹੁਣ ਆਤਮਕ ਰੂਪ 'ਚ ਮੈਂ ਹਰ ਵੇਲੇ ਰੱਬੀ ਇਕਮਿਕਤਾ ਮਾਣ ਸਕਦਾ ਹਾਂ। ਇਸ ਪਦੇ ਵਿਚ ਪੰਜਵੇਂ ਪਾਤਸ਼ਾਹ ਉੱਚੀ ਆਤਮਕ, ਰੱਬੀ ਇਕਮਿਕਤਾ ਦੀ ਅਵਸਥਾ ਬਿਆਨ ਕਰ ਰਹੇ ਹਨ।

**ਪਦਾ ਦੂਜਾ:- ਹਰਿ ਰੰਗੀ..... ਭਾਗੁ ਚੰਗੇਰਾ।।੨।।**

ਹਰੀ ਦੇ ਰੰਗ 'ਚ ਰੰਗੇ ਮਨੁੱਖਾਂ ਦੀ ਸੁਰਤ ਜਦੋਂ ਉਨ੍ਹਾਂ ਦੇ ਮਨ ਨੂੰ ਰੱਬੀ ਗੁਣਾਂ ਵਲ ਪ੍ਰੇਰਦੀ ਹੈ ਤਾਂ ਹਰੀ ਦੀ ਰਜ਼ਾ ਵਿਚ ਜਿਊਣ ਦੀ ਸਮਝ ਪੈਂਦੀ ਜਾਂਦੀ ਹੈ, ਨਤੀਜਤਨ ਉਹ ਸਤਿਗੁਰ ਅਧੀਨ ਰੱਬੀ ਗੁਣਾਂ ਨਾਲ ਇਕਮਿਕ ਹੋ ਕੇ ਜਿਊਣ ਲੱਗ ਪੈਂਦੇ ਹਨ। ਐਸੀ ਅਮਲੀ ਜੀਵਨੀ ਜਿਊਣ ਲਈ ਉਨ੍ਹਾਂ ਮਨੁੱਖਾਂ ਨੇ ਸੱਚ ਦੇ ਰਾਹ 'ਤੇ ਤੁਰਨ ਦੀ ਜੋ ਸੱਚੇ ਦਿਲ ਨਾਲ ਮਿਹਨਤ ਕੀਤੀ ਹੈ ਇਹੋ "ਮਸਤਕਿ ਭਾਗੁ ਚੰਗੇਰਾ" ਦੀ ਲਖਾਇਕ ਹੈ।

**ਪਦਾ ਤੀਜਾ:- ਲੋਭ ਵਿਕਾਰ.... ਭਾਗੁ ਮੰਦੇਰਾ।।੩।।**

ਜੋ ਮਨੁੱਖ ਰੱਬੀ ਪਿਆਰ, ਰੱਬੀ ਰੰਗ ਨੂੰ (ਰੱਬੀ ਗੁਣਾਂ ਨੂੰ) ਛੱਡ ਕੇ, ਆਪਣੇ ਮਨ ਅਧੀਨ (ਪਿੱਛੇ) ਤੁਰਦੇ ਹਨ, ਉਹ ਰੱਬ ਜੀ ਨੂੰ ਵਿਸਾਰ ਕੇ, ਲੋਭ ਵਿਚ ਖੱਚਤ ਅਵਗੁਣਾਂ ਭਰਪੂਰ ਜੀਵਨ ਜਿਊਣ ਕਾਰਨ ਖੁਆਰ ਹੁੰਦੇ

ਰਹਿੰਦੇ ਹਨ, ਉਨ੍ਹਾਂ ਦੀ ਸੁਰਤ, ਮਤ, ਬੁਧ, ਮਨ ਅਧੀਨ ਹੋਣ ਕਾਰਨ ਉਨ੍ਹਾਂ ਨੂੰ ਮਨਮੁਖ (ਮੂੜ) ਅਗਿਆਨੀ ਕਹਿੰਦੇ ਹਨ। ਐਸਾ ਜੀਵਨ 'ਮਸਤਕਿ ਭਾਗੁ ਮੰਦੇਰਾ' ਦਾ ਲਖਾਇਕ ਹੈ।

**ਪਦਾ ਚਉਥਾ:- ਬਿਬੇਕ ਬੁਧਿ... ਭਾਗੁ ਲਿਖੇਰਾ।।੪।।੧।।**

ਜਿਨ੍ਹਾਂ ਮਨੁੱਖਾਂ ਨੇ ਚੰਗੇ ਅਤੇ ਮੰਦੇ ਕਰਮਾਂ ਦੀ ਪਛਾਣ ਕਰਨ ਵਾਲੀ ਸੋਝੀ (ਬਿਬੇਕ ਬੁੱਧ), ਸੱਚੇ ਗਿਆਨ ਰਾਹੀਂ ਪ੍ਰਾਪਤ ਕੀਤੀ ਹੈ, ਉਨ੍ਹਾਂ ਦਾ ਜੀਵਨ ਰੱਬੀ ਗੁਣਾਂ ਭਰਪੂਰ ਅਤੇ ਰੱਬੀ ਇਕਮਿਕਤਾ ਵਾਲਾ ਬਣ ਗਿਆ ਹੈ। ਇਸੇ ਅਮਲੀ ਜੀਵਨ ਦੀ ਪ੍ਰਾਪਤੀ "ਧੁਰਿ ਮਸਤਕਿ ਭਾਗੁ ਲਿਖੇਰਾ" ਦੀ ਲਖਾਇਕ ਹੈ। ਬਿਬੇਕ ਬੁੱਧ ਅਨੁਸਾਰ ਅਮਲੀ ਜੀਵਨੀ ਜਿਊਣਾ 'ਰੱਬੀ ਨਾਮੁ' ਦਾ ਪ੍ਰਤੀਕ ਹੈ।

**ਜੇ ਸਤਿਗੁਰ (ਗਿਆਨ-ਗੁਰੂ, divine wisdom) ਅਨੁਸਾਰ ਚੰਗੇ ਗੁਣਾਂ ਵਾਲਾ ਜੀਵਨ ਬਣ ਰਿਹਾ ਹੈ ਤਾਂ ਸਮਝੋ ਮਨੁੱਖ 'ਭਾਗ ਚੰਗੇਰੇ' ਲਿਖ ਰਿਹਾ ਹੈ। ਜੇ ਮਨੁੱਖ ਸਤਿਗੁਰ ਨੂੰ ਵਿਸਾਰ ਕੇ ਵਿਕਾਰਾਂ 'ਚ ਖੱਚਤ, ਅਵਗੁਣ ਭਰਪੂਰ ਜੀਵਨੀ ਪਸੰਦ ਕਰਦਾ ਹੈ ਤਾਂ ਸਮਝੋ ਇਹ 'ਭਾਗ ਮੰਦੇਰਾ' ਮਨੁੱਖ ਆਪ ਲਿਖ ਰਿਹਾ ਹੈ। ਜੇ ਸਤਿਗੁਰ (divine wisdom) ਅਨੁਸਾਰ ਬਿਬੇਕ ਬੁਧ ਪ੍ਰਾਪਤ ਹੋ ਗਈ ਤਾਂ ਸਮਝੋ ਨਿਹਚਲ, ਅਡੋਲ, ਮੁਕਤ ਜੀਵਨੀ ਹੀ "ਧੁਰਿ ਮਸਤਕਿ ਭਾਗੁ ਲਿਖੇਰਾ" ਦੀ ਲਖਾਇਕ ਹੈ।**

## ਲੋਕੀ ਪੁਛਦੇ ਹਨ

ਪੁਰਾਤਨ ਵਿਚਾਰਧਾਰਾ ਦੇ ਆਧਾਰ 'ਤੇ ਕਈ ਲੋਕੀ ਪੁੱਛਦੇ ਹਨ ਕਿ :-

1. ਜੇ ਪਿਛਲੇ ਜਨਮ ਦੇ ਮੱਥੇ ਲਿਖੇ ਭਾਗ ਨਹੀਂ ਹੁੰਦੇ ਤਾਂ ਫਿਰ ਬੱਚਾ ਅੰਨ੍ਹਾ, ਲੰਗੜਾ, ਪਿੰਗਲਾ, ਆਦਿ ਕਿਉਂ ਜੰਮਦਾ ਹੈ ?
2. ਕਈ ਬੱਚੇ ਜੰਮਣ ਸਾਰ ਕਿਉਂ ਮਰ ਜਾਂਦੇ ਹਨ ?
3. ਕਈ ਬੱਚੇ ਰੂੜੀ ਦੇ ਢੇਰ ਉਤੇ ਅਤੇ ਕਈ ਅਮੀਰਾਂ ਦੇ ਘਰਾਂ 'ਚ ਜੰਮਦੇ ਹਨ, ਕਿਉਂ ?
4. ਜੇ ਪਿਛਲੇ ਕਰਮਾਂ ਦੇ ਲੇਖ (ਮਥੇ ਭਾਗ) ਨਹੀਂ ਹੁੰਦੇ, ਜੇ ਅਗੇ ਜਾ ਕੇ ਵੀ ਕੁਝ ਭੁਗਤਨਾ ਨਹੀਂ ਪੈਂਦਾ ਅਤੇ ਜੇ ਧਰਮਰਾਜ ਚਿਤ੍ਰ ਗੁਪਤ, ਜਮ, ਨਰਕ-ਸਵਰਗ ਵੀ ਨਹੀਂ ਹੁੰਦੇ ਤਾਂ ਫਿਰ ਮਨੁੱਖ ਇਥੇ ਜੋ ਮਰਜ਼ੀ ਪਿਆ ਕਰੇ ?

ਉੱਪਰ ਕੀਤੇ ਗਏ ਕੁਝ ਸਵਾਲਾਂ ਦੇ ਹੱਲ ਲੱਭਣ ਲਈ ਨਿਮਾਣਾ ਜਿਹਾ ਜਤਨ ਕਰਦੇ ਹਾਂ।

1. ਕੋਈ ਬੱਚਾ ਲੰਗੜਾ, ਪਿੰਗਲਾ ਜਾਂ ਅੰਨਾ ਪਿਛਲੇ ਜਨਮਾਂ ਦੇ ਕਰਮਾਂ ਕਰਕੇ ਨਹੀਂ ਬਲਕਿ ਮਾਂ ਪਿਓ ਦੀ ਨਸਲ 'ਚ ਪਿਛੋਂ ਚਲਦੀ ਆ ਰਹੀ ਕਿਸੀ ਕਮੀ (genetics disorder), ਮਾਨਸਿਕ ਤਨਾਵ ਕਾਰਨ ਹੁੰਦਾ ਹੈ। ਖਾਣ-ਪੀਣ ਦੀਆਂ ਗਲਤ ਆਦਤਾਂ, ਸਿਗਰੇਟ, ਸ਼ਰਾਬ, ਉਮਰ, ਅਣਗਹਿਲੀ, ਗਲਤ ਮਾਹੌਲ (environmental) ਆਦਿ ਵੀ ਜ਼ਿੰਮੇਵਾਰ ਕਾਰਨ ਹੋ ਸਕਦੇ ਹਨ। ਸਾਨੂੰ ਸਾਇੰਸ ਰਾਹੀਂ ਵਧ ਤੋਂ ਵਧ ਖੋਜਾਂ ਕਰਕੇ ਇਨ੍ਹਾਂ ਬਾਰੇ ਹੱਲ ਲਭਣੇ ਚਾਹੀਦੇ ਹਨ।

2. ਜੋ ਬੱਚੇ ਜੰਮਣ ਸਾਰ ਮਰ ਜਾਂਦੇ ਹਨ, ਉਸ ਦਾ ਕਾਰਨ ਗਰਭਵਤੀ ਮਾਂ ਲਈ ਅਸੁਖਾਵਾਂ ਮਹੌਲ, ਬੱਚੇ ਦਾ ਮਾਂ ਦੇ ਪੇਟ 'ਚ ਠੀਕ ਤਰ੍ਹਾਂ ਨਾ ਪਨਪਨਾ, ਅਗਿਆਨਤਾ ਕਾਰਨ ਮਾਂ ਪਿਓ ਵਲੋਂ ਕੀਤੀ ਗਈ ਅਣਗਹਿਲੀ ਅਤੇ ਅਨੇਕਾਂ ਹੋਰ ਖਾਮੀਆਂ, ਜੋ ਨੌਂ ਮਹੀਨੇ ਦੌਰਾਨ ਮਾਂ ਦੇ ਗਰਭ ਵਿਚ ਅਤੇ ਬੱਚਾ ਜੰਮਣ ਵੇਲੇ ਹੁੰਦੀਆਂ ਹਨ ਆਦਿ।

3. ਕਈ ਬੱਚੇ ਰੂੜੀ ਦੇ ਢੇਰ ਅਤੇ ਕਈ ਅਮੀਰ ਘਰ ਇਸ ਲਈ ਜੰਮਦੇ ਹਨ, ਕਿਉਂਕਿ ਸਾਡੇ ਨਿਜ਼ਾਮਾਂ, ਕੰਮਾਂ, ਧੰਧਿਆਂ ਅਤੇ ਜਾਇਦਾਦ ਦੇ ਐਸੇ ਸਮਾਜਕ ਅਤੇ ਆਰਥਕ ਢੰਗ ਬਣ ਗਏ ਹਨ ਕਿ ਅਮੀਰ ਹੋਰ ਅਮੀਰ ਹੋ ਰਿਹਾ ਹੈ ਤੇ ਗਰੀਬ ਹੋਰ ਗਰੀਬ। ਜੇ ਕਰ ਅਸੀਂ ਗਰੀਬ ਦੇ ਬੱਚੇ ਦਾ ਰੂੜੀ ਦੇ ਢੇਰ 'ਤੇ ਜੰਮਣ ਦਾ ਤਹਿ ਦਿਲੋਂ ਅਫਸੋਸ ਮਨਾਵਾਂਗੇ ਤਾਂ, ਅਸੀਂ ਵਿਚਾਰਾਂਗੇ ਕਿ ਇਕ ਅਮੀਰ ਵਲੋਂ ਕਈ ਗਰੀਬ ਪਰਿਵਾਰਾਂ ਦਾ ਧਿਆਨ ਰਖਿਆ ਜਾ ਸਕਦਾ ਹੈ। ਜੇ ਸਾਡਾ ਧਿਆਨ ਵੰਡ ਛਕਣ, ਕੰਮਾਂ ਦੇ ਵਾਧੇ, ਬਰਾਬਰਤਾ, ਸਾਂਝੀਵਾਲਤਾ, ਲੋਕ ਨਿਰਮਾਣ ਦੇ ਕੰਮਾਂ ਅਤੇ ਗਰੀਬਾਂ ਲਈ ਘਰ ਬਣਵਾਉਣ ਆਦਿ ਵੱਲ ਪੈ ਜਾਵੇ ਤਾਂ ਆਪੇ ਹੀ ਗਰੀਬੀ ਦੂਰ ਹੋ ਸਕਦੀ ਹੈ। ਅਗਿਆਨਤਾ ਵੱਸ ਅਸੀਂ ਕਿਸਮਤ, ਮਥੇ ਲਿਖੇ ਭਾਗ ਦੀ ਦਲੀਲ ਮੰਨੀ ਜਾਂਦੇ ਹਾਂ ਕਿਉਂਕਿ ਆਪਣੇ ਆਪ ਨੂੰ ਪਿਛਲੇ ਕਰਮਾਂ ਦੇ ਭਾਗਾਂ ਕਰਕੇ ਅਮੀਰ ਸਮਝਦੇ ਹਾਂ ਤੇ ਇਸੇ ਤਰ੍ਹਾਂ ਗਰੀਬ ਪਿਛਲੇ ਕਰਮਾਂ ਦੀ ਸਜ਼ਾ ਕਾਰਨ ਆਪਣੇ ਆਪ ਨੂੰ ਗਰੀਬ ਸਮਝਦੇ ਰਹਿੰਦੇ ਹਨ। ਕਾਸ਼ ! ਸਾਨੂੰ ਸਾਦਗੀ, ਵੰਡ ਛਕਣਾ, ਸਾਂਝੀਵਾਲਤਾ "ਏਕ ਪਿਤਾ ਏਕਸ ਕੇ ਹਮ ਬਾਰਿਕ" ਵਾਲਾ ਜੀਵਨ ਜਿਊਣਾ ਪਸੰਦ ਆ ਜਾਏ ਤਾਂ ਸਮਾਜਕ, ਆਰਥਕ ਬਰਾਬਰਤਾ ਵਾਲੇ ਸਮਾਜ 'ਚ ਕੋਈ ਬੱਚਾ ਰੂੜੀ 'ਤੇ ਨਹੀਂ ਜੰਮੇਗਾ।

4. ਜੋ ਲੋਕੀ ਸਰੀਰਕ ਮਰਨ ਮਗਰੋਂ ਅੱਗੇ ਦੇ ਡਰ ਕਾਰਨ, ਇਥੇ ਅਖੌਤੀ ਚੰਗੇ ਜਾਂ ਧਰਮੀ ਬਣਨ ਵਾਸਤੇ ਕੇਵਲ ਧਾਰਮਕ ਕਰਮਕਾਂਡ ਕਰਦੇ ਰਹਿੰਦੇ ਹਨ, ਉਹ ਆਤਮਕ ਉੱਚਤਾ ਵਾਲੀ ਸ਼ਖਸੀਅਤ ਅਤੇ ਇਨਸਾਨੀਅਤ ਭਰਪੂਰ ਜੀਵਨੀ ਨਹੀਂ ਬਣਾ ਪਾਉਂਦੇ। ਉਨ੍ਹਾਂ ਨੇ ਭਾਵੇਂ ਜਿਉਂਦਿਆਂ ਦਾਨ ਪੁੰਨ ਕੀਤਾ ਹੋਵੇ ਜਾਂ ਉਨ੍ਹਾਂ ਦੇ ਮਰਨ ਮਗਰੋਂ ਪਰਿਵਾਰ ਵਾਲਿਆਂ ਨੇ ਦਾਨ ਪੁੰਨ ਕਰਵਾਇਆ ਹੋਵੇ ਪਰ ਉਨ੍ਹਾਂ ਦੀ ਭਾਵਨਾ ਮਰਨ ਮਗਰੋਂ (ਅਖੌਤੀ) ਮੁਕਤੀ ਪ੍ਰਾਪਤੀ ਜਾਂ ਸਵਰਗ ਦੀ ਲਾਲਸਾ ਹੀ ਹੁੰਦੀ ਹੈ। ਜੋ ਮਨੁੱਖ ਸੋਚਦਾ ਹੈ ਕਿ ਮੈਂ ਇਥੇ ਜੋ ਮਰਜ਼ੀ ਐਸ਼ੋ-ਇਸ਼ਰਤ ਕਰ ਲਵਾਂ ਤਾਂ ਮੰਨਣਾ ਪਵੇਗਾ ਕਿ ਉਸਦਾ ਮਨ ਮੈਲਾ ਹੈ, ਜੋ ਉਸਨੂੰ ਭੈੜੀ ਜੀਵਨੀ ਵਲ ਪ੍ਰੇਰਿਤ ਕਰਦਾ ਹੈ। ਐਸੇ ਲੋਕੀ ਹੀ ਪਾਪ-ਪੁੰਨ ਦੀ ਵਿਚਾਰਧਾਰਾ 'ਚ ਵਿਸ਼ਵਾਸ ਰਖਦੇ ਹਨ। ਜਿਸ ਮਨੁੱਖ ਨੂੰ 'ਅੱਗੇ' (ਮਰਨ ਮਗਰੋਂ) ਦੇ ਕਿਸੀ 'ਲਾਲਚ' ਜਾਂ 'ਡਰ' ਦਾ ਰਤਾ ਵੀ ਖਿਆਲ ਨਹੀਂ, ਉਹ ਆਪਣਾ ਵਰਤਮਾਨ (present) ਜੀਵਨ ਜੇਕਰ 'ਜੀਵਨ ਮੁਕਤ' ਬਣਾਉਣਾ ਚਾਹੁੰਦਾ ਹੈ ਤਾਂ ਸੱਚ ਦੇ ਗਿਆਨ, ਸਤਿਗੁਰ (divine wisdom) ਦੇ ਅਧੀਨ ਜੀਵਨ ਦੀ ਉਚੀ ਉਸਾਰੀ ਕਰਕੇ, ਪਰਮਪਦ ਪ੍ਰਾਪਤ ਕਰਕੇ, ਗੁਰਮੁਖੀ ਸ਼ਖਸੀਅਤ ਬਣ ਸਕਦਾ ਹੈ।

## ਮਹਾ ਭਇਆਨ, ਤਰਣੀ ਨਦੀ, ਪੁਰਸਲਾਤ ਦਾ ਮਾਰਗ

ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਅਨੁਸਾਰ ਸੁਖਮਨੀ ਸਾਹਿਬ ਦੀ ਦੂਜੀ ਅਸ਼ਟਪਦੀ 'ਚੋਂ ਕੁਝ ਪਦੇ ਵਿਚਾਰੀਏ। ਸੁਖਮਨੀ ਸਾਹਿਬ ਦੀ ਬਾਣੀ 'ਚ 24 ਅਸ਼ਟਪਦੀਆਂ ਹਨ ਅਤੇ ਹਰੇਕ ਅਸ਼ਟਪਦੀ ਉਪਰ ਇਕ-ਇਕ ਸਲੋਕ ਹੈ, ਭਾਵ 24 ਹੀ ਸਲੋਕ ਹਨ। ਹਰੇਕ ਅਸ਼ਟਪਦੀ ਨੂੰ ਵਿਚਾਰਨ ਲਈ ਸਲੋਕ ਦੇ ਅਰਥਾਂ ਨਾਲ ਰਲਾ ਕੇ ਸਮਝਣਾ ਬਹੁਤ ਜ਼ਰੂਰੀ ਹੈ। ਇਸ ਅਸ਼ਟਪਦੀ ਦਾ ਸਲੋਕ ਹੈ :- **"ਦੀਨ ਦਰਦ ਦੁਖ ਭੰਜਨਾ ਘਟਿ ਘਟਿ ਨਾਥ ਅਨਾਥ।। ਸਰਣਿ ਤੁਮ੍ਹਾਰੀ ਆਇਓ ਨਾਨਕ ਕੇ ਪ੍ਰਭ ਸਾਥ।।"** (ਗੁਰੂ ਗ੍ਰੰਥ ਸਾਹਿਬ ਪੰਨਾ : 263-264)

ਅਸੀਂ ਮੰਨਦੇ ਹਾਂ ਕਿ ਰੱਬ ਜੀ ਇਸ ਸ੍ਰਿਸ਼ਟੀ 'ਚ ਹਾਜ਼ਰ ਨਾਜ਼ਰ (omnipresent) ਹਨ ਅਤੇ ਸਾਡੇ ਹਿਰਦੇ 'ਚ ਵੀ ਵਸਦੇ ਹਨ। ਰੱਬ ਜੀ ਦੀ ਹਾਜ਼ਰ ਨਾਜ਼ਰਤਾ ਮਹਿਸੂਸ ਕਰਨ ਲਈ ਮਨੁੱਖ ਨੂੰ, 'ਸਤਿਗੁਰ'

ਅਨੁਸਾਰ ਮਤ ਪ੍ਰਾਪਤ ਕਰਨੀ ਹੈ। ਰੱਬ ਜੀ ਕਿਤੇ ਸਤਵੇਂ ਅਸਮਾਨ, ਪਾਤਾਲ, ਬੈਕੁੰਠ ਜਾਂ ਸਚ ਖੰਡ ਵਿਚ ਵਸਦੇ ਹਨ ਕਿ ਨਹੀਂ, ਪਤਾ ਨਹੀਂ ਪਰ **"ਇਹ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ"** ਅਤੇ **"ਅਗਮ ਰੂਪ ਕਾ ਮਨ ਮਹਿ ਥਾਨਾ"** ਅਤੇ **"ਬਾਹਰਿ ਭੀਤਰਿ ਏਕੋ ਜਾਨਹੁ"** ਜੈਸੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਮਾਣਾਂ ਰਾਹੀਂ ਇਹੀ ਦੱਸਿਆ ਹੈ ਕਿ ਰੱਬ ਜੀ ਇਥੇ ਹੀ ਮੇਰੇ ਹਿਰਦੇ ਅਤੇ ਸਭ ਜੀਵਾਂ 'ਚ ਹਨ। ਮਨੁੱਖ ਗਿਆਨ-ਗੁਰ (ਸਤਿਗੁਰ) ਅਨੁਸਾਰ ਰੱਬੀ ਸ਼ਰਣ 'ਚ ਜਿਊ ਕੇ ਹੀ ਅਮਲੀ ਗੁਣਾਂ ਭਰਪੂਰ ਜੀਵਨੀ ਮਹਿਸੂਸ ਕਰ ਸਕਦਾ ਹੈ।

**ਪਦਾ ਪਹਿਲਾ:- ਜਹ ਮਾਤ ਪਿਤਾ ਸੁਤ ਮੀਤ ਨ ਭਾਈ।।**

**ਮਨ ਊਹਾ ਨਾਮੁ ਤੇਰੈ ਸੰਗਿ ਸਹਾਈ।।**

'ਜਹ' ਦੇ ਅਰਥ ਹਨ 'ਜਿਥੇ' ਭਾਵ ਜ਼ਿੰਦਗੀ ਜਿਊਂਦਿਆਂ ਮਨੁੱਖ ਜੋ ਵੀ ਮਾੜੇ ਖਿਆਲ, ਮਾੜੇ ਫੁਰਨੇ, ਮਾੜੀ ਸੋਚ ਸੋਚਦਾ ਹੈ, ਉਸ ਸੋਚ ਰੂਪੀ ਰਸਤੇ 'ਚ ਕੋਈ ਵੀ ਮਾਤਾ, ਪਿਤਾ, ਭੈਣ, ਭਰਾ, ਮਿਤਰ (ਸਰੀਰਕ ਕੋਈ ਵੀ ਸਾਥੀ) ਸਹਾਇਤਾ ਨਹੀਂ ਕਰ ਸਕਦਾ। ਪਰ ਐਸੇ 'ਅੰਤਰ ਆਤਮੇ' ਦੇ ਰਸਤੇ ਲਈ ਕੇਵਲ ਰੱਬ ਜੀ ਦਾ ਨਾਮ ਭਾਵ ਰੱਬੀ ਗਿਆਨ (ਸਤਿਗੁਰ) ਹੀ ਮਨੁੱਖ ਦਾ ਸੰਗ ਸਹਾਈ ਹੁੰਦਾ ਹੈ।

**ਜਹ ਮਹਾ ਭਇਆਨ ਦੂਤ ਜਮ ਦਲੈ।।**

**ਤਹ ਕੇਵਲ ਨਾਮੁ ਸੰਗਿ ਤੇਰੈ ਚਲੈ।।**

ਜਿਥੇ (ਅੰਤਰ ਆਤਮੇ ਦੇ ਰਸਤੇ 'ਤੇ) ਮਹਾ ਜਮਦੂਤਾਂ (ਵਿਕਾਰਾਂ) ਦਾ ਦਲ ਤੇਰੇ 'ਤੇ ਹਮਲਾ (attack) ਕਰਦਾ ਹੈ, ਉਥੇ ਵੀ ਕੇਵਲ ਰੱਬੀ ਨਾਮ (ਸਤਿਗੁਰ, wisdom) ਹੀ ਤੈਨੂੰ ਵਿਕਾਰਾਂ ਨਾਲ ਮੁਕਾਬਲਾ ਕਰਨ ਵਿਚ ਸਾਥ ਦਿੰਦਾ ਹੈ।

**ਜਹ ਮੁਸਕਲ ਹੋਵੈ ਅਤਿ ਭਾਰੀ।।**

**ਹਰਿ ਕੋ ਨਾਮੁ ਖਿਨ ਮਾਹਿ ਉਧਾਰੀ।।**

ਇਸ ਜ਼ਿੰਦਗੀ ਨੂੰ ਜਿਊਂਦਿਆਂ ਵਿਕਾਰਾਂ ਕਾਰਨ ਮਨੁੱਖ ਨੂੰ ਭਾਰੀ ਮੁਸ਼ਕਲ 'ਚ ਪੈਣਾ ਪੈਂਦਾ ਹੈ, (ਆਤਮਕ ਮੌਤ ਹੁੰਦੀ ਹੈ) ਉਥੇ ਵੀ ਪਰਮਾਤਮਾ ਦਾ ਨਾਮ (ਰੱਬੀ ਗਿਆਨ) ਹੀ ਮੁਸ਼ਕਲ ਤੋਂ ਛੁਡਾ ਲੈਂਦਾ ਹੈ। ਭਾਵ ਸੱਚ ਦਾ ਗਿਆਨ ਮਨ ਨੂੰ ਵਿਕਾਰਾਂ ਭਰੀ ਮੁਸ਼ਕਲ ਤੋਂ ਛੁੱਟਣ ਦਾ ਹਲ ਸਮਝਾ ਦਿੰਦਾ ਹੈ।

**ਅਨਿਕ ਪੁਨਹਚਰਨ ਕਰਤ ਨਹੀ ਤਰੈ।।**

**ਹਰਿ ਕੋ ਨਾਮੁ ਕੋਟਿ ਪਾਪ ਪਰਹਰੈ।।**

ਮਨੁੱਖ ਧਾਰਮਕ ਕਰਮਕਾਂਡਾਂ ਦਾ ਪੱਲਾ ਅਖੌਤੀ ਪਾਪਾਂ ਦੀ ਨਵਿਰਤੀ ਲਈ ਫੜਦਾ ਹੈ ਪਰ ਉਸ ਨਾਲ, ਆਤਮਕ ਉੱਚਤਾ ਪ੍ਰਾਪਤ ਨਹੀਂ ਹੁੰਦੀ, ਜਿਸ ਕਾਰਨ ਮਨੁੱਖ ਵਿਕਾਰਾਂ ਵਸ ਮੰਦ ਕਰਮੀ ਹੋ ਜਾਂਦਾ ਹੈ। ਉਥੇ ਵੀ ਸਰੀਰਕ ਜੀਵਨ ਜਿਊਂਦਿਆਂ ਆਤਮਕ ਉੱਚਤਾ ਲਈ, ਰੱਬੀ ਨਾਮ (divine wisdom, ਸਤਿਗੁਰ) ਸਹਾਈ ਹੋ ਕੇ, ਮਨੁੱਖ ਨੂੰ ਮੰਦੇ ਕਰਮਾਂ ਤੋਂ ਬਚਾ ਲੈਂਦਾ ਹੈ।

**ਗੁਰਮੁਖਿ ਨਾਮੁ ਜਪਹੁ ਮਨ ਮੇਰੇ।।**

**ਨਾਨਕ ਪਾਵਹੁ ਸੂਖ ਘਨੇਰੇ।।੧।।**

ਇਸ ਕਰਕੇ ਐ ਮੇਰੇ ਮਨ, ਸਤਿਗੁਰ, ਸੱਚ ਦੇ ਗਿਆਨ ਰਾਹੀਂ ਰੱਬੀ ਗੁਣਾਂ ਭਰਪੂਰ ਅਮਲੀ ਜੀਵਨੀ ਬਣਾ ਤਾਂ ਤੈਨੂੰ ਆਤਮਕ ਸੁਖਾਂ ਦੇ ਭੰਡਾਰ (ਬੇਅੰਤ, ਘਣੇਰੇ ਸੁਖ) ਪ੍ਰਾਪਤ ਹੋ ਜਾਣਗੇ।

**ਸਗਲ ਸ੍ਰਿਸਟਿ ਕੋ ਰਾਜਾ ਦੁਖੀਆ।।**

**ਹਰਿ ਕਾ ਨਾਮੁ ਜਪਤ ਹੋਇ ਸੁਖੀਆ।।**

ਮਨੁੱਖ ਸਾਰੀ ਸ੍ਰਿਸ਼ਟੀ ਦਾ ਰਾਜ ਕਮਾ ਕੇ ਵੀ ਦੁਖੀ (ਤ੍ਰਿਪਤ ਨਹੀਂ ਹੁੰਦਾ) ਰਹਿੰਦਾ ਹੈ ਪਰ ਸਤਿਗੁਰ (divine wisdom) ਰਾਹੀਂ ਉਸੇ ਰਾਜ ਵਿਚ ਸੰਤੋਖੀ ਅਵਸਥਾ ਮਾਣ ਸਕਦਾ ਹੈ ਅਤੇ ਆਤਮਕ ਤੌਰ 'ਤੇ ਸੁਖੀ ਹੋ ਸਕਦਾ ਹੈ।

**ਲਾਖ ਕਰੋਰੀ ਬੰਧੁ ਨ ਪਰੈ।।**

**ਹਰਿ ਕਾ ਨਾਮੁ ਜਪਤ ਨਿਸਤਰੈ।।**

ਅਨੇਕ ਤਰੀਕਿਆਂ ਨਾਲ ਮਾਇਆ ਅਤੇ ਪਦਾਰਥ ਭੋਗਣ ਤੋਂ ਬਾਅਦ ਵੀ ਮਨੁੱਖ ਦੀ ਤ੍ਰਿਸ਼ਨਾ ਹੋਰ ਵਧਦੀ ਜਾਂਦੀ ਹੈ ਅਤੇ ਕਿਸੇ ਵੀ ਤਰੀਕੇ ਨਾਲ ਰੁਕ ਨਹੀਂ ਸਕਦੀ। ਗਿਆਨ ਗੁਰੂ ਅਨੁਸਾਰ ਰੱਬੀ ਗੁਣਾਂ ਵਾਲਾ ਜੀਵਨ ਅਮਲੀ ਤੌਰ 'ਤੇ ਜਿਊ ਕੇ, ਮਨੁੱਖ ਵਿਕਾਰਾਂ ਦੇ ਤ੍ਰਿਸ਼ਨਾ ਰੂਪੀ ਭਵਜਲ 'ਚ ਡੁਬਣ ਤੋਂ ਬਚ ਜਾਂਦਾ ਹੈ।

**ਜਿਹ ਮਾਰਗ ਇਹੁ ਜਾਤ ਇਕੇਲਾ।।**

**ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ।।**

ਆਤਮਕ ਹਨੇਰੇ ਕਾਰਨ ਅਗਿਆਨਤਾ ਵਸ, ਜਿਸ ਸੋਚ ਰੂਪੀ ਰਸਤੇ ਤੋਂ ਭਾਵ ਵਿਕਾਰਾਂ ਦੀਆਂ ਤੰਗ ਗਲੀਆਂ 'ਚੋਂ ਮਨੁੱਖ ਇਕੱਲਾ ਲੰਘਦਾ ਹੈ, ਉਥੇ ਵੀ ਗਿਆਨ ਗੁਰੂ (divine wisdom) ਹੀ ਇਸ ਨੂੰ ਚਿੰਤਾ ਫਿਕਰ ਤੋਂ ਬਚਾ (protect) ਕੇ ਸੁਖੀ ਆਤਮਕ ਅਵਸਥਾ ਦਿੰਦਾ ਹੈ।

**ਐਸਾ ਨਾਮੁ ਮਨ ਸਦਾ ਧਿਆਈਐ।।**

**ਨਾਨਕ ਗੁਰਮੁਖਿ ਪਰਮ ਗਤਿ ਪਾਈਐ।।੨।।**

ਐਸਾ ਰੱਬੀ ਨਾਮ, ਕੇਵਲ ਰੱਬੀ-ਗੁਣਾਂ ਭਰਪੂਰ ਜੀਵਨੀ ਜਿਊ ਕੇ ਪ੍ਰਾਪਤ ਹੁੰਦਾ ਹੈ। ਇਸ ਲਈ ਐ ਮੇਰੇ ਮਨ, ਤੂੰ ਸਤਿਗੁਰ ਅਨੁਸਾਰ ਜਿਊਂਦਿਆਂ ਹੀ 'ਜੀਵਨ ਮੁਕਤ' ਅਵਸਥਾ (ਪਰਮਗਤ) ਪ੍ਰਾਪਤ ਕਰ ਲੈ।

**ਛੂਟਤ ਨਹੀ ਕੋਟਿ ਲਖ ਬਾਹੀ।।**

**ਨਾਮੁ ਜਪਤ ਤਹ ਪਾਰਿ ਪਰਾਹੀ।।**

ਮਨੁੱਖ ਦਾ ਮਨ ਦੋਸਤਾਂ, ਮਿੱਤਰਾਂ, ਭਰਾਵਾਂ, ਕੁੜਮਾਂ ਰੂਪੀ ਅਨੇਕ ਬਾਹਵਾਂ ਦਾ ਮਾਣ ਕਰਦਾ ਹੈ ਪਰ ਐਸੀਆਂ ਲੱਖਾਂ ਕਰੋੜਾਂ ਬਾਹਵਾਂ ਮਨੁੱਖ ਦੇ ਮਨ ਨੂੰ ਵਿਕਾਰਾਂ ਦੀਆਂ ਜੰਜੀਰਾਂ ਅਤੇ ਮਨ ਦੇ ਭਰਮ ਜਾਲ ਤੋਂ ਆਤਮਕ ਤੌਰ 'ਤੇ ਨਹੀਂ ਛੁਡਾ ਸਕਦੀਆਂ। ਕੇਵਲ ਰੱਬੀ ਨਾਮ (ਸਤਿਗੁਰ, divine wisdom) ਹੀ ਵਿਕਾਰਾਂ ਦੇ ਭਵਜਲ ਤੋਂ, ਇਨ੍ਹਾਂ ਜੰਜੀਰਾਂ ਤੋਂ ਛੁੜਾ ਕੇ ਬੰਧਨ-ਮੁਕਤ ਕਰਵਾ ਸਕਦਾ ਹੈ।

**ਅਨਿਕ ਬਿਘਨ ਜਹ ਆਇ ਸੰਘਾਰੈ।।**

**ਹਰਿ ਕਾ ਨਾਮੁ ਤਤਕਾਲ ਉਧਾਰੈ।।**

ਵਿਕਾਰਾਂ ਰੂਪੀ ਵਿਘਨ (ਬੰਧਨ) ਜਦੋਂ ਮਨੁੱਖ ਦੇ ਸੋਚ ਮੰਡਲ 'ਤੇ ਆਪਣਾ ਵਾਰ ਕਰਦੇ ਹਨ ਤਾਂ ਵੀ ਰੱਬੀ ਨਾਮ (ਸਤਿਗੁਰ) ਹੀ ਰੁਕਾਵਟਾਂ ਦੂਰ ਕਰਦਾ ਹੈ।

**ਅਨਿਕ ਜੋਨਿ ਜਨਮੈ ਮਰਿ ਜਾਮ।।**

**ਨਾਮੁ ਜਪਤ ਪਾਵੈ ਬਿਸ੍ਰਾਮ।।**

ਜੀਵਨ ਜਿਊਂਦਿਆਂ ਮਨੁੱਖ ਵਿਕਾਰਾਂ ਕਾਰਨ ਆਤਮਕ ਮੌਤ ਵਿਚ ਪੈ ਕੇ ਪਲ-ਪਲ, ਅਨੇਕ ਜੂਨਾਂ 'ਚ ਜੰਮਦਾ-ਮਰਦਾ ਰਹਿੰਦਾ ਹੈ, ਭਾਵ ਨੀਵੀਂ ਮਾੜੀ ਬਰਤੀ ਕਾਰਨ ਪਸ਼ੂ-ਪੰਛੀਆਂ ਵਾਲੇ ਕਰਮ ਕਰਦਾ ਰਹਿੰਦਾ ਹੈ। ਸਿੱਟੇ ਵਜੋਂ ਮਨੁੱਖ, ਅਸ਼ਾਂਤ ਜੀਵਨੀ ਦਾ ਸ਼ਿਕਾਰ ਹੋ ਜਾਂਦਾ ਹੈ। ਪਰ ਸਤਿਗੁਰ ਅਨੁਸਾਰ ਆਪਣੀ ਬਿਰਤੀ ਬਦਲ ਕੇ ਰੱਬੀ ਗੁਣ ਜਿਊ ਕੇ ਆਤਮਕ ਬਿਸ੍ਰਾਮ (ਸੰਤੋਖੀ-ਸਹਿਜ) ਵਾਲੀ ਅਵਸਥਾ ਪ੍ਰਾਪਤ ਕਰ ਸਕਦਾ ਹੈ।

**ਹਉ ਮੈਲਾ ਮਲੁ ਕਬਹੁ ਨ ਧੋਵੈ।।**

**ਹਰਿ ਕਾ ਨਾਮੁ ਕੋਟਿ ਪਾਪ ਖੋਵੈ।।**

ਹਉਮੈ ਕਾਰਨ ਮਨ ਮੈਲਾ ਹੋ ਜਾਂਦਾ ਹੈ। ਇਸ ਮੈਲ ਨੂੰ ਮਨੁੱਖ ਕਦੇ ਧੋਂਦਾ ਹੀ ਨਹੀਂ, ਬਲਕਿ ਹੋਰ ਮਾੜੇ ਕਰਮਾਂ 'ਚ ਖੱਚਤ ਹੁੰਦਾ ਜਾਂਦਾ ਹੈ। ਹਰੀ ਨਾਮ ਭਾਵ ਗਿਆਨ-ਗੁਰੂ ਹੀ ਉਸਨੂੰ ਇਸ ਮੈਲ (ਹੰਕਾਰ) ਦੀ ਸੋਝੀ ਬਖ਼ਸ਼ ਕੇ ਮਾੜੇ ਕਰਮਾਂ ਤੋਂ ਛੁਡਾ ਲੈਂਦਾ ਹੈ।

**ਐਸਾ ਨਾਮੁ ਜਪਹੁ ਮਨ ਰੰਗਿ।।**

**ਨਾਨਕ ਪਾਈਐ ਸਾਧ ਕੈ ਸੰਗਿ।।੩।।**

ਐਸਾ ਹਰੀ ਨਾਮ ਭਾਵ ਰੱਬੀ ਗੁਣ ਸਤਿਗੁਰ ਰਾਹੀਂ ਪ੍ਰਾਪਤ ਹੁੰਦੇ ਹਨ, ਇਸ ਲਈ ਐ ਮੇਰੇ ਮਨ, ਸਤਿਗੁਰ ਅਨੁਸਾਰ ਰੱਬੀ ਗੁਣਾਂ ਭਰਪੂਰ ਜੀਵਨ ਜਿਊ ਤਾ ਕਿ ਤੇਰੇ ਸਾਰੇ ਕਰਮ ਰੱਬੀ ਇਕਮਿਕਤਾ ਵਾਲੇ ਹੋ ਜਾਣ (ਭਾਵ ਤੈਨੂੰ ਰੱਬ ਵਿਸਰੇਗਾ ਹੀ ਨਹੀਂ)।

**ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ।।**

**ਹਰਿ ਕਾ ਨਾਮੁ ਊਹਾ ਸੰਗਿ ਤੋਸਾ।।**

ਜਿਸ ਵਿਛੋੜੇ ਰੂਪੀ ਰਸਤੇ ਦੇ ਕੋਹ (ਮੁਸ਼ਕਲ, ਵਿਕਾਰ) ਗਿਣੇ ਨਹੀਂ ਜਾ ਸਕਦੇ, ਉਨ੍ਹਾਂ ਮੁਸ਼ਕਲਾਂ ਭਰੇ ਪੈਂਡੇ 'ਤੇ ਰੱਬੀ ਗਿਆਨ (ਤੋਸਾ ਸੰਤੋਖ ਰੂਪੀ ਭੋਜਨ) ਜਿਊਂਦੇ ਜੀਅ ਹੀ ਤੇਰਾ ਸਾਥ ਦੇਵੇਗਾ ਭਾਵ ਤੈਨੂੰ ਵਿਕਾਰਾਂ 'ਚੋਂ ਨਿਕਲਣ ਵਿਚ ਮਦਦ ਕਰੇਗਾ।

**ਜਿਹ ਪੈਡੇ ਮਹਾ ਅੰਧ ਗੁਬਾਰਾ।।**

**ਹਰਿ ਕਾ ਨਾਮੁ ਸੰਗਿ ਉਜੀਆਰਾ।।**

ਜ਼ਿੰਦਗੀ ਵਿਚ ਜਿਹੜਾ ਅਗਿਆਨਤਾ ਦਾ ਹਨੇਰਾ ਹੈ, ਪਰਮਾਤਮਾ ਦਾ ਸਰਵ-ਵਿਆਪੀ ਗਿਆਨ ਉਸ ਜੀਵਨ ਰੂਪੀ ਰਸਤੇ ਨੂੰ ਉਜਿਆਰਾ ਕਰ ਦੇਵੇਗਾ।

**ਜਹਾ ਪੰਥਿ ਤੇਰਾ ਕੋ ਨ ਸਿਞਾਨੂ।।**

**ਹਰਿ ਕਾ ਨਾਮੁ ਤਹ ਨਾਲਿ ਪਛਾਨੂ।।**

ਵਿਕਾਰਾਂ ਕਾਰਨ ਜਿਸ ਆਤਮਕ ਰਸਤੇ ਉੱਤੇ ਐ ਮਨੁੱਖ ਤੇਰਾ ਕੋਈ ਸਹਾਈ ਨਹੀ, ਉਥੇ ਕੇਵਲ ਪਰਮਾਤਮਾ ਦੇ ਗਿਆਨ ਰੂਪੀ ਚਾਨਣ ਨੂੰ ਆਪਣਾ ਸਾਥੀ ਬਣਾ ਲੈ।

**ਜਹ ਮਹਾ ਭਇਆਨ ਤਪਤਿ ਬਹੁ ਘਾਮ।।**

**ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ।।**

ਜਿਸ ਆਤਮਕ ਸਫ਼ਰ ਵਿਚ ਵਿਕਾਰਾਂ (ਕ੍ਰੋਧ, ਅਹੰਕਾਰ, ਤ੍ਰਿਸ਼ਨਾ, ਈਰਖਾ) ਦੀ ਤਪਸ਼ ਤੇ ਗਰਮੀ (ਤਪਤ ਬਹੁ ਘਾਮ) ਹੈ ਉਥੇ ਆਤਮਕ ਉੱਚਤਾ ਲਈ ਰੱਬੀ ਨਾਮ, ਰੱਬ ਜੀ ਦਾ ਗਿਆਨ, ਸਤਿਗੁਰ, (universal truth) ਹੀ ਤੈਨੂੰ ਛਾਮ ਛਾਂ, ਠੰਡਕ, ਸ਼ੀਤਲਤਾ (protection) ਦਿੰਦਾ ਹੈ।

**ਜਹਾ ਤ੍ਰਿਖਾ ਮਨ ਤੁਝੁ ਆਕਰਖੈ।।**

**ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ।।੪।।**

ਜਿਥੇ ਤੈਨੂੰ ਐਸੀ ਪਿਆਸ (ਤ੍ਰਿਸ਼ਨਾ) ਲਗ ਗਈ ਹੈ, ਜਿਹੜੀ ਬੁੱਝਦੀ ਨਹੀਂ (ਲੋਭ, ਲਾਲਚ ਵਾਲੀ ਅਵਸਥਾ) ਉਥੇ ਪ੍ਰਭੂ ਦਾ ਨਾਮ (ਗਿਆਨ, divine wisdom) ਅੰਮ੍ਰਿਤ ਰੂਪੀ ਬਰਖਾ ਨਾਲ ਤੇਰੀ ਤ੍ਰਿਸ਼ਨਾ ਮੁਕਾ ਦਿੰਦਾ ਹੈ, ਬੁਝਾ ਦਿੰਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ 'ਜਿਹ ਮਾਰਗ' ਬਾਰੇ ਅਸੀਂ ਵਿਚਾਰਨ ਦੀ ਕੋਸ਼ਿਸ਼ ਕੀਤੀ ਹੈ। ਲੋਕੀ ਸਮਝਦੇ ਹਨ 'ਜਿਹ ਮਾਰਗ' ਮਰਨ ਮਗਰੋਂ ਕੋਈ ਰਸਤਾ, ਤਰਣੀ ਨਦੀ, ਪੁਰਸਲਾਤ ਆਦਿ ਹੈ। ਪਰ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੱਧਾਂਤ ਅਨੁਸਾਰ 'ਜਿਹ ਮਾਰਗ' ਦਾ ਭਾਵ ਅਰਥ ਇਸੇ ਜੀਵਨ ਨੂੰ ਜਿਊਂਦਿਆਂ ਮਨੁੱਖ ਦੀ ਆਤਮਕ ਦਸ਼ਾ ਹੈ, ਜਿਸ ਤੋਂ ਮਨੁੱਖ ਚੰਗੇ ਮੰਦੇ ਖ਼ਿਆਲ, ਫੁਰਨੇ ਅਤੇ ਸੋਚ (thoughts) ਕਾਰਨ ਲੰਘਦਾ ਹੈ।

ਜਦੋਂ ਮਨੁੱਖ (ਚੰਗੀ-ਮੰਦੀ ਸੋਚਨੀ, ਸੰਸਕਾਰਾਂ, ਖਿਆਲਾਂ, ਫੁਰਨਿਆਂ, ਅਨੁਸਾਰ) ਕੁਝ ਵੀ ਸੋਚਦਾ ਹੈ, ਉਹ ਸੋਚ ਉਸ ਮਨੁੱਖ ਦੇ ਇਸੇ ਜੀਵਨ 'ਚ ਜਿਊਂਦਿਆਂ ਅਗਲੇ ਪਲ ਲਈ 'ਜਿਹ ਮਾਰਗ' ਬਣ ਜਾਂਦਾ ਹੈ। ਮਨੁੱਖ ਆਪ ਹੀ ਬੀਜ ਕੇ, ਆਪ ਹੀ ਵਡਦਾ ਹੈ। ''ਜੇਹਾ ਬੀਜੈ ਸੋ ਲੁਣੈ'' ਭਾਵ ਆਪਣਾ 'ਅੱਗੇ' ਆਉਣ ਵਾਲਾ ਪਲ ਮਨੁੱਖ ਆਪ ਬਣਾਉਂਦਾ ਹੈ, ਉਸ ਪਲ ਤੋਂ ਹੀ ਮਨੁੱਖ ਦਾ ਕਲ (future) ਬਣਦਾ ਹੈ। ਮਨੁੱਖ ਅਗਿਆਨਤਾ ਵਸ (ਦੁਰਮਤ ਕਾਰਨ) 'ਗਲਤ-ਜੀਵਨ' ਬਣਾ ਲੈਂਦਾ ਹੈ, ਪਰ ਸਤਿਗੁਰ ਅਨੁਸਾਰ ਸੁਰਤ, ਮਤ, ਮਨ, ਬੁਧ ਘੜ ਕੇ 'ਸਹੀ-ਜੀਵਨੀ' ਭਾਵ ਨਵੇਂ ਜੀਵਨ ਦੀ ਉਸਾਰੀ ਕਰ ਸਕਦਾ ਹੈ।

## ਆਗੈ

### ਸਿਰੀਰਾਗੁ ਮਹਲਾ ੧

**ਭਾਈ ਰੇ ਰਾਮੁ ਕਹਹੁ ਚਿਤੁ ਲਾਇ।।**

**ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ।।੧।।ਰਹਾਉ।।**

(ਗੁਰੂ ਗ੍ਰੰਥ ਸਾਹਿਬ, ਪੰਨਾ : 22)

**ਪਦਾ ਰਹਾਉ :-** ਐ ਮਨੁੱਖ, ਰਾਮ ਨਾਮ ਦੇ ਜੱਸ ਦਾ ਸੌਦਾ (ਵਖਰ) ਲੈ ਕੇ ਤੁਰੋ। ਇਸ ਜੀਵਨ ਦਾ ਸਫਰ ਜਿਊਂਦਿਆਂ ਰੱਬੀ ਗੁਣਾਂ (ਹਰਿ ਜਸ) ਵਾਲੇ ਜੀਵਨ ਦੀ ਚਾਲ ਚਲੋ ਤਾਂ ਆਪਣੇ ਅੰਤਰ ਆਤਮੇ 'ਚ ਬੈਠੇ ਰੱਬ ਜੀ

(ਸ਼ਹੁ) ਖੁਸ਼ ਹੋ ਜਾਂਦੇ ਹਨ। ਭਾਵ ਜਦੋਂ ਮਨੁੱਖ ਰੱਬੀ ਗੁਣਾਂ ਵਾਲਾ ਜੀਵਨ ਜਿਊਂਦਾ ਹੈ ਤਾਂ ਉਹ ਸਦੀਵੀ ਵਿਗਾਸ ਦੀ ਅਵਸਥਾ ਮਾਣਦਾ ਹੈ।

**ਪਦਾ ਪਹਿਲਾ:- ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ।। ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ।। ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ।।੧।।**

ਮਨੁੱਖ ਨੂੰ, ਰਾਮ ਨਾਮ ਦੇ ਸੌਦੇ ਦਾ ਵਣਜ ਕਰਕੇ, ਭਾਵ ਰੱਬੀ ਗੁਣਾਂ ਨੂੰ ਸੰਭਾਲਣਾ ਚਾਹੀਦਾ ਹੈ, ਕਿਉਂਕਿ ਹਰੇਕ ਜਗ੍ਹਾ ਹਰ ਮੌਕੇ 'ਤੇ ਰੱਬੀ ਗੁਣ ਹੀ ਸਹਾਈ ਹੁੰਦੇ ਹਨ। ਸਾਡੇ ਅੰਦਰ ਬੈਠੇ ਰੱਬ ਜੀ, ਵੇਖ ਰਹੇ ਹਨ ਕਿ ਮਨੁੱਖ, ਰੱਬੀ ਗੁਣ ਜਿਊ ਰਿਹਾ ਹੈ ਜਾਂ ਮੰਦੇ ਕਰਮਾਂ 'ਚ ਖੱਚਤ ਹੈ। ਇਹੋ "**ਕਰਮੀ ਆਪੋ ਆਪਣੀ ਕੇ ਨੇੜੇ ਕੇ ਦੂਰ**" ਕਹਿਲਾਉਂਦਾ ਹੈ। "**ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ।।" ਅਨੁਸਾਰ ਮਨੁੱਖ ਦਾ ਅੰਤਰ ਆਤਮੇ ਰੂਪੀ ਤਰਾਜ਼ੂ ਮਾੜੀ ਜਾਂ ਚੰਗੀ ਸੋਚਣੀ ਦਾ ਫ਼ੈਸਲਾ ਕਰਦਾ ਹੈ। ਜੈਸੇ ਖਿਆਲਾਂ ਦਾ ਜੀਵਨ ਮਨੁੱਖ ਜਿਊਂਦਾ ਹੈ, ਵੈਸੀ ਹੀ, ਆਪਣੇ ਅਗਲੇ ਆਉਣ ਵਾਲੇ ਪਲ (ਸਮੇਂ) ਲਈ ਉਸਾਰੀ ਕਰਦਾ ਜਾਂਦਾ ਹੈ। ਇਹੋ 'ਅਗੈ' ਦਾ ਭਾਵ ਅਰਥ ਹੈ। ਤੇਰੇ ਅੰਤਰ ਆਤਮੇ ਵਿਚ, ਹਿਰਦੇ (ਪਰਲੋਕ) ਵਿਚ ਬੈਠੇ ਰੱਬ ਜੀ ਰੱਬੀ ਗੁਣਾਂ ਰੂਪੀ ਕਸਵਟੀ 'ਤੇ ਹੀ ਤੈਨੂੰ ਕਬੂਲ ਕਰਦੇ ਹਨ।**

**ਪਦਾ ਦੂਜਾ:- ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ।। ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ।। ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ।।੨।।**

ਜਿਨ੍ਹਾਂ ਮਨੁੱਖਾਂ ਕੋਲ ਸੱਚੇ ਨਾਮ (ਸਤਿਗੁਰ, ਸੱਚ ਦੇ ਗਿਆਨ) ਦੀ ਰਾਸ (ਪੂੰਜੀ) ਨਹੀਂ ਹੈ, ਉਨ੍ਹਾਂ ਨੂੰ ਕਦੀ ਵੀ ਆਤਮਕ ਚੈਨ (ਸੁਖ) ਨਹੀਂ ਮਿਲਦਾ। ਖੋਟੇ ਕੰਮਾਂ (ਅਵਗੁਣ, ਮੰਦੇ ਕਰਮ) ਦੀ ਕਮਾਈ ਕਰਕੇ 'ਤਨ ਅਤੇ ਮਨ' ਵੀ ਖੋਟਾ ਹੀ ਹੋ ਜਾਂਦਾ ਹੈ ਭਾਵ ਮਨ ਮੈਲਾ, ਅਸ਼ਾਂਤ ਅਤੇ ਦੁਖੀ ਹੋ ਜਾਂਦਾ ਹੈ। ਜਿਵੇਂ ਫਾਹੀ 'ਚ ਫਸਿਆ ਹਿਰਨ (ਮ੍ਰਿਗ) ਦੁਖੀ ਹੁੰਦਾ ਹੈ ਉਵੇਂ ਵਿਕਾਰਾਂ ਦੀ ਫਾਹੀ 'ਚ ਮਨੁੱਖ ਇਸੇ ਜੀਵਨ ਕਾਲ 'ਚ ਜਿਊਂਦੇ-ਜੀਅ ਦੁਖੀ ਰਹਿੰਦਾ ਹੈ।

**ਪਦਾ ਤੀਜਾ:- ਖੋਟੈ ਪੋਤੈ ਨਾ ਪਵਹਿ ਤਿਨ ਹਰਿ ਗੁਰ ਦਰਸੁ ਨ ਹੋਇ।। ਖੋਟੇ ਜਾਤਿ ਨ ਪਤਿ ਹੈ ਖੋਟਿ ਨ ਸੀਝਸਿ ਕੋਇ।। ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ।।੩।।**

ਜਿਵੇਂ ਖੋਟੇ ਸਿੱਕੇ, ਕਿੱਥੇ ਵੀ ਨਹੀਂ ਚਲ ਸਕਦੇ ਅਤੇ ਖਜਾਨੇ ਵਿਚ ਵੀ ਕਬੂਲ ਨਹੀਂ ਹੁੰਦੇ, ਉਸੇ ਤਰ੍ਹਾਂ ਮਾੜੇ ਖ਼ਿਆਲ, ਨੀਵੀਂ ਸੋਚਣੀ ਕਾਰਨ ਮਨੁੱਖ ਜੀਵਨ ਮਨੋਰਥ ਵਿਚ ਸਫਲ ਨਹੀਂ ਹੋ ਪਾਉਂਦਾ। ਭਾਵ ਮਨੁੱਖ ਦੇ ਅੰਤਰ-ਆਤਮੇ ਦੀ ਦਰਗਾਹ 'ਚ ਕੋਈ ਖੋਟਾ ਕਰਮ, ਖਿਆਲ ਕਬੂਲ ਨਹੀਂ ਹੁੰਦਾ। ਇਸੇ ਨੂੰ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ 'ਪਤ' ਗਵਾਉਣਾ ਮੰਨਿਆ ਜਾਂਦਾ ਹੈ। ਐਸੇ ਮਨੁੱਖ ਗਿਆਨ-ਗੁਰ ਭਾਵ ਸਤਿਗੁਰ (divine wisdom) ਨੂੰ ਪ੍ਰਾਪਤ ਕਰਨਾ ਹੀ ਨਹੀਂ ਚਾਹੁੰਦੇ, ਕਿਉਂਕਿ ਖੋਟੇ ਕਰਮ ਉਨ੍ਹਾਂ ਨੂੰ ਚੰਗੇ ਲਗਦੇ ਹਨ। ਖੋਟੇ ਕਰਮ ਭਾਵ ਆਪਣੇ ਸੁਆਰਥ ਕਾਰਨ ਅਵੇਸਲੇ (ignorant) ਮਨੁੱਖ ਨੂੰ ਅਹਿਸਾਸ ਹੀ ਨਹੀਂ ਹੁੰਦਾ ਕਿ ਉਸ ਦੇ ਕਿਹੜੇ ਬੋਲ, ਸਰੀਰ ਦੀ ਕਿਹੜੀ ਹਰਕਤ (body language) ਮਨ ਦਾ ਕਿਹੜਾ ਫੁਰਨਾ ਜਾਂ ਸੋਚ, ਅੱਖ ਦਾ ਕਿਹੜਾ ਇਸ਼ਾਰਾ ਕਿਸੇ ਦਾ ਦਿਲ ਦੁਖਾ ਸਕਦਾ ਹੈ, ਕਿਸੇ ਨੂੰ ਸਾਡੇ ਤੋਂ ਮਨ ਕਰਕੇ ਕੋਹਾਂ ਦੂਰ ਕਰ ਸਕਦਾ ਹੈ। ਐਸੇ ਮਨੁੱਖ, ਆਤਮਕ ਸੁਖ ਪ੍ਰਾਪਤ ਨਹੀਂ ਕਰ ਸਕਦੇ ਕਿਉਂਕਿ ਵਿਕਾਰਾਂ ਕਾਰਨ 'ਆਤਮਕ ਮੌਤ' ਨਿਤ-ਨਿਤ ਮਰਦੇ ਰਹਿੰਦੇ ਹਨ। ਐਸੇ ਜੀਵਨ ਦੀ ਆਤਮਕ ਦਸ਼ਾ ਨੂੰ 'ਕਈ ਜਨਮ 'ਚ ਭਟਕਣਾ', 'ਆਵਣ ਜਾਣਾ', 'ਜੰਮਣ ਮਰਨਾ', 'ਆਏ ਗਇਆ' ਅਤੇ ਆਵਾਗਵਨ ਕਹਿੰਦੇ ਹਨ।

**ਪਦਾ ਚਉਥਾ:- ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ।। ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ।। ਹਰਿ ਜਪਿ ਲਾਹਾ ਅਗਲਾ ਨਿਰਭਉ ਹਰਿ ਮਨ ਮਾਹ।੪।।੨੩।**

ਮਨੁੱਖਾਂ ਨੂੰ ਸਤਿਗੁਰ ਦ੍ਰਿੜ ਕਰਾਉਣ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰਾਹੀਂ ਸਮਝਾਇਆ ਹੈ ਕਿ ਐ ਮਨੁੱਖ, ਆਪਣੇ ਮਨ ਨੂੰ ਖੋਟੇ ਕਰਮਾਂ ਤੋਂ ਮੁਕਤ ਕਰਾਉਣ ਲਈ ਸੱਚ ਦੇ ਗਿਆਨ (ਸਤਿਗੁਰ) ਰਾਹੀਂ ਸਮਝਾਉਣਾ ਚਾਹੀਦਾ ਹੈ ਤਾ ਕਿ ਰੱਬੀ ਗੁਣਾਂ ਭਰਪੂਰ ਜੀਵਨੀ ਜਿਊ ਸਕੀਏ। ਐਸੀ ਜੀਵਨੀ ਜਿਊਣ ਵਾਲੇ ਮਨੁੱਖਾਂ ਨੂੰ ਹੀ ਰੱਬੀ ਨਾਮ 'ਚ ਰੰਗੇ ਕਿਹਾ ਜਾਂਦਾ ਹੈ ਕਿਉਂਕਿ ਉਨ੍ਹਾਂ ਨੂੰ ਖੋਟੇ ਕਰਮਾਂ ਅਤੇ ਖਿਆਲਾਂ ਦਾ ਭਾਰ ਨਹੀਂ ਸਹਾਰਨਾ ਪੈਂਦਾ (they are not attracted by evil thoughts, imperfection and momentary pleasures) ਰੱਬੀ ਗੁਣਾਂ ਵਾਲੀ ਜੀਵਨੀ ਜਿਊਣ ਨਾਲ ਰੱਬੀ ਗੁਣਾਂ ਵਾਲਾ ਧਨ (treasure) ਵਧਦਾ ਜਾਂਦਾ ਹੈ ਅਤੇ ਮਨੁੱਖ ਨਿਰਭਉ ਅਵਸਥਾ ਨੂੰ ਮਾਣਦਾ ਹੈ। ਇਹੋ ਖਜ਼ਾਨਾ, (ਵਣਜ-ਵਖਰ) ਇਕਤ੍ਰ ਕਰਣ ਲਈ ਗਿਆਨ-ਗੁਰੂ ਅਨੁਸਾਰ ਰੱਬੀ ਗੁਣਾਂ ਨੂੰ, ਵਧ ਤੋਂ ਵਧ ਜਿਊਣਾ ਹੈ, ਜਿਸ ਨਾਲ ਰੱਬੀ ਦਰਗਾਹ (ਅੰਤਰ ਆਤਮੇ ਦੀ ਦਰਗਾਹ) ਵਿਚ ਕਬੂਲ ਹੋ ਜਾਈਦਾ ਹੈ। ਇਸੇ ਨੂੰ **'ਸਹੁ ਦੇਖੈ ਪਤੀਆਇ"** ਅਤੇ **ਨਾਨਕ ਭਗਤਾ ਸਦਾ ਵਿਗਾਸ'** ਕਹਿੰਦੇ ਹਨ।

## ਚਾਰਿ ਪਾਵ ਦੁਇ ਸਿੰਗ ਗੁੰਗ

**"ਹਰਿ ਬਿਨੁ ਬੈਲ ਬਿਰਾਨੇ ਹੁਈਹੈ"**, ਇਹ ਸ਼ਬਦ ਗੂਜਰੀ ਰਾਗ ਦੇ ਪ੍ਰਕਰਣ ਹੇਠ "ਕਬੀਰ ਸਾਹਿਬ" ਦਾ ਉਚਾਰਿਆ ਹੋਇਆ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 524 'ਤੇ ਹੈ। ਇਸ ਸ਼ਬਦ ਨੂੰ ਪੜਨ ਵੇਲੇ ਸਾਨੂੰ ਬੜੇ ਸਹਜ ਅਤੇ ਇਕਾਗ੍ਰਤਾ ਨਾਲ 'ਰਹਾਉ' ਦੇ ਪਦੇ ਨੂੰ, ਵਿਚਾਰਨਾ ਚਾਹੀਦਾ ਹੈ, ਨਹੀਂ ਤਾਂ ਅਸੀਂ ਟਪੱਲਾ ਖਾ ਜਾਵਾਂਗੇ। ਕਬੀਰ ਸਾਹਿਬ ਦੇ ਸ਼ਬਦਾਂ ਤੋਂ ਪਹਿਲਾਂ ਦੇ ਸ਼ਬਦਾਂ ਨੂੰ ਵੀ ਪਰਖਨਾ, ਘੋਖਨਾ ਜ਼ਰੂਰੀ ਹੈ ਤਾ ਕਿ, ਅਸੀਂ ਗੂਜਰੀ ਰਾਗ ਦੇ ਸਾਰੇ ਪ੍ਰਕਰਣ ਦਾ ਅੰਤ੍ਰੀਵ ਭਾਵ ਅਰਥ ਸਮਝ ਸਕੀਏ ਅਤੇ ਫਿਰ ਉਸੀ ਅਨੁਸਾਰ ਕਬੀਰ ਸਾਹਿਬ ਦੇ ਇਸ ਸ਼ਬਦ ਦੇ ਗੁੱਝੇ ਭੇਦ ਨੂੰ ਵੀ ਸਮਝ ਸਕਾਂਗੇ। ਕਬੀਰ ਜੀ ਦੇ ਇਸ ਸ਼ਬਦ ਨੂੰ ਸਮਝਣ ਲਈ ਕੇਦਾਰ ਰਾਗ ਵਿਚ ਮਹਲਾ ਪੰਜਵਾਂ ਦੇ ਸਿਰਲੇਖ ਹੇਠ ਲਿਖੇ ਸ਼ਬਦ ਨੂੰ ਨਾਲ ਰਲਾ ਕੇ ਸਮਝਦੇ ਹਾਂ।

**ਕੇਦਾਰਾ ਮਹਲਾ ੫।।**

**ਹਰਿ ਕੇ ਨਾਮ ਬਿਨੁ ਧ੍ਰਿਗੁ ਸ੍ਰੋਤ।।**
**ਜੀਵਨ ਰੂਪ ਬਿਸਾਰਿ ਜੀਵਹਿ ਤਿਹ ਕਤ ਜੀਵਨ ਹੋਤ।।ਰਹਾਉ।।**
**ਖਾਤ ਪੀਤ ਅਨੇਕ ਬਿੰਜਨ ਜੈਸੇ ਭਾਰ ਬਾਹਕ ਖੋਤ।।**
**ਆਠ ਪਹਰ ਮਹਾ ਸ੍ਰਮੁ ਪਾਇਆ ਜੈਸੇ ਬਿਰਖ ਜੰਤੀ ਜੋਤ।।੧।।**
**ਤਜਿ ਗੋੁਪਾਲ ਜਿ ਆਨ ਲਾਗੇ ਸੇ ਬਹੁ ਪ੍ਰਕਾਰੀ ਰੋਤ।।**
**ਕਰ ਜੋਰਿ ਨਾਨਕ ਦਾਨੁ ਮਾਗੈ ਹਰਿ ਰਖਉ ਕੰਠਿ ਪਰੋਤ।।੨।।੫।।੧੩।।**

(ਗੁਰੂ ਗ੍ਰੰਥ ਸਾਹਿਬ, ਪੰਨਾ : 1121)

**ਪਦਾ ਰਹਾਉ:- ਹਰਿ ਕੇ ਨਾਮ.... ਜੀਵਨ ਹੋਤ।।ਰਹਾਉ।।**

**ਭਾਵ ਅਰਥ:-** ਹਰੀ ਦੇ ਨਾਮ ਭਾਵ ਰੱਬੀ ਗੁਣਾਂ, ਸੱਚ ਦੀ ਵਿਚਾਰ ਤੋਂ ਬਿਨਾ ਮਨੁੱਖ ਦੇ 'ਕੰਨ' ਫਿਟਕਾਰਨ ਜੋਗ ਹਨ, ਕਿਉਂਕਿ ਇਹ 'ਕੰਨ', ਨਿੰਦਾ, ਚੁਗਲੀ 'ਚ ਹੀ ਰੁਝੇ ਰਹਿੰਦੇ ਹਨ। ਮਨੁੱਖ ਅਪਣੇ 'ਜੀਵਨ ਰੂਪ' ਸੰਵਾਰਦੇ ਨਹੀਂ ਹਨ ਭਾਵ ਰੱਬ ਨੂੰ ਭੁਲਾ ਕੇ ਜਿਊਂਦੇ ਹਨ।

**ਪਦਾ ਪਹਿਲਾ :-** ਰੱਬੀ ਗੁਣਾਂ ਵਾਲਾ ਜੀਵਨ ਵਿਸਾਰ ਕੇ ਜਿਹੜੇ ਮਨੁੱਖ ਕੇਵਲ ਖਾਣ ਪੀਣ ਅਤੇ ਆਪਣੇ ਸੁੱਖ ਆਰਾਮ ਤੱਕ ਸੀਮਤ ਰਹਿੰਦੇ ਹਨ ਉਹ ਇਉਂ ਹੀ ਹਨ ਜਿਵੇਂ, ਭਾਰ ਢੋਣ ਵਾਲੇ ਖੋਤੇ। ਹਰ ਵੇਲੇ ਵਿਕਾਰਾਂ ਦਾ ਭਾਰ ਚੁਕਦੇ ਬੜਾ ਥਕੇਵਾਂ ਸਹਾਰਦੇ ਹਨ ਜਿਵੇਂ ਕੋਈ ਬਲਦ ਕੋਹਲੂ ਅੱਗੇ ਜੋਇਆ ਹੁੰਦਾ ਹੈ।

**ਪਦਾ ਦੂਜਾ :-** ਜੋ ਗੋਪਾਲ ਨੂੰ ਤਜਿ, (ਹਰਿ ਦੇ ਬਿਨਾ) ਕੇ ਜਿਊਂਦੇ ਹਨ, ਭਾਵ ਰੱਬੀ ਨਿਯਮਾਂ ਤੋਂ, ਸਤਿਗੁਰ ਤੋਂ ਵਿਹੂਣਾ ਜੀਵਨ ਬਤੀਤ ਕਰਦੇ ਹਨ ਉਹ 'ਹਰਿ ਬਿਸਰਤ ਸਦਾ ਖੁਆਰੀ' ਵਾਲਾ ਆਤਮਕ/ਮਾਨਸਕ ਤੌਰ 'ਤੇ ਦੁਖੀ ਜੀਵਨ ਹੀ ਜਿਊਂਦੇ ਹਨ। ਉਨ੍ਹਾਂ ਦੇ ਮਨ ਦੀ ਅਵਸਥਾ **'ਖਪਿ ਖਪਿ ਮੂਏ ਕਰਾਂਝਾ'** ਵਾਲੀ, ਢਹਿੰਦੀਆਂ ਕਲਾ ਵਾਲੀ ਹੁੰਦੀ ਹੈ, ਉਹ ਆਪਣੇ ਲਈ ਹਰ ਪਲ ਕੋਈ ਨਾ ਕੋਈ ਰੋਣਾ (Negative thought) ਫੁਰਨਾ, ਦੁਖ ਸਹੇੜੀ ਰੱਖਦੇ ਹਨ। ਨਾਨਕ ਜੀ ਹੱਥ ਜੋੜ ਕੇ ਪ੍ਰਭੂ ਕੋਲੋਂ ਦਾਤ (ਦਾਨ) ਮੰਗਦੇ ਹਨ ਕਿ ਮੈਨੂੰ ਐਸੀ ਸੁਮੱਤ ਬਖ਼ਸ਼ ਜਿਸ ਨਾਲ ਮੈਂ ਆਪਣੇ ਗਲੇ 'ਚ, ਕੰਠ 'ਚ ਰੱਬ ਦੀ ਯਾਦ ਨੂੰ ਪਿਰੋ ਕੇ ਰੱਖਾਂ ਬਲਕਿ ਮੇਰੇ ਗਲ ਦਾ ਹਾਰ ਹੀ ਬਣ ਜਾਵੇ। ਭਾਵ ਰੱਬੀ ਯਾਦ ਵਿਚ ਸਦਾ ਰੱਬੀ ਗੁਣਾਂ ਦੇ ਮਾਰਗ ਤੇ ਰਹਾਂ।

ਗੁਰੂ ਗ੍ਰੰਥ ਸਾਹਿਬ ਜੀ 'ਚ ਅਨੇਕਾਂ ਸ਼ਬਦ ਐਸੇ ਵੀ ਹਨ, ਜਿਨ੍ਹਾਂ ਰਾਹੀਂ ਮਨੁੱਖ ਨੂੰ ਅੰਨਾ, ਲੰਗੜਾ, ਪਿੰਗਲਾ, ਬੋਲਾ ਕਿਹਾ ਗਿਆ ਹੈ ਅਤੇ ਮਨੁੱਖ ਦੀ ਭੈੜੀ ਮਤ, ਨਿੰਦਾ ਚੁਗਲੀ ਦੀ ਬਿਰਤੀ ਨੂੰ ਕਾਂ ਅਤੇ ਇੱਲ ਦੀ ਤਸ਼ਬੀਹ ਦਿੱਤੀ ਗਈ ਹੈ। ਮਨੁੱਖ ਸਰੀਰਕ ਤੌਰ 'ਤੇ ਅੱਖਾਂ, ਕੰਨਾਂ ਕਰਕੇ ਅੰਨ੍ਹਾ, ਬੋਲ਼ਾ ਨਹੀਂ ਹੁੰਦਾ ਬਲਕਿ ਗੁਰਬਾਣੀ ਵਿਚ ਪ੍ਰੋਢਾਵਾਦ ਵਰਤ ਕੇ ਉਸਦੇ ਮਨ ਦੀ ਅਵਸਥਾ ਨੂੰ ਅੰਨ੍ਹਾ, ਬੋਲਾ, ਗੂੰਗਾ, ਬਹਿਰਾ, ਪਿੰਗਲਾ, ਕਾਂ, ਇੱਲ, ਵਿਸ਼ਟਾ ਦਾ ਕੀੜਾ ਕਿਹਾ ਜਾਂਦਾ ਹੈ। ਜਿਵੇਂ ਕਿ:- **"ਮਾਇਆਧਾਰੀ ਅਤਿ ਅੰਨਾ ਬੋਲਾ"** ਭਾਵ ਮਾਇਆ 'ਚ ਖੱਚਤ ਮਨੁੱਖ ਨੂੰ ਨਾ ਸੱਚ ਦਿਸਦਾ ਹੈ ਅਤੇ ਨਾ ਹੀ ਸੱਚ ਸੁਣਾਈ ਦਿੰਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਣਤਰ ਦੇ ਢੰਗ ਰਾਹੀਂ, ਗੁਰਮਤ ਸਿਧਾਂਤਾਂ ਨੂੰ ਦ੍ਰਿੜ ਕਰ ਕੇ ਕਬੀਰ ਜੀ ਦੇ ਇਸ ਸ਼ਬਦ ਨੂੰ ਵਿਚਾਰ ਕੇ ਦੇਖਦੇ ਹਾਂ।

**ਰਾਗੁ ਗੂਜਰੀ ਭਗਤਾ ਕੀ ਬਾਣੀ**

**੧ੴ ਸਤਿਗੁਰ ਪ੍ਰਸਾਦਿ।।**

**ਸ੍ਰੀ ਕਬੀਰ ਜੀਉ ਕਾ ਚਉਪਦਾ ਘਰੁ ੨ ਦੂਜਾ।। ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈਹੈ।। ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂਡ ਲੁਕਈਹੈ।।੧।। ਹਰਿ ਬਿਨੁ ਬੈਲ ਬਿਰਾਨੇ ਹੁਈਹੈ।। ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈਹੈ।।੧।।ਰਹਾਉ।। ਸਾਰੋ ਦਿਨੁ ਡੋਲਤ ਬਨ ਮਹੀਆ ਅਜਹੁ ਨ ਪੇਟ ਅਘਈਹੈ।। ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈਹੈ।।੨।। ਦੁਖ ਸੁਖ ਕਰਤ ਮਹਾ ਭ੍ਰਮਿ ਬੂਡੋ ਅਨਿਕ ਜੋਨਿ ਭਰਮਈਹੈ।। ਰਤਨ ਜਨਮੁ ਖੋਇਓ ਪ੍ਰਭੁ ਬਿਸਰਿਓ ਇਹੁ ਅਉਸਰੁ ਕਤ ਪਈਹੈ।।੩।। ਭ੍ਰਮਤ ਫਿਰਤ ਤੇਲਕ ਕੇ ਕਪਿ ਜਿਉ ਗਤਿ ਬਿਨੁ ਰੈਨਿ ਬਿਹਈਹੈ।। ਕਹਤ ਕਬੀਰ ਰਾਮ ਨਾਮ ਬਿਨੁ ਮੂੰਡ ਧੁਨੇ ਪਛੁਤਈਹੈ।।੪।।੧।।**

(ਗੁਰੂ ਗ੍ਰੰਥ ਸਾਹਿਬ, ਪੰਨਾ : 524)

**ਪਦਾ ਰਹਾਉ:- ਹਰਿ ਬਿਨ ਬੈਲ .... ਖਈਹੈ।।੧।।ਰਹਾਉ।।**

ਐ ਮਨੁੱਖ, ਰੱਬੀ ਯਾਦ ਤੋਂ ਬਿਨਾਂ ਭਾਵ ਰੱਬੀ ਗਿਆਨ ਤੋਂ ਵਿਹੂਣਾ ਜੀਵਨ ਇੰਜ ਹੈ ਜਿਵੇਂ ਕਿਸੇ ਦੂਸਰੇ ਦੇ ਅਧੀਨ, ਬਲਦ ਹੁੰਦਾ ਹੈ। ਮਨੁੱਖ ਜਦੋਂ ਸਤਿਗੁਰ ਅਧੀਨ ਜੀਵਨ ਜਿਉਂਦਾ ਹੈ ਤਾਂ ਉਹ ਮਨੁੱਖਤਾ ਭਰਪੂਰ ਜੀਵਨ ਜਿਉਂਦਾ ਹੈ ਪਰ ਜਦੋਂ ਆਪਣੇ ਮਨ ਦੇ ਅਧੀਨ ਹੋ ਕੇ ਜਿਉਂਦਾ ਹੈ ਤਾਂ ਉਸਦਾ ਜੀਵਨ ਮਨੁੱਖਤਾ ਦੇ ਤਲ ਤੋਂ ਡਿੱਗ ਕੇ ਪਸ਼ੂਆਂ ਵਾਲਾ ਹੋ ਜਾਂਦਾ ਹੈ। **"ਹਰਿ ਬਿਸਰਤ ਤੇਰੇ ਗੁਣ ਗਲਿਆ"** ਭਾਵ ਮਨੁੱਖ ਦੇ ਚੰਗੇ ਗੁਣ ਗਲ ਜਾਂਦੇ ਹਨ ਤੇ ਮਨੁੱਖ, ਮਨੁੱਖਤਾ ਦੀ ਉਚਾਈ ਤੋਂ ਡਿਗ ਕੇ ਬਲਦ (ਬੈਲ) ਦੀ ਜੀਵਨੀ ਵਾਲੇ ਕਰਮ ਕਰਣ ਲਗ ਪੈਂਦਾ ਹੈ। ਐ ਮਨੁੱਖ, ਵਿਚਾਰ ਕੇ ਦੇਖ ਜੇ ਤੂੰ 'ਸਤਿਗੁਰ' ਅਧੀਨ ਨਹੀਂ ਰੱਬੀ ਗੁਣਾਂ ਵਾਲਾ ਜੀਵਨ ਨਹੀਂ ਜਿਊ ਰਿਹਾ ਤਾਂ ਤੂੰ ਬਿਗਾਨੇ (ਬਿਰਾਨੇ) ਹੇਠਾਂ ਬਲਦ ਵਾਂਗੂ ਹੋ ਗਿਆ ਹੈਂ।

**ਨੋਟ :-** ਇਸ ਸ਼ਬਦ ਨੂੰ ਵਿਚਾਰਨ ਸਮੇਂ "ਗਈਹੈ, ਲੁਕਈਹੈ, ਹੁਈਹੈ, ਪਈਹੈ, ਖਈਹੈ, ਅਘਈਹੈ, ਭਰਮਈਹੈ, ਬਿਹਈਹੈ, ਪਛੁਤਈਹੈ" ਇਨ੍ਹਾਂ ਸਾਰੇ ਲਫ਼ਜ਼ਾਂ ਦੇ ਅਰਥ ਭਵਿੱਖਤ ਕਾਲ 'ਚ (ਸਰੀਰਕ ਮਰਨ ਮਗਰੋਂ ਵਾਲੇ ਸਮੇਂ ਦੇ) ਕਰਨ ਨਾਲ ਟਪਲਾ ਲਗਦਾ ਹੈ। ਅਜਿਹੇ ਅਨੇਕ ਪ੍ਰਮਾਣਾਂ ਦਾ ਅਰਥ ਕਰਨ ਲੱਗਿਆਂ ਗੁਰਮਤ ਦੇ ਸਿੱਧਾਂਤਾਂ ਅਤੇ ਗੁਰਬਾਣੀ ਵਿਆਕਰਣ ਦਾ ਧਿਆਨ ਰੱਖ ਕੇ ਵਿਚਾਰਨਾ ਹੈ।

**"ਬਿਨ ਸਿਮਰਨ ਗਰਧਬ ਕੀ ਨਿਆਈ"** ਭਾਵ ਰੱਬੀ ਗੁਣਾਂ ਤੋਂ ਬਿਨਾ ਇਨਸਾਨੀਅਤ ਭਰਪੂਰ ਜੀਵਨੀ ਤੋਂ ਵਾਂਝਾ ਮਨੁੱਖ ਖੋਤੇ ਦੀ ਨਿਆਈਂ ਹੈ। **"ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ।।"** ਭਾਵ ਰੱਬੀ ਗੁਣਾਂ ਤੋਂ ਵਿਹੂਣਾ, ਹੰਕਾਰ ਕਰਨ ਵਾਲਾ ਮਨੁੱਖ ਅਸਲੀ ਖੋਤਾ (ਨਾਸਮਝ) ਹੈ। ਇਸ ਕਿਸਮ ਦੇ ਅਨੇਕ ਪ੍ਰਮਾਣਾਂ ਨੂੰ ਧਿਆਨ ਵਿਚ ਰੱਖ ਕੇ 'ਖਈਹੈ, ਹੁਈਹੈ' ਆਦਿ ਲਫ਼ਜ਼ਾਂ ਦੇ ਅਰਥ ਕਰਨੇ ਹਨ ਕਿ 'ਤੂੰ ਹੁਣੇ ਹੀ ਬੈਲ ਦੀ ਜੂਨੀ 'ਚ ਪੈ ਗਿਆ ਹੈਂ'। ਜਦੋਂ ਪਸ਼ੂਆਂ ਵਾਲੇ ਕਰਮਾਂ 'ਚ ਪਿਆ ਹੋਇਆ ਹੈ ਤਾਂ ਕਿਵੇਂ ਰੱਬੀ ਗੁਣਾਂ ਵਾਲਾ ਜੀਵਨ ਜਿਊ ਸਕਦਾ ਹੈਂ ?

ਕਬੀਰ ਸਾਹਿਬ, ਮਨੁੱਖਾ ਜਨਮ ਦੀ ਅਹਿਮੀਅਤ ਸਮਝਾਉਣ ਲਈ ਦ੍ਰਿਸ਼ਟਾਂਤ ਬਣਾ ਕੇ ਸਮਝਾ ਰਹੇ ਹਨ ਕਿ ਐ ਮਨੁੱਖ, ਹਰੀ ਤੋਂ ਵਿਹੂਣਾ (ਸੱਚ ਤੋਂ ਖੁੰਝਿਆ) ਜੋ ਜੀਵਨ ਜਿਊ ਰਿਹਾ ਹੈਂ, ਇਹ ਜੀਵਨ, ਮਨੁੱਖਾ 'ਜੀਵਨ' ਨਹੀਂ ਕਹਿਲਾਉਂਦਾ ਇਹ ਤਾਂ ਮਾਨੋ ਜਿਵੇਂ ਬਲਦ (ਬੈਲ) ਹੋ ਗਿਆ ਹੈ। ਰਹਾਉ ਪਦੇ ਵਿਚ ਆਏ ਕੁਝ ਲਫ਼ਜ਼ਾਂ ਨੂੰ ਪਹਿਲੇ ਗਹਿਰਾਈ ਨਾਲ ਵਿਚਾਰੀਏ :-

**ਫਾਟੇ ਨਾਕਨ -** ਨੱਕ ਦਾ ਫੱਟਣਾ ਇਕ ਅਖਾਣ ਹੈ। ਜਿਵੇਂ ਬਲਦ ਦੇ ਨੱਕ 'ਚ ਨਕੇਲ ਪਾ ਕੇ ਜਿਧਰ ਟੋਰੋ ਉਹ (ਬਿਗਾਨੇ ਅਧੀਨ ਹੋ ਕੇ) ਟੁਰੀ ਜਾਂਦਾ ਹੈ ਭਾਵ ਆਪਣੀ ਮਰਜ਼ੀ ਨਹੀਂ ਕਰ ਸਕਦਾ, ਉਸੀ ਤਰ੍ਹਾਂ ਜੋ ਮਨੁੱਖ 'ਸਤਿਗੁਰ' (divine wisdom, universal truth) ਦਾ, ਸੱਚ ਦਾ ਮਾਰਗ ਛੱਡ ਦੇਵੇ ਤਾਂ ਉਹ ਵਿਕਾਰਾਂ ਵਸ ਪਈ ਨਕੇਲ ਕਾਰਨ ਉਨ੍ਹਾਂ ਪਿੱਛੇ ਤੁਰੀ ਜਾਂਦਾ ਹੈ। ਅਧੀਨ ਹੋਣ ਕਾਰਨ ਪਸ਼ੂ ਦਾ ਨੱਕ ਵਿੰਨਿਆ ਹੁੰਦਾ ਹੈ ਤੇ ਐਸੇ ਮਨੁੱਖਾਂ ਦਾ ਜੀਵਨ ਵੀ ਉਸ ਬਲਦ ਵਾਂਗੂ ਵਿਕਾਰਾਂ ਦੀ ਗ਼ੁਲਾਮੀ ਕਾਰਨ ਵਿੰਨਿਆ ਹੀ ਜਾਂਦਾ ਹੈ।

**ਟੂਟੇ ਕਾਧਨ :-** ਮੋਹ, ਮਾਇਆ ਵਿਚ ਖਚਤ ਹੋਣ ਕਾਰਨ ਮਨੁੱਖ ਆਪਣੇ ਪਰਿਵਾਰ ਨੂੰ ਵੀ ਬੋਝ ਬਣਾ ਲੈਂਦਾ ਹੈ। ਆਪਣਾ ਪਰਾਇਆ, ਮੇਰ-ਤੇਰ ਦਾ ਬੋਝ ਚੁਕ-ਚੁਕ ਕੇ ਮਨੁੱਖ ਦੇ ਮੋਢੇ ਟੁਟ ਜਾਂਦੇ ਹਨ। ਭਾਵ ਮਾਇਆ ਰੂਪੀ ਵਿਕਾਰਾਂ ਦਾ ਬੋਝ ਚੁਕੀ ਰੱਖਣ ਕਾਰਨ ਆਤਮਕ ਤੌਰ 'ਤੇ ਆਲਸੀ ਅਤੇ ਥੱਕਿਆ ਟੁਟਿਆ (ਅਸ਼ਾਂਤ, ਦੁਖੀ)

ਰਹਿੰਦਾ ਹੈ। ਅਵਗੁਣਾਂ ਕਾਰਨ ਮਨੁੱਖ ਦੀ ਆਤਮਕ ਅਵਸਥਾ ਨਿਰਬਲ ਹੋ ਜਾਂਦੀ ਹੈ ਅਤੇ ਇਹੀ 'ਟੂਟੇ ਕਾਧਨ' ਦਾ ਲਖਾਇਕ ਹੈ। ਕਮਜ਼ੋਰ ਆਤਮਕ ਅਵਸਥਾ ਵਿਚ ਮਨੁੱਖ ਸੱਚ ਸੁਣਨ ਤੋਂ ਅਸਮਰਥ ਹੋ ਜਾਂਦਾ ਹੈ ਉਸ ਕੋਲ ਨਾ ਹੀ ਆਤਮਕ ਪਤ ਰੱਖਣ ਵਾਲੀ ਸੱਚ ਦੀ ਨੱਕ ਅਤੇ ਨਾ ਹੀ ਦੀਨ ਇਮਾਨ ਵਿਚ ਖੜ੍ਹੇ ਰਹਿਣ ਵਾਲੇ ਆਤਮਕ ਮੋਢਿਆਂ ਦੀ ਤਾਕਤ ਹੁੰਦੀ ਹੈ।

**ਕੋਦਉ ਕੋ ਭੁਸੁ ਖਈਹੈ :–** ਜਿਸ ਤਰ੍ਹਾਂ ਬਲਦ ਭੂਸਾ ਖਾ-ਖਾ ਕੇ ਰੱਜਦਾ ਨਹੀਂ, ਉਸੇ ਤਰ੍ਹਾਂ ਮਨੁੱਖ ਦਾ ਮਨ ਵੀ ਤ੍ਰਿਸ਼ਨਾ ਰੂਪੀ ਭੁੱਖ ਤੋਂ ਰੱਜਦਾ ਨਹੀਂ। ਸੱਚ ਦੀ ਜੀਵਨੀ ਤੋਂ ਵਿਹੂਣਾ ਮਨੁੱਖ ਜੋ ਵੀ ਕਮਾ ਖਾ (ਜਿਊ) ਰਿਹਾ ਹੈ, ਭੂਸਾ ਖਾਣ ਦੀ ਨਿਆਈਂ ਹੈ।

**ਆਹਰ ਸਭਿ ਕਰਦਾ ਫਿਰੈ ਆਹਰੁ ਇਕੁ ਨ ਹੋਇ।।**

**ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ।।**

(ਗੁਰੂ ਗ੍ਰੰਥ ਸਾਹਿਬ, ਪੰਨਾ : 965)

ਭਾਵ ਮਨੁੱਖ ਆਪਣੇ ਜੀਵਨ ਵਿਚ ਸਰੀਰ ਦੀ ਭੁੱਖ ਮਿਟਾਉਣ ਲਈ ਸਭ ਤਰ੍ਹਾਂ ਦੇ ਭੋਜਨ ਖਾਂਦਾ ਹੈ। ਖਾਂਦਿਆਂ, ਪਾਉਂਦਿਆਂ, ਹੰਢਾਉਂਦਿਆਂ ਵੀ ਮਨੁੱਖ ਦੇ ਮਨ ਅੰਦਰ ਤ੍ਰਿਸ਼ਨਾ ਦੀ ਭੁੱਖ ਬਣੀ ਰਹਿੰਦੀ ਹੈ। ਇਹ ਆਪਣੀਆਂ ਅਖੌਤੀ ਵਡਿਆਈਆਂ ਸੁਣਦਾ-ਸੁਣਦਾ ਨਹੀਂ ਰੱਜਦਾ, ਜਿਸ ਕਾਰਨ ਇਸ ਦੀ ਤ੍ਰਿਸ਼ਨਾ ਕਦੇ ਨਹੀਂ ਬੁਝਦੀ। ਜੇ ਮਨੁੱਖ ਪ੍ਰਮਾਤਮਾ ਦੇ ਗੁਣਾਂ ਨੂੰ ਆਪਣੇ ਮਨ ਦਾ ਆਧਾਰ ਬਣਾ ਲਏ ਤਾਂ ਸੰਤੋਖ ਰੂਪੀ ਭੋਜਨ ਨਾਲ ਹਮੇਸ਼ਾ ਲਈ ਰੱਜਿਆ ਰਹਿ ਸਕਦਾ ਹੈ।

**ਰਹਾਉ ਦਾ ਭਾਵ ਅਰਥ :–** ਹਰੀ ਬਿਨਾ ਜੀਵਨ ਪਰ ਅਧੀਨ (ਮਨ ਦਾ ਗੁਲਾਮ) ਬਲਦ ਦੀ ਨਿਆਈ ਹੈ। ਮਨੁੱਖ ਬੈਲ ਵਾਂਗੂੰ ਮਾਇਆ (ਵਿਕਾਰਾਂ) ਦੀ ਨਕੇਲ ਰਾਹੀਂ ਜੁਤਿਆ ਹੋਇਆ ਹੈ ਕਿਉਂਕਿ ਮਨੁੱਖ ਦੇ ਕੋਲ 'ਆਤਮਕ-ਪਤ' (ਇੱਜਤ) ਦੀ ਪ੍ਰਾਪਤੀ ਲਈ, ਨਾ ਸੱਚ ਵਾਲੀ ਨੱਕ ਹੈ, ਨਾ ਸੱਚ ਵਾਲੇ ਕੰਨ ਅਤੇ ਨਾ ਹੀ ਸੱਚ 'ਤੇ ਖੜ੍ਹੇ ਰਹਿਣ ਲਈ ਦ੍ਰਿੜਤਾ ਦੇ ਮਜ਼ਬੂਤ ਮੋਢੇ ਹਨ। ਮਨੁੱਖ ਨੇ ਆਪਣੀ ਤ੍ਰਿਸ਼ਨਾ ਮਿਟਾਉਣ ਲਈ ਸੰਤੋਖ ਰੂਪੀ ਭੋਜਨ ਵੀ ਨਹੀਂ ਕੀਤਾ।

**ਪਦਾ ਪਹਿਲਾ:– ਚਾਰਿ ਪਾਵ ..... ਮੂਡ ਲੁਕਈਹੈ।।੧।।**

ਬੈਲ ਦੇ ਚਾਰ ਪੈਰ, ਦੋ ਸਿੰਗ ਹੁੰਦੇ ਹਨ ਅਤੇ ਉਹ ਮੂੰਹ ਤੋਂ ਕੁਝ ਬੋਲ ਨਹੀਂ ਸਕਦਾ। ਜਦੋਂ ਮਨੁੱਖ ਦੁਬਿਧਾ (ਦੁਪਾਸੀ) ਵਾਲੀ ਜੀਵਨੀ ਜਿਊ ਰਿਹਾ ਹੈ ਤਾਂ ਇਹ ਬੈਲ ਦੇ 'ਚਾਰ ਪਾਵ' (ਪੈਰ) ਦਾ ਲਖਾਇਕ ਹੈ। ਜਦੋਂ ਮਨੁੱਖ ਅਖੌਤੀ ਗਿਆਨ, ਅਕਲ, ਚਤੁਰਾਈ ਨੂੰ ਕੇਵਲ ਲੜਨ ਅਤੇ ਬਹਿਸ ਕਰਨ ਲਈ ਵਰਤ ਰਿਹਾ ਹੈ ਤਾਂ ਮਾਨੋ ਇਹ ਉਸ ਦੇ 'ਦੁਇ ਸਿੰਗ' ਹਨ। ਮਿਠਬੋਲੜਾ, ਨਿਮਰਤਾ ਵਾਲਾ ਸੁਭਾਅ ਨਾ ਹੋਣਾ 'ਗੁੰਗੇ' ਦੀ ਨਿਆਈਂ ਹੈ।

**ਬੇਨਤੀ:–** ਜੇ ਕਰ ਬਲਦ ਦੇ, ਨੱਕ 'ਚ ਰੱਸੀ ਨਾ ਪਾਵੋ, ਨਾ ਹੀ ਕੰਨ ਫਾਟੇ ਹੋਣ ਅਤੇ ਨਾ ਹੀ ਜੂਲਾ ਪਾਵੋ ਤਾਂ ਵੀ ਉਹ ਕੁਝ ਉਸਾਰੂ ਕੰਮ ਨਹੀਂ ਕਰਦਾ, ਕਿਸੇ ਦੇ ਕੰਮ ਨਹੀਂ ਆਉਂਦਾ, ਬੈਲ ਦਾ ਦ੍ਰਿਸ਼ਟਾਂਤ ਦੇ ਕੇ ਮਨੁੱਖ ਨੂੰ ਸਮਝਾਇਆ ਜਾ ਰਿਹਾ ਹੈ ਕਿ ਜੋ ਮਨੁੱਖ ਸੱਚ ਦੇ ਮਾਰਗ ਤੇ ਨਹੀਂ ਟੁਰਦਾ, ਰੱਬ ਨਾਲ ਨਹੀਂ ਜੁੜਦਾ, ਉਹ 'ਚਾਰਿ ਪਾਵ' ਦੀ ਨਿਆਈ ਸੱਚ ਤੋਂ ਵਿਹੂਣਾ ਜੀਵਨ ਜਿਊ ਰਿਹਾ ਹੈ। ਐਸੇ ਮਨੁੱਖ ਨੂੰ, ਜੋ ਵੀ ਅਕਲ ਚਤੁਰਾਈ

(intellect, knowledge) ਹੁੰਦੀ ਹੈ ਉਹ ਕੇਵਲ, ਲੜਾਈ ਅਤੇ ਬਹਸ ਖਾਤਿਰ ਵਰਤਦਾ ਹੈ ਤੇ ਅਜਿਹੀ ਮਨ ਦੀ ਅਵਸਥਾ 'ਚ ਮਨੁੱਖ ਕਿਵੇਂ ਹਰੀ ਦੇ ਗੁਣ ਗਾ ਸਕਦਾ ਹੈ ?

ਐਸੀ ਮਨ ਦੀ ਅਵਸਥਾ ਵਿਚ ਮਨੁੱਖ ਨੂੰ, ਨਿਤ-ਨਿਤ ਮੈਲੇ ਮਨ ਕਾਰਨ ਵਿਕਾਰਾਂ ਦਾ ਸੋਟਾ ਪੈਂਦਾ ਹੈ, ਉਹ ਵਿਕਾਰਾਂ ਹੱਥੀਂ ਮਾਰ ਖਾਂਦਾ ਹੈ। ਐਸਾ ਮਨੁੱਖ, ਰੱਬੀ ਦਰਗਾਹ, ਹਿਰਦੇ ਦੀ ਕਚਿਹਰੀ, ਅੰਤਰ ਆਤਮੇ 'ਚ ਰੱਬ ਜੀ ਅੱਗੇ ਕਿਸ ਤਰ੍ਹਾਂ ਮਾਣ ਪਾ ਸਕਦਾ ਹੈ। ਸੱਚ ਤੋਂ ਵਿਹੂਣੇ ਮਨੁੱਖ ਨੂੰ ਆਤਮਕ ਅਤੇ ਸਮਾਜਕ ਦੋਨਾਂ ਪਾਸੋਂ ਪਤ ਗਵਾਉਣੀ (ਮੂੰਹ ਦੀ ਖਾਣੀ) ਪੈਂਦੀ ਹੈ। ਮਾਨੋ ਜਿਵੇਂ ਬਲਦ ਨੂੰ ਠੇਂਗਾ ਪੈ ਰਿਹਾ ਹੋਵੇ ਤੇ ਉਹ ਬਚ ਨਾ ਸਕਦਾ ਹੋਵੇ।

ਦੂਜੇ ਪਦੇ ਨੂੰ ਵਿਚਾਰਨ ਸਮੇਂ ਚੇਤੇ ਰੱਖਣਾ ਹੈ ਕਿ ਜੇ ਇਹ ਬੈਲ (ਬਲਦ) ਬਾਰੇ ਹੁੰਦਾ ਤਾਂ ਬੈਲ ਨੂੰ ਕੋਈ ਸੰਤ ਸਾਧ ਭਾਵੇਂ ਚੰਗੀ ਗੱਲਾਂ ਸੁਣਾਵੇ ਤੇ ਭਾਵੇਂ ਕੋਈ ਚੋਰ ਮਾੜੀਆਂ ਗੱਲਾਂ ਸੁਣਾਵੇ, ਬੈਲ ਤਾਂ ਕਦੀ ਵੀ ਨਹੀਂ ਸੁਣ ਸਕਦੇ। ਸੋ ਮਨੁੱਖ ਦੀ ਆਤਮਕ ਦਸ਼ਾ ਬਾਰੇ ਸਮਝਾਇਆ ਹੈ ਕਿ ਤੂੰ ਮਨ ਕਰਕੇ ਬੈਲ (ਬਲਦ) ਦੀ ਨਿਆਈ ਹੋ ਗਿਆ ਹੈਂ, ਸਰੀਰ ਕਰਕੇ ਮਨੁੱਖ ਹੈਂ ਪਰ ਆਤਮਕ (ਮਾਨਸਕ) ਰੂਪ 'ਚ ਬੈਲ ਬਣ ਗਿਆ ਹੈਂ। ਜਿਵੇਂ ਕਿ ਬਾਣੀ 'ਚ ਆਇਆ ਹੈ **"ਕਰਤੂਤ ਪਸੂ ਕੀ ਮਾਨਸ ਜਾਤ।"**

**ਪਦਾ ਦੂਜਾ:- ਸਾਰੋ ਦਿਨੁ ਡੋਲਤ.... ਅਪਨੋ ਪਈਹੈ।।੨।।**

ਐ ਮਨੁੱਖ, ਤੂੰ ਹੁਣੇ ਹੀ ਬਲਦ ਦੀ ਨਿਆਈ ਜੀਵਨ ਜਿਊ ਰਿਹਾ ਹੈਂ। ਜਿਵੇਂ 'ਬੈਲ' ਸਾਰਾ ਦਿਨ ਜੰਗਲ 'ਚ ਭਉਂਦਿਆਂ ਰਜਦਾ ਨਹੀਂ ਉਸੀ ਤਰ੍ਹਾਂ ਤੂੰ ਵਿਕਾਰਾਂ 'ਚ ਖੱਚਤ ਜੀਵਨ, ਰੰਗ ਰਲੀਆਂ ਜਾਂ ਐਸ਼ ਪਰਸਤੀ ਦਾ ਜੀਵਨ ਬਿਤਾ ਰਿਹਾ ਹੈਂ ਪਰ 'ਸਤਿਗੁਰ' ਭਾਵ ਗਿਆਨ-ਗੁਰੂ (ਭਗਤਨ ਦਾ ਕਿਹਾ) ਦੀ ਨਹੀਂ ਮੰਨ ਰਿਹਾ ਤੇ ਜੀਵਨ ਜ਼ਾਇਆ ਕਰ ਰਿਹਾ ਹੈਂ।

**ਪਦਾ ਤੀਜਾ:- ਦੁਖ ਸੁਖ................ ਕਤ ਪਈਹੈ।।੩।।**

ਐ ਮਨੁੱਖ ਤੂੰ ਬਲਦ ਵਾਂਗੂ ਭੈੜੇ ਹਾਲ 'ਚ ਜੀਵਨ ਗੁਜ਼ਾਰ ਰਿਹਾ ਹੈਂ ਭਾਵ ਕੁਰਾਹੇ ਪੈ ਕੇ ਮਾਨਸਕ ਦੁਖ-ਸੁਖ 'ਚ ਖੁਆਰ ਹੁੰਦਾ ਰਹਿੰਦਾ ਹੈਂ। ਮਾਨੋ ਮਨ ਕਰਕੇ ਪਸ਼ੂ ਪੰਛੀਆਂ ਵਾਲੀਆਂ ਜੂਨੀਆਂ 'ਚ ਭਟਕ ਰਿਹਾ ਹੈਂ ਭਾਵ ਉਨ੍ਹਾਂ ਜੈਸੀਆਂ ਕਰਤੂਤਾਂ ਕਰਕੇ ਆਪਣੇ ਅਮੁਲਕ ਗੁਣ ਗਵਾ ਰਿਹਾ ਹੈਂ। **'ਭਈ ਪਰਾਪਤਿ ਮਾਨੁਖ ਦੇਹੁਰੀਆ'** ਦਾ ਮੌਕਾ ਬਣਾ ਕੇ, ਰੱਬੀ ਗੁਣਾਂ ਦੀ ਸੰਭਾਲ ਕਰ ਭਾਵ ਸਤਿਗੁਰ (wisdom) ਸੁਣ ਸਮਝ ਕੇ ਪਰਮਪਦ ਪ੍ਰਾਪਤ ਕਰਕੇ ਜਿਉਂਦਿਆਂ ਮੁਕਤ ਹੋ ਸਕੀਦਾ ਹੈ, ਇਸ ਲਈ ਪਲ-ਪਲ (ਹਰ ਮੌਕੇ) ਨੂੰ ਸੰਭਾਲ ਕੇ, ਆਪਣੇ ਮਨੁੱਖਾ ਜੀਵਨ ਨੂੰ ਕੀਮਤੀ ਬਣਾ ਸਕਦਾ ਹੈਂ।

**ਬੇਨਤੀ :-** ਜੇ ਇਹ ਸ਼ਬਦ ਬਲਦ ਬਾਰੇ ਹੁੰਦਾ ਤਾਂ ਬਲਦ ਦਾ ਜਨਮ ਰਤਨ ਵਰਗਾ ਹੁੰਦਾ ਹੀ ਨਹੀਂ ਸੋ ਇਹ ਮਨੁੱਖ ਦੀ ਦਸ਼ਾ ਬਾਰੇ ਹੈ ਕਿ ਮਨੁੱਖ ਬਲਦ ਵਾਂਗੂੰ ਜਿਊ ਕੇ ਆਪਣਾ ਰਤਨ ਜਨਮ ਗਵਾ ਰਿਹਾ ਹੈ।

**ਪਦਾ ਚਉਥਾ:- ਭ੍ਰਮਤ ਫਿਰਤ ....... ਧੁਨੇ ਪਛੁਤਈਹੈ।।੪।।੧।।**

ਐ ਮਨੁੱਖ, ਤੇਰੀ ਜ਼ਿੰਦਗੀ (ਰੂਪੀ ਸਾਰੀ ਰਾਤ) ਤੇਲੀ ਦੇ ਬਲਦ ਵਾਂਗੂੰ ਭਟਕਦਿਆਂ, ਵਿਕਾਰਾਂ ਤੋਂ ਖਲਾਸੀ ਕਰਨ ਦੇ ਬਿਨਾ ਹੀ ਲੰਘ ਜਾਵੇਗੀ। ਕਬੀਰ ਜੀ ਆਖਦੇ ਹਨ ਕਿ ਰੱਬੀ ਗੁਣਾਂ ਤੋਂ ਵਿਹੂਣੀ ਮਨੁੱਖ ਦੀ ਮਤ, ਬੈਲ ਵਾਂਗੂੰ ਹੋਣ ਕਾਰਨ, ਹੁਣ ਮਨੁੱਖ ਪਛਤਾ ਰਿਹਾ ਹੈ। ਸੋ ਐ ਮਨੁੱਖ, ਸੁਚੇਤ ਹੋ, ਸਮਾਂ ਨਾ ਗਵਾ, ਬਲਦ ਵਾਂਗੂੰ ਜੀਵਨ ਨਾ ਬਿਤਾ।

ਸਾਰੇ ਸ਼ਬਦ ਦਾ ਭਾਵ ਅਰਥ ਹੈ ਕਿ ਮਨੁੱਖ ਨੂੰ ਸਤਿਗੁਰ (ਸੱਚ ਦਾ ਗਿਆਨ) ਰਾਹੀਂ ਰੱਬੀ ਗੁਣਾਂ ਵਾਲਾ, ਮਨੁੱਖਤਾ ਭਰਪੂਰ ਜੀਵਨ ਜਿਊਣਾ ਚਾਹੀਦਾ ਹੈ ਪਰ ਮਨੁੱਖ, ਬਲਦ ਦੀ ਨਿਆਈਂ ਪਰਾਏ ਖਿਆਲਾਂ ਦੇ ਅਧੀਨ ਵਿਕਾਰਾਂ, (ਪਰ-ਅਧੀਨ) ਤ੍ਰਿਸ਼ਨਾ, ਮਾਇਆ ਦੇ ਮੋਹ 'ਚ ਖੱਚਤ, ਜੀਵਨ ਜ਼ਾਇਆ ਕਰ ਰਿਹਾ ਹੈ। ਸੋ ਮਨੁੱਖਾਂ ਨੂੰ ਐਸੀ 'ਬੈਲ' ਵਾਲੀ ਜੀਵਨੀ ਤੋਂ ਸੁਚੇਤ ਕਰਵਾਇਆ ਹੈ, ਇਹ ਭਵਿੱਖਵਾਣੀ ਨਹੀਂ ਕੀਤੀ ਕਿ ਮਨੁੱਖ ਮਰਨ ਬਾਅਦ 'ਬੈਲ' ਬਣ ਜਾਵੇਗਾ। ਜੋ ਮਨੁੱਖ ਹੁਣੇ ਹੀ ਬੈਲ ਵਾਂਗੂੰ ਜੀਵਨ ਜਿਊ ਰਿਹਾ ਹੈ, ਉਸਨੂੰ ਮਰਨ ਮਗਰੋਂ ਬੈਲ ਦੀ ਜੂਨੀ 'ਚ ਪੈਣਾ ਵੀ ਪਵੇ ਤਾਂ ਇਹ ਵਿਚਾਰ ਨਿਰਮੂਲ ਹੈ ਕਿਉਂਕਿ ਜੇ ਮਨੁੱਖਾ ਜਨਮ ਹੀ ਅਜਾਈਂ ਚਲਾ ਗਿਆ ਤਾਂ ਸਰੀਰਕ ਮੌਤ ਮਗਰੋਂ 'ਬੈਲ ਜਾਂ ਕੁਝ' ਵੀ ਬਣੋ ਉਸਦਾ ਕੀ ਫਾਇਦਾ ਜਾਂ ਨੁਕਸਾਨ। ਦਰਅਸਲ ਮਨੁੱਖ ਹੋ ਕੇ ਬੈਲ ਵਾਂਗ ਜਿਊਣਾ ਬੜੇ ਦੁਖ, ਅਫਸੋਸ ਦੀ ਗੱਲ ਹੈ।

**ਬੇਨਤੀ:-** ਮਨੁੱਖਾ ਜੀਵਨ 'ਚ ਬੈਲ, ਖੋਤੇ, ਹਾਥੀ, ਕੁੱਤੇ, ਕਾਂ, ਬਾਂਦਰ ਆਦਿ ਵਾਂਗ ਜਿਊਣਾ ਹੀ 'ਜਨਮ ਮਰਨ' 'ਚ ਪੈਣਾ ਕਹਿਲਾਉਂਦਾ ਹੈ। ਗੁਰਮਤ 'ਚ ਐਸੇ ਜੀਵਨ ਨੂੰ ਮਨੁੱਖਾ ਜੀਵਨ ਕਹਿੰਦੇ ਹੀ ਨਹੀਂ ਹਨ।

ਅਸੀਂ ਨਿਮਰਤਾ ਸਹਿਤ ਇਹ ਬੇਨਤੀ ਕਰਨਾ ਚਾਹੁੰਦੇ ਹਾਂ ਕਿ ਭਾਵੇਂ ਕੋਈ (ਮਰਨ ਮਗਰੋਂ) ਅੱਗੇ ਦਾ ਸਵਰਗ-ਨਰਕ, ਜੱਨਤ-ਦੋਜ਼ਖ, ਪਰਲੋਕ-ਬੈਕੁੰਠ, ਆਵਾਗਵਨ, ਪੁਨਰ ਜਨਮ, ਜਮ, ਜਮਰਾਜ, ਚਿਤ੍ਰਗੁਪਤ, ਦਰਗਾਹ, ਪੁਰਸਲਾਤ, ਤਰਣੀ ਨਦੀ ਪਿਆ ਮੰਨੇ ਲੇਕਿਨ ਨਿਰਪਖ ਹੋ ਕੇ ਇਸੇ ਸਿੱਟੇ ਤੇ ਹੀ ਪੁੱਜਣਾ ਪਵੇਗਾ ਕਿ ਐ ਮਨੁੱਖ, ਵਰਤਮਾਨ ਜੀਵਨ ਦਾ ਸਮਾਂ ਜ਼ਾਇਆ ਨਾ ਕਰ, ਬਲਕਿ ਇਸੇ ਜੀਵਨ ਨੂੰ ਸੰਵਾਰ।

ਸਾਰੀ ਸ੍ਰਿਸ਼ਟੀ 'ਚ ਰੱਬੀ ਨਿਯਮ (ਕੁਦਰਤ) ਅਟਲ ਹਨ, ਸਾਰੇ ਜੀਵਾਂ 'ਚ ਅਤੇ ਮਨੁੱਖਾਂ 'ਚ ਰੱਬ ਜੀ ਵਸਦੇ ਹਨ। ਮਨੁੱਖਾ ਜੀਵਨ ਇਕ ਸੁਨਹਿਰੀ ਮੌਕਾ ਹੈ ਜਿਸ ਵਿਚ ਰੱਬੀ ਗੁਣਾਂ ਨੂੰ ਜਿਊ ਸਕਦੇ ਹਾਂ, ਰੱਬ ਜੀ ਨੂੰ ਮਾਣ ਸਕਦੇ ਹਾਂ ਅਤੇ ਰੱਬੀ ਇਕਮਿਕਤਾ ਪ੍ਰਾਪਤ ਕਰ ਸਕਦੇ ਹਾਂ। ਇਸਦਾ ਭਰਪੂਰ ਲਾਹਾ ਲੈਣ ਲਈ 'ਸਤਿਗੁਰ' (divine wisdom, universal truth) ਅਨੁਸਾਰ ਅਮਲੀ ਜੀਵਨੀ ਵਲ ਉੱਦਮ ਕਰੀਏ। ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਅਸੀਂ ਹਰੇਕ ਗੱਲ ਦੀ ਗਹਿਰਾਈ (ਜੜ) ਤਕ ਪੁੱਜਣ ਦਾ ਜਤਨ ਕਰੀਏ ਤਾਂ ਕਿ ਅੰਧ ਵਿਸ਼ਵਾਸ ਦਾ ਪੱਲਾ ਛੱਡ ਕੇ ਸੱਚ ਅਨੁਸਾਰ ਆਪਣੇ ਜੀਵਨ ਦੀ ਉਸਾਰੀ ਕਰ ਸਕੀਏ ਅਤੇ ਹੋਰਨਾਂ ਨੂੰ ਵੀ ਅੰਧ ਵਿਸ਼ਵਾਸ ਤੋਂ ਮੁਕਤ ਕਰਾਉਣ ਦੇ ਉਪਰਾਲੇ ਕਰੀਏ।

## ਦੁਖ ਸੁਖ

**"ਇਹ ਦੁਨੀਆ ਦੁਖਾਂ ਦਾ ਘਰ ਹੈ। ਇਥੇ ਜੰਮਣ ਵੇਲੇ ਵੀ ਦੁਖ ਅਤੇ ਮਰਨ ਵੇਲੇ ਵੀ ਦੁਖ। ਇਥੇ ਤਾਂ ਸਾਰਾ ਜੀਵਨ "ਦੁਖ ਹੀ ਦੁਖ" ਹਨ।"**

ਇਹ ਵਿਚਾਰਨਾ ਜ਼ਰੂਰੀ ਹੈ ਕਿ ਇਹ ਵਿਚਾਰਧਾਰਾ ਕਿਥੋਂ ਅਤੇ ਕਿਉਂ ਆਈ ? ਇਸ ਕਿਸਮ ਦੀ ਸੋਚ ਨੇ ਮਨੁੱਖ ਨੂੰ 'ਸਰੀਰਕ ਜਨਮ ਮੁੜ ਕੇ ਨਾ ਧਾਰਨ ਕਰਨਾ ਪਵੇ' ਵਾਲੀ ਵਿਚਾਰ ਵਲ ਪ੍ਰੇਰਿਆ। ਇਸ ਕਰਕੇ ਹੀ ਕਰਮਾਂ ਦੀ ਫਿਲਾਸਫ਼ੀ, ਆਵਾਗਵਨ, ਪੁਨਰਜਨਮ ਜਾਂ ਸਵਰਗ, ਨਰਕ, ਪਾਪ-ਪੁੰਨ ਜੈਸੀਆਂ ਵਿਚਾਰਧਾਰਾਵਾਂ ਨੇ ਜਨਮ ਲਿਆ ਅਤੇ ਇਸੇ ਕਰਕੇ ਹੀ ਮਨੁੱਖ ਨੇ ਵੱਖ-ਵੱਖ ਧਰਮਾਂ, ਮਜ਼ਹਬਾਂ, ਥਾਵਾਂ, ਬੋਲੀਆਂ ਕਰਕੇ ਸਰੀਰਕ ਮਰਨ ਮਗਰੋਂ ਮੁਕਤੀ ਦੇ ਫਲਸਫੇ ਪਰਚਾਰੇ ਹਨ। ਇਸੇ ਕਰਕੇ ਸਰੀਰਕ ਮਰਨ ਮਗਰੋਂ ਮ੍ਰਿਤਕ ਪ੍ਰਾਣੀ ਦੇ ਨਮਿਤ ਕਰਮ ਕਾਂਡ, ਅੰਤਮ ਸੰਸਕਾਰ, ਵਰ੍ਹੀਣਾ ਜਾਂ ਅਨੇਕਾਂ ਭਰਮ ਵਹਿਮ, ਪਾਖੰਡ ਰਚੇ ਹਨ। ਜਿਨ੍ਹਾਂ ਨੂੰ ਧਰਮ ਦੇ ਨਾਮ ਹੇਠ ਵਰਤ ਕੇ

ਕਈ ਮਨੁੱਖ ਆਪਣੀ ਰੋਜ਼ੀ ਰੋਟੀ ਚਲਾਉਂਦੇ ਹਨ। ਉਹ ਐਸੇ-ਐਸੇ ਪਾਖੰਡਾਂ ਦਾ ਪ੍ਰਚਾਰ ਕਰਦੇ ਹਨ ਜਿਨ੍ਹਾਂ ਰਾਹੀਂ ਮਨੁੱਖ ਸਰੀਰਕ ਜਨਮ ਤੋਂ ਲੈ ਕੇ ਮਰਨ (ਮੌਤ) ਤਕ ਜਿਤਨੇ ਵੀ ਕਰਮ ਕਰੇਗਾ, ਜੋ ਵੀ ਨਫੇ ਨੁਕਸਾਨ ਹੰਢਾਏਗਾ ਉਨ੍ਹਾਂ ਕਰਮਾਂ ਲਈ ਪਰਪੰਚੀਆਂ, ਠਗ੍ਹਾਂ ਦੀ ਵਿਚੋਲਾ-ਗਿਰੀ ਦਾ ਸਹਾਰਾ ਲੈਣਾ ਹੀ ਪਵੇਗਾ ਅਤੇ ਉਨ੍ਹਾਂ ਦਾ ਮੁਥਾਜ ਰਹੇਗਾ। ਸੋ ਲੋਕਾਂ ਦੀ ਅਗਿਆਨਤਾ ਕਾਰਨ, ਪਖੰਡੀਆਂ ਦੀਆਂ ਦੁਕਾਨਾਂ ਚਲਦੀਆਂ ਰਹਿੰਦੀਆਂ ਹਨ। ਇਨ੍ਹਾਂ ਸਭ ਦੇ ਪਿੱਛੇ ਮਨੁੱਖ ਦੀ ‘‘ਸਦੀਵੀ-ਸੁਖ’’ ਪ੍ਰਾਪਤ ਕਰਨ ਦੀ ਲਾਲਸਾ ਕੰਮ ਕਰ ਰਹੀ ਹੈ, ਜਿਸਦਾ ਫਾਇਦਾ ਠਗ੍ਹਾਂ ਪਰਪੰਚੀਆਂ ਨੂੰ ਹੁੰਦਾ ਰਹਿੰਦਾ ਹੈ ਪਰ ਰਤਾ ਮਾਤਰ ਵੀ ਮਨੁੱਖਤਾ ਦਾ ਭਲਾ ਨਹੀਂ ਹੁੰਦਾ। ਸੁਖ ਦੀ ਲਾਲਸਾ ਅਤੇ ਦੁੱਖ ਦਾ ਡਰ ਤਾਂਤ੍ਰਿਕਾਂ ਦੀ ਦੁਕਾਨ ਚਲਣ ਦਾ ਵਸੀਲਾ ਬਣ ਜਾਂਦਾ ਹੈ।

ਜੇ ਕਰ ਅਸੀ ਇਹ ਸੋਚਦੇ ਹਾਂ ਕਿ, ਇਥੇ ਜਨਮ ਵੇਲੇ ਦੁਖ ਹੈ, ਜੀਵਨ ਸਾਰਾ ਦੁਖ ਹੈ ਮਰਨ ਵੇਲੇ ਦੁਖ ਹੈ ਤਾਂ ਤੇ ਮਰ ਜਾਣਾ ਚੰਗੀ ਗੱਲ ਹੈ। ਦੁਖਮਈ ਜੀਵਨੀ ਤੋਂ ਡਰਨ ਦੇ ਬਾਵਜੂਦ ਵੀ ਆਖਰੀ ਸੁਆਸਾਂ ਤਕ ਵਧ ਤੋਂ ਵਧ ਜਿਊਣ ਦੀ ਆਸ ਕਿਉਂ ਹੈ। ਇਸ ਦਾ ਭਾਵ ਇਹ ਵੀ ਨਿਕਲਦਾ ਹੈ ਕਿ ‘ਇਹ ਦੁਨੀਆ ਦੁੱਖਾਂ ਦਾ ਘਰ ਨਹੀਂ ਬਲਕਿ ਇਹ ਦੁਨੀਆ ਸੁਖ ਮਾਣਨ ਦੀ, ਮਨੁੱਖਤਾ ਭਰਪੂਰ ਜੀਵਨੀ ਜਿਊਣ ਦੀ, ਪਿਆਰ ਮਾਣਨ ਦੀ ਥਾਂ ਹੈ।’ **‘ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ’** ਭਾਵ ਇਥੇ ਹਰੇਕ ਜਗ੍ਹਾ, ਰੱਬੀ ਨੂਰ ਹੀ ਨੂਰ ਹੈ, ਰੱਬ ਜੀ ਆਪ (omnipresent) ਹਾਜ਼ਰ ਹਜ਼ੂਰ ਹੋ ਕੇ ਸਰਬ ਵਿਆਪਕ ਰੂਪ ’ਚ ਮੌਜੂਦ ਹਨ। ਇਹ ਧਰਤੀ **‘‘ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ।।’’** ਹੈ ਤਾਂ ਇਸੇ ਧਰਤੀ ਨੂੰ, ਮਨੁੱਖਾ ਜੀਵਨ ਵਿਚ ਰੱਬੀ ਮਿਲਨ ਦਾ ਅਵਸਰ ਸਮਝ ਕੇ ਕਿਉਂ ਨਾ ਜੀਵੀਏ ? ਕਿਉਂ ਨਾ ਕੁਦਰਤ ਚੋਂ ਉਸ ਕਰਤੇ ਨੂੰ ਮਹਿਸੂਸ ਕਰਕੇ (ਬਲਿਹਾਰੀ ਕੁਦਰਤ ਵਸਿਆ) ਸਾਰੇ ਮਨੁੱਖਾਂ ਨਾਲ ਪਿਆਰ ਭਰਿਆ ਜੀਵਨ ਜੀਵੀਏ ਤੇ ਮਾਣੀਏ ? ਜਿਸ ਮਨੁੱਖ ਨੇ ਮਾੜੇ ਕਰਮਾਂ ਕਰਕੇ ਅਸ਼ਾਂਤ, ਖੁਆਰੀ ਵਾਲਾ, ਕੁਰਬਲ-ਕੁਰਬਲ ਜੀਵਨ ਬਿਤਾਇਆ ਹੋਵੇ ਉਹ ਤਾਂ ਸੋਚੇ ਕਿ ਮੁੜ ਕੇ ਸਰੀਰਕ ਜਨਮ ਨਹੀਂ ਲੈਣਾ ਪਰ ਜਿਸ ਮਨੁੱਖ ਨੇ ਸਤਿਗੁਰ (divine wisdom, universal truth) ਅਨੁਸਾਰ ਆਦਰਸ਼ਕ ਜੀਵਨ (ideal, full of humanity) ਜੀਵਿਆ ਹੋਵੇ ਅਤੇ **‘‘ਘਟ ਘਟ ਮੈ ਹਰਿ ਜੂ ਬਸੈਂ’, ‘ਸਭੈ ਘਟ ਰਾਮੁ ਬੋਲੈਂ’, ‘ਕੁਦਰਤਿ ਕੇ ਸਭ ਬੰਦੇ’’**, ਮਾਨਿਆ ਹੋਵੇ, ਉਹ ਹਿਰਦਾ ਤਾਂ, ਕਦੀ ਵੀ ਇਹ ਮੰਗ ਨਹੀਂ ਕਰ ਸਕੇਗਾ ਕਿ ‘ਇਹ ਜਗ ਦੁਖਾਂ ਦਾ ਘਰ ਹੈ ਇਥੇ ਮੁੜ ਕੇ ਜਨਮ ਲੈਣਾ ਹੀ ਨ ਪਵੇ’।

**ਨੋਟ:-** 1. ਮਨੁੱਖ ਦਾ ਜਨਮ ਲੈਣਾ ਉਸ ਦੇ ਵਸ ਨਹੀਂ ਹੈ ਅਤੇ ਇਹ ਵੀ ਉਸ ਦੇ ਵਸ ਨਹੀਂ ਕਿ ਉਹ ਕਿਹੜੇ ਘਰ, ਕਿਹੜੇ ਦੇਸ਼, ਕਿਹੜੀ ਜ਼ਾਤ, ਕਿਹੜੇ ਮਜ਼੍ਹਬ ਵਾਲੇ ਘਰ ’ਚ ਜੰਮੇ ?

2. ਮਨੁੱਖ ਦੇ ਵਸ ਇਹ ਵੀ ਨਹੀਂ ਹੈ ਕਿ ਉਸਦੀ ਸਰੀਰਕ ਮੌਤ ਕਿਸ ਤਰ੍ਹਾਂ ਕਿਹੜੇ ਵੇਲੇ, ਕਿਹੜੀ ਥਾਂ, ਕਿਹੜੀ ਉਮਰ, ’ਚ ਕਿਹੜੇ-ਕਿਹੜੇ ਕੰਮ ਪੂਰੇ ਕਰਕੇ ਹੋਵੇ।

**1. ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ।।**

**2. ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।।**

**3. ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ।।**

ਸੋ ਸਰੀਰਕ ਜੰਮਣਾ ਜਾਂ ਮੁੜ ਕੇ ਨਾ ਜੰਮਣਾ ਜਾਂ ਮੌਤ ਤੋਂ ਬਚਣਾ ਮਨੁੱਖ ਦੇ ਵਸ ਹੈ ਹੀ ਨਹੀਂ। ਜੇ ਕਰ ਮਨੁੱਖ ਦੇ ਵਸ ਹੈ ਹੀ ਨਹੀਂ ਤਾਂ ਮਨੁੱਖ ਵੀ ਪਸ਼ੂ-ਪੰਛੀਆਂ, ਜੀਵਾਂ-ਜੰਤਾਂ ਵਾਂਗ ਇਸ ਸਰੀਰਕ ਜਨਮ-ਮਰਨ ਨੂੰ ਰੱਬੀ ਰਜ਼ਾ ’ਚ, ਸਿਰ ਮੱਥੇ ਕਿਉਂ ਨਹੀਂ ਮੰਨ ਲੈਂਦਾ ? ਕਿਉਂ ਧਰਮੀ, ਮਜ਼੍ਹਬੀ ਕਰਮਕਾਂਡਾਂ ਰਾਹੀ ਝੁਠਲਾਉਣਾ, ਰੱਦ

ਕਰਨਾ ਜਾਂ ਨਕਾਰਨਾ ਚਾਹੁੰਦਾ ਹੈ। ਕਿਉਂ ਚਾਹੁੰਦਾ ਹੈ ਕਿ ਐਸੇ ਜਪ ਤਪ, ਕਰਮਕਾਂਡ ਕਰਾਂ ਜਿਨ੍ਹਾਂ ਨਾਲ ਮੁੜ ਕੇ ਜੰਮਣਾ ਹੀ ਨਾ ਪਵੇ। ਰੱਬੀ ਹੁਕਮ, ਰਜ਼ਾ 'ਚ ਮਨੁੱਖ ਵਲੋਂ ਖਲਲ ਪਾਉਣਾ (intervene) ਨਿਰਮੂਲ ਹੈ ਕਿਉਂਕਿ ਰੱਬੀ ਹੁਕਮ ਤਾਂ ਅਟਲ ਹੈ।

ਅਸੀਂ ਅਨੇਕ ਫ਼ਲਸਫਿਆਂ, ਖਿਆਲਾਂ (notions) ਅਤੇ ਸੁਣੀ ਸੁਣਾਈ ਕਾਰਨ, ਮਰਨ ਮਗਰੋਂ ਸਵਰਗ, ਨਰਕ, ਜਨੱਤ, ਦੋਜ਼ਖ, ਬੈਕੁੰਠ, ਪਰਲੋਕ, ਬਹਿਸ਼ਤ, ਰੱਬੀ ਚਰਨਾਂ 'ਚ ਨਿਵਾਸ, ਸਚਖੰਡ, ਆਦਿ ਮੰਨਦੇ ਹਾਂ ਪਰ ਹਕੀਕਤ ਵਿਚ ਤਾਂ 'ਸਤਿਗੁਰ' (universal truth) ਅਨੁਸਾਰ ਰੱਬੀ ਨਿਯਮ ਹਰੇਕ ਮਨੁੱਖ ਲਈ ਹਰੇਕ ਜਗ੍ਹਾ ਪੂਰਨ ਅਤੇ ਇਕ ਸੁਰ, ਨਿਰਪਖ ਲਾਗੂ (equally applicable) ਹੋ ਰਹੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਨੁਸਾਰ ਇਹੀ 'ਸੱਚ ਦਾ ਗਿਆਨ' ਹੈ। ਸੱਚ ਦਾ ਗਿਆਨ ਸਾਰੀ ਮਨੁੱਖਤਾ ਨੂੰ ਸੱਚਾ-ਸੁਚਾ (ਦਲੀਲ ਭਰਪੂਰ) ਮਾਰਗ ਦ੍ਰਿੜਾਉਂਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ (ਸਿਧਾਂਤਾਂ) ਅਨੁਸਾਰ ਇਹ ਜਗ ਸੱਚਾ ਹੈ, ਸੱਚੇ ਕੀ ਕੋਠੜੀ ਹੈ, ਰੱਬ ਜੀ ਕਿਸੇ ਨੂੰ ਵੀ ਦੁਖ ਨਹੀਂ ਦਿੰਦੇ ਹਨ। ਜਿਨ੍ਹਾਂ ਗਲ੍ਹਾਂ ਦਾ ਵਾਪਰਨਾ ਅਸੀਂ ਸੁਖ-ਦੁਖ ਸਮਝਦੇ ਹਾਂ, ਗੁਰਬਾਣੀ ਉਨ੍ਹਾਂ ਨੂੰ ਸੁਖ-ਦੁਖ ਮੰਨਦੀ ਹੀ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ 'ਸੁਖ' ਅਤੇ 'ਦੁਖ' ਦੀ ਪਰਿਭਾਸ਼ਾ ਹੀ ਕੁਝ ਹੋਰ ਹੈ। ਜਿਨ੍ਹਾਂ ਨੂੰ ਅਸੀਂ ਦੁਖ ਮੰਨਦੇ ਫਿਰਦੇ ਹਾਂ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ 'ਦੁਖ ਦਾਰੂ' ਮੰਨਿਆ ਜਾਂਦਾ ਹੈ ਅਤੇ ਜਿਨ੍ਹਾਂ ਨੂੰ ਅਸੀਂ ਸੁਖ ਮੰਨ ਕੇ ਉਨ੍ਹਾਂ ਦੀ ਪ੍ਰਾਪਤੀ ਲਈ ਭੱਜ-ਦੌੜ ਕਰਦੇ ਹਾਂ, ਉਨ੍ਹਾਂ ਅਖੌਤੀ ਸੁਖਾਂ ਨੂੰ ''ਸੁਖ ਰੋਗ ਭਇਆ'' ਕਹਿੰਦੇ ਹਨ।

**1. ਦੁਖ ਅਖੌਤੀ :-** ਘਰ ਬੱਚਾ ਨਾ ਹੋਣਾ, ਪੁੱਤਰ ਨਾ ਜੰਮਣਾ, ਵਿਆਹ ਨਾ ਹੋ ਸਕਣਾ, ਧੰਦੇ ਵਿਚ ਘਾਟਾ ਪੈ ਜਾਣਾ, ਘਰ ਕੋਈ ਬੀਮਾਰ ਹੋਵੇ, ਘਰ ਦੇ ਕਿਸੇ ਮੈਂਬਰ ਦੀ ਮੌਤ, ਕਮਾਈ ਦਾ ਵਸੀਲਾ ਨਾ ਬਣ ਪਾਵੇ, ਪੜ੍ਹਾਈ 'ਚ ਫੇਲ ਹੋ ਜਾਣਾ, ਆਪਣਾ ਟੀਚਾ (goal) ਪੂਰਾ ਨ ਕਰ ਸਕਣਾ, ਇਸ ਤਰ੍ਹਾਂ ਦਾ ਕੁਝ ਵੀ ਸਾਡੇ ਸਰੀਰਕ ਜੀਵਨ, ਪਰਿਵਾਰ, ਸੰਬੰਧੀਆਂ ਜਾਂ ਸਮਾਜ ਆਦਿ 'ਚ ਵਾਪਰੇ ਤਾਂ ਉਨ੍ਹਾਂ ਸਭ ਦਾ ਨਾਮ ਅਸੀਂ 'ਦੁਖ' ਰਖਿਆ ਹੋਇਆ ਹੈ।

**2. ਸੁਖ ਅਖੌਤੀ :-** ਇਸ ਦੇ ਉਲਟ ਸਾਡੇ ਮਨ ਦੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਰਹਿਣ, ਸਰੀਰਕ ਸੁਖਾਂ ਲਈ ਸਾਰੀਆਂ ਸਹੂਲਤਾਂ, ਅਮੀਰੀ, ਵਧੀਆ ਕੰਮ ਧੰਧਾ, ਪੁੱਤਰ, ਧੀਆਂ, ਵਿਆਹ, ਘਰ 'ਚ ਕਿਸੇ ਦਾ ਬੀਮਾਰ ਨਾ ਹੋਣਾ ਅਤੇ ਕਿਸੀ ਦਾ ਵੀ ਘਰ 'ਚ ਨਾ ਮਰਨਾ ਆਦਿ ਦਾ ਨਾਮ 'ਸੁਖ' ਰਖਿਆ ਹੋਇਆ ਹੈ।

ਦੁਖ, ਸੁਖ ਦੋਨੋ ਹੀ ਸਾਡੇ ਮਨ ਦੇ, ਆਪਣੇ ਖਿਆਲ ਹਨ। ਇਨ੍ਹਾਂ ਕਿਸਮਾਂ ਦੇ ਅਖੌਤੀ ਦੁਖਾਂ ਨੂੰ ਸਹਾਰ ਨ ਸਕਣ ਕਾਰਨ, ਮਨੁੱਖ ਚਾਹੁੰਦਾ ਹੈ ਕਿ 'ਸਰੀਰਕ ਜਨਮ' ਕਦੀ ਲੈਣਾ ਹੀ ਨ ਪਵੇ। ਸਾਰੇ ਅਖੌਤੀ ਧਾਰਮਕ ਪ੍ਰਚਾਰਕ (ਠੇਕੇਦਾਰ, ਵਿਚੋਲੇ) ਸਾਰੀ ਦੁਨੀਆ ਨੂੰ ਇਨ੍ਹਾਂ ਦੁਖਾਂ ਤੋਂ ਛੁਟਕਾਰਾ ਦਿਵਾਉਣ ਲਈ, ਧਰਮ ਦੇ ਨਾਮ ਹੇਠ, ਕਰਮ ਕਾਂਡ ਅਤੇ ਪਾਖੰਡ ਸਿਖਾਉਂਦੇ ਤੇ ਕਰਵਾਉਂਦੇ ਰਹਿੰਦੇ ਹਨ। ਪਰ ਅਫਸੋਸ, ਧਰਮ ਅਤੇ ਮਜ਼੍ਹਬ ਦੇ ਬੁਰਕੇ ਹੇਠ ਵਿਚੋਲਿਆਂ ਨੇ ਮਨੁੱਖ ਨੂੰ ਲਾਲਚ ਦੇਣੇ ਸ਼ੁਰੂ ਕਰ ਦਿੱਤੇ ਕਿ ਐ ਮਨੁੱਖ, ਜੇ ਤੂੰ ਫਲਾਣੇ-ਫਲਾਣੇ ਕਰਮਕਾਂਡ ਪਾਖੰਡ ਕਰੇਂਗਾ ਤਾਂ ਰੱਬ ਜੀ ਤੈਨੂੰ ਮਨ ਭਾਉਂਦੇ ਸੁੱਖ ਦੇ ਦੇਣਗੇ। ਜੇ ਤੂੰ ਫਲਾਣੇ ਕਰਮਕਾਂਡ, ਹਠ, ਜੋਗ ਪਾਖੰਡ ਨਾ ਕੀਤੇ ਤਾਂ ਰੱਬ ਜੀ ਤੈਨੂੰ ਦੁਖ ਦੇਣਗੇ। ਸੋ ਐ ਮਨੁੱਖ, ਤੂੰ ਫਲਾਣੇ ਮਜ਼ਬ, ਧਰਮ, ਸਾਧੂ ਬਾਬੇ, ਪੀਰ ਨੂੰ ਮੰਨ (follow ਕਰ) ਤਾਂ ਕਿ ਤੈਨੂੰ ਤੇਰੇ ਮਨ ਭਾਉਂਦੇ ਵਧ ਤੋਂ ਵਧ 'ਸੁਖ' ਮਿਲ ਸਕਣ ਅਤੇ 'ਦੁਖ' ਕਦੇ ਵੀ ਨਾ ਮਿਲਣ। ਅਗਿਆਨਤਾਵਸ ਡਰੇ ਹੋਏ ਲੋਕਾਂ ਨੂੰ ਅਖੌਤੀ ਧਾਰਮਕ ਪ੍ਰਚਾਰਕਾਂ ਨੇ ਦੁਖਾਂ ਬਾਰੇ

ਸਮਝਾਉਣ ਬਦਲੇ ਹੋਰ ਡਰਾਉਣਾ ਸ਼ੁਰੂ ਕਰ ਦਿੱਤਾ। ਇਥੇ ਹੀ ਬਸ ਨਹੀਂ ਲੋਕਾਂ ਨੂੰ ਇਹ ਵੀ ਕਹਿਣਾ ਸ਼ੁਰੂ ਕਰ ਦਿੱਤਾ ਕਿ ਤੁਸੀਂ ਜੋ ਦੁਖ ਭੋਗ ਰਹੇ ਹੋ, ਉਹ ਪਿਛਲੇ ਜਨਮਾਂ ਦੇ ਕਰਮਾਂ ਕਰਕੇ ਹਨ ਅਤੇ ਹੋਰ ਭਰਮ ਵਧਾ ਦਿੱਤਾ ਕਿ ਜੇ ਮਨੁੱਖ ਫਲਾਣੇ ਧਰਮ, ਕਰਮ, ਹਠ, ਜੋਗ, ਮੰਤਰ, ਪਾਠ ਰਟਨ, ਤੀਰਥਾਂ ਦੀ ਯਾਤਰਾ ਕਰਦਾ ਰਹੇ ਤਾਂ ਉਸ ਦੇ ਕਰਮਾਂ ਦੀ ਫਾਹੀ ਕੱਟੀ ਜਾਵੇਗੀ। ਅਜਿਹੇ ਪ੍ਰਚਾਰਕਾਂ, ਵਿਚੋਲਿਆਂ ਨੇ ਲੋਕਾਂ ਨੂੰ ਰੋਟੀ ਕਪੜਾ ਮਕਾਨ ਜਾਂ ਸੁੱਖ ਸਹੂਲਤਾਂ ਤਾਂ ਕੀ ਦੇਣੇ ਸਨ ਜੋ ਉਨ੍ਹਾਂ ਕੋਲ ਸੀ ਉਹ ਵੀ ਠੱਗੀ ਨਾਲ ਭਰਮਾ ਕੇ, ਲੈ ਲਿਆ। ਦੁੱਖਾਂ ਤੋਂ ਡਰਦੇ ਮਨੁੱਖਾਂ ਨੂੰ ਮਰਨ ਤੋਂ ਬਾਅਦ ਸਵਰਗ ਦੀ ਪ੍ਰਾਪਤੀ ਦਾ ਲਾਲਚ ਦੇ ਕੇ ਧਰਮ ਦੇ ਨਾਂ ਹੇਠਾਂ ਹੋਰ ਕਰਮ ਕਾਂਡਾਂ ਵਿਚ ਫਸਾ ਦਿੱਤਾ।

ਅਖੌਤੀ ਧਾਰਮਕ ਪਰਪੰਚੀਆਂ ਨੇ ਲੋਕਾਂ ਦੀ ਲਾਲਸਾ ਵੇਖੀ ਕਿ ਉਹ ਸੁਖ, ਅਰਾਮ, ਪੈਸਾ, ਬਿਮਾਰੀ ਰਹਿਤ ਸਰੀਰ ਅਤੇ ਪਰਵਾਰ ਆਦਿ ਚਾਹੁੰਦੇ ਹਨ। ਸੋ ਉਨ੍ਹਾਂ ਨੇ ਇਹ ਪ੍ਰਚਾਰਿਆ ਕਿ ਜੋ ਕੁਝ ਸੁਖ, ਅਮੀਰੀ, ਪੁਤਰ, ਸਹੂਲਤਾਂ, ਰੁਤਬਾ, ਐਸ਼, ਉੱਚੀ ਜ਼ਾਤ ਮਾਣ ਰਹੇ ਹੋ, ਇਹ ਸਭ ਪਿਛਲੇ ਜਨਮਾਂ ਦਾ ਕੀਤਾ (ਬੀਜਿਆ) ਇਨਾਮ ਵਜੋਂ ਇਥੇ ਭੋਗ ਰਹੇ ਹੋ, ਨਾਲ ਹੀ ਡਰਾ ਵੀ ਦਿੱਤਾ ਕਿ "ਸਾਡੇ ਦੱਸੇ (ਅਖੌਤੀ ਧਰਮ, ਮਜ਼੍ਹਬ) ਕਰਮ ਕਾਂਡ, ਹਠ-ਜੋਗ, ਰੀਤ ਰਿਵਾਜ, ਤੀਰਥ, ਪਖੰਡ, ਨਹੀਂ ਕਰੋਗੇ ਤਾਂ ਇਹ ਸੁਖ ਹਥੋਂ ਖੁਸ ਜਾਣਗੇ ਤੇ ਅੱਗੇ ਨਰਕ ਵਿਚ ਦੁਖ ਵੀ ਭੋਗਣੇ ਪੈਣਗੇ। ਡਰ, ਪਾਪ-ਪੁੰਨ, ਲਾਲਚ ਦਾ ਸਾਰਾ ਜਾਲ ਬੁਣ ਕੇ ਮਨੁੱਖ ਲਈ ਅਖੌਤੀ ਆਵਾਗਵਨ, ਪੁਨਰਜਨਮ, ਸਵਰਗ-ਨਰਕ, ਜੰਨਤ-ਦੋਜ਼ਖ ਅਤੇ ਬਹਿਸ਼ਤ ਦਾ ਖਿਆਲੀ ਫਲਸਫਾ ਪੇਸ਼ ਕਰ ਦਿੱਤਾ। ਮਨੁੱਖ ਨੂੰ ਪਤਾ ਹੀ ਨਹੀਂ ਕਿ ਮਰਨ ਮਗਰੋਂ ਦਿੱਤੇ ਲਾਲਚ ਅਨੁਸਾਰ, ਅਖੌਤੀ ਸਵਰਗ ਜਾਂ ਜਨੱਤ ਮਿਲਣਗੇ ਕਿ ਨਹੀਂ ਅਤੇ ਇਹ ਵੀ ਪੱਕਾ ਸਬੂਤ ਨਹੀਂ ਕਿ ਉਥੇ ਸ਼ਰਾਬਾਂ ਦੀਆਂ ਨਦੀਆਂ, ਹੂਰਾਂ ਅਤੇ ਸਾਰੇ ਸੁਖ ਮਿਲਦੇ ਵੀ ਹਨ ਕਿ ਨਹੀਂ ਪਰ ਇਨ੍ਹਾਂ ਸੋਚਾਂ ਦਾ ਦੁਖਾਂਤ ਇਹ ਵਾਪਰਿਆ ਕਿ ਇਥੇ ਸਰੀਰਕ ਜੀਵਨ ਜਿਉਂਦਿਆਂ ਮਨੁੱਖ ਆਪਣਾ ਵਰਤਮਾਨ ਜੀਵਨ ਸੰਵਾਰਨ ਤੋਂ ਵਾਂਝਾ ਰਹਿ ਗਿਆ। ਭਵਿੱਖ ਦੇ ਸਵਰਗ, ਜਨੱਤ ਦੇ ਲਾਲਚ ਵਿਚ ਆਪਣਾ ਵਰਤਮਾਨ ਵੀ ਖੁਆਰ ਕਰ ਲਿਆ (ਨਰਕ ਬਣਾ ਲਿਆ)।

ਅਫਸੋਸ, ਮਨੁੱਖ ਦਾ ਵਰਤਮਾਨ ਖਰਾਬ ਹੋ ਗਿਆ। ਜੋ ਅਖੌਤੀ ਧਾਰਮਕ ਪ੍ਰਚਾਰਕ, ਵਿਚੋਲੇ ਲੋਕਾਈ ਨੂੰ ਸਦੀਵੀ ਸੁਖਾਂ ਦੀ ਲਾਲਸਾ ਦੇ ਰਹੇ ਸਨ ਜਾਂ ਹਜ਼ਾਰਾਂ ਸਾਲਾਂ ਤੋਂ ਅਜ ਤਕ ਦੇ ਰਹੇ ਹਨ ਉਹ ਆਪ ਵੀ ਅਖੌਤੀ (ਸਦੀਵੀ) ਸੁਖ ਪ੍ਰਾਪਤ ਨਹੀਂ ਕਰ ਸਕੇ ਅਤੇ ਜਿਨ੍ਹਾਂ ਦੁਖਾਂ ਤੋਂ ਲੋਕਾਂ ਨੂੰ ਬਚਾਉਣਾ ਚਾਹੁੰਦੇ ਸਨ ਉਹ ਸਾਰੇ ਦੁਖ ਉਹ ਆਪ ਵੀ ਭੋਗ ਰਹੇ ਹਨ।

ਦੁਨੀਆ ਦਾ ਕੋਈ ਐਸਾ ਮਨੁੱਖ ਨਹੀਂ ਹੈ ਜੋ ਅਖੌਤੀ ਸੁਖ-ਦੁਖ ਤੋਂ ਵਾਂਝਾ ਹੋਵੇ ਭਾਵ ਇਹ ਤਾਂ ਮਨੁੱਖਾਂ ਨੂੰ ਹੰਡਾਉਣੇ ਹੀ ਪੈਂਦੇ ਹਨ। ਇਹ ਸੁਖ-ਦੁਖ ਨਹੀਂ, ਇਹ ਤਾਂ ਰੱਬੀ ਨਿਯਮਾਵਲੀ ਹੈ। ਅਸੀਂ ਸੋਚਦੇ ਹਾਂ ਕਿ ਫਲਾਣਾ ਬੜਾ ਸੁਖੀ ਹੋਵੇਗਾ ਕਿਉਂਕਿ ਉਨ੍ਹਾਂ ਦੇ ਅੱਗੇ ਪਿਛੇ ਚੇਲੇ ਚਪਾਟੇ ਪਰਚਾਰਦੇ ਰਹਿੰਦੇ ਹਨ ਕਿ ਉਹ ਤਾਂ ਬਹੁਤ ਸੁਖੀ ਹਨ ਉਨ੍ਹਾਂ ਨੂੰ ਤਾਂ ਰੋਗ ਹੀ ਨਹੀਂ ਲਗਾ ਆਦਿ ਐਸਾ ਝੂਠਾ ਪਰਚਾਰ ਹੀ ਲੋਕਾਈ ਨੂੰ ਠੱਗਣ ਦਾ ਕਾਰਨ ਬਣ ਜਾਂਦਾ ਹੈ। ਇਹ ਗੱਲ ਵਖਰੀ ਹੈ ਕਿ ਅਖੌਤੀ ਧਾਰਮਕ ਆਗੂਆਂ, ਸੰਤਾਂ, ਸਾਧਾਂ, ਪੀਰਾਂ, ਅਵਤਾਰਾਂ ਨੂੰ ਅਸੀਂ ਨੇੜੇ ਜਾ ਕੇ ਕਦੀ ਵੇਖਿਆ ਨਹੀਂ ਉਨ੍ਹਾਂ ਦੇ ਨਿਜੀ ਜੀਵਨ 'ਚ ਕੀ-ਕੀ ਦੁਖ ਵਾਪਰਦੇ ਹਨ, ਕਿਹੜੀ-ਕਿਹੜੀ ਦੁਸ਼ਮਨੀ ਵੈਰ ਉਹ ਪਾਲਦੇ ਹਨ, ਕਿਵੇਂ ਸਰੀਰਕ ਦੁਖ ਹੰਡਾਉਂਦੇ ਹਨ।

**ਗੁਰੂ ਗ੍ਰੰਥ ਸਾਹਿਬ (ਸਤਿਗੁਰ, true knowledge) ਅਨੁਸਾਰ ਸੁਖ-ਦੁਖ :-** ਗੁਰੂ ਗ੍ਰੰਥ ਸਾਹਿਬ ਜੀ 'ਚ ਸਮਝਾਇਆ ਗਿਆ ਹੈ ਕਿ ਅਖੌਤੀ ਸੁਖ ਤੇ ਦੁਖ ਅਸਲੀਅਤ ਵਿਚ ਹਰੇਕ ਮਨੁੱਖ ਨੇ ਹੰਡਾਉਣੇ ਹੀ ਹਨ। **'ਸੁਖੁ**

**ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ॥'** (ਗੁਰੂ ਗ੍ਰੰਥ ਸਾਹਿਬ, ਪੰਨਾ : 149) ਜਿਵੇਂ ਕੋਈ ਕੱਪੜੇ ਰੋਜ਼ ਬਦਲਦਾ ਹੈ ਉਵੇਂ ਹੀ ਮਨੁੱਖਾਂ ਨੇ ਸੁਖ-ਦੁਖ ਰੂਪੀ ਕਪੜੇ ਬਦਲਣੇ ਹੀ ਹਨ। ਮਨੁੱਖ ਨੂੰ ਦੁਖ ਹੰਡਾਉਣ ਲਈ ਜਿਸ ਦਸ਼ਾ ਵਿਚੋਂ ਗੁਜ਼ਰਨਾ ਪੈਂਦਾ ਹੈ, ਉਹੋ ਦਸ਼ਾ ਮਨੁੱਖ ਨੂੰ ਗਲਤੀਆਂ ਤੋਂ ਸੁਚੇਤ ਕਰਵਾ ਕੇ ਅੱਗੇ ਵਧਣਾ ਸਿਖਾਉਂਦੀ ਹੈ। ਸੁਖਾਂ 'ਚ ਗਲਤਾਨ ਹੋ ਕੇ ਮਨੁੱਖ ਜੋ ਨੁਕਸਾਨ ਉਠਾਉਂਦਾ ਹੈ ਉਨ੍ਹਾਂ ਕਾਰਨ ਮਨੁੱਖ ਨੂੰ ਅੱਗੇ ਲਈ ਚਿਤਾਵਨੀ ਭਰੀ ਸੁਚੇਤਤਾ ਆਉਂਦੀ ਹੈ। ਜੋ ਮਨੁੱਖ ਕੇਵਲ ਸੁਖਾਂ ਦੀ ਖਾਤਰ, ਦੀਨ-ਈਮਾਨ ਛੱਡ ਕੇ ਗਲਤ ਜੀਵਨੀ ਵਲ ਪੈ ਜਾਂਦੇ ਹਨ ਉਹ ਆਤਮਕ, ਮਾਨਸਕ, ਪਰੇਸ਼ਾਨੀਆਂ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਜੋ ਦੁਖਾਂ ਤੋਂ ਡਰਦੇ ਹਨ ਉਹ ਕਿਸਮਤ, ਪਿਛਲੇ ਜਨਮਾਂ ਦੇ ਮੱਥੇ ਲਿਖੇ ਭਾਗ ਆਦਿ ਦੀ ਸੋਚਣੀ ਵਾਲੇ ਕਿਰਦਾਰ ਦੇ ਧਾਰਨੀ ਬਣ ਜਾਂਦੇ ਹਨ। ਦੁਖਾਂ ਨੂੰ ਸਹਾਰ ਨ ਸਕਣ ਦੀ ਹਿੰਮਤ ਹੀ ਭਵਿਖ ਫਲ, ਜਾਦੂ ਟੂਣੇ ਤਾਂਤ੍ਰਿਕ, ਚੰਨ-ਤਾਰੇ ਅਤੇ ਵਾਸਤੂ ਕਲਾ ਆਦਿ ਦੀ ਸੋਚਣੀ ਨੂੰ ਜਨਮ ਦਿੰਦੀ ਹੈ। ਇਸੇ ਡਰ ਕਾਰਨ ਲੋਕੀ (majority) ਕਿਸੇ ਤਾਂਤ੍ਰਿਕ ਰਾਹੀਂ, ਨੀਲੇ ਕਾਲੇ ਪਥੱਰ ਪਾ ਕੇ ਦੁਖਾਂ ਤੋਂ ਬਚਣ ਦੇ ਸਾਧਨ ਕਰਦੇ ਰਹਿੰਦੇ ਹਨ। ਦੁਖਾਂ ਤੋਂ ਛੁਟਕਾਰਾ ਤਾਂ ਮਿਲ ਨਹੀਂ ਪਾਉਂਦਾ ਬਲਕਿ ਇਕ ਨਵਾਂ ਜੰਜਾਲ ਸਹੇੜ ਲੈਂਦੇ ਹਨ।

ਗੁਰੂ ਗ੍ਰੰਥ ਸਾਹਿਬ ਜੀ 'ਚ ਮਨੁੱਖ ਨੂੰ ਸਮਝਾਇਆ ਹੈ ਕਿ 'ਅਸਲੀ ਦੁਖ' ਤੇ 'ਅਸਲੀ ਸੁਖ' ਕੀ ਹੈ। ਦਰਅਸਲ 'ਸੁਖ ਤੇ ਦੁਖ' ਤਾਂ ਮਨ ਦੀਆਂ ਅਵਸਥਾਵਾਂ ਹਨ।

ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਅਨੁਸਾਰ ਦੁਨਿਆਵੀ ਧਨ ਪਦਾਰਥ ਆਦਿ ਅਖੌਤੀ ਸੁਖ ਹਨ ਕਿਉਂਕਿ ਮਨੁੱਖ ਉਨ੍ਹਾਂ ਸਭ ਦੀ ਪ੍ਰਾਪਤੀ ਮਗਰੋਂ ਜੇ ਸੱਚ ਦੇ ਗਿਆਨ ਅਨੁਸਾਰ ਨਹੀਂ ਜਿਊਂਦਾ ਤਾਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ (ਵਿਕਾਰਾਂ) ਵਸ ਪੈ ਕੇ ਬਾਹਰਲੇ ਸੁਖ, ਅਰਾਮ, ਪੈਸਾ, ਸ਼ੁਹਰਤ ਆਦਿ ਹੁੰਦੇ ਹੋਏ ਵੀ ਮਾਨਸਿਕ ਰੋਗੀ ਹੋ ਜਾਂਦਾ ਹੈ।

**'ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥'** (ਗੁਰੂ ਗ੍ਰੰਥ ਸਾਹਿਬ, ਪੰਨਾ : 149) ਅਨੁਸਾਰ ਸੁੱਖ ਮਾਣਦਿਆਂ **'ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੈ॥'** ਵਾਲਾ ਜੀਵਨ ਦ੍ਰਿੜਾਇਆ ਹੈ। ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਮਨੁੱਖ ਨੂੰ ਸਮਝਾਇਆ ਹੈ ਕਿ ਅਖੌਤੀ ਸੁਖ ਵਿਚ ਗਲਤਾਨ, ਜਦੋਂ ਤੂੰ ਰੱਬੀ ਗੁਣਾਂ ਵਾਲਾ ਜੀਵਨ ਨਹੀਂ ਜਿਊਂਦਾ, ਰੱਬੀ ਯਾਦ 'ਚ ਰਹਿ ਕੇ, ਨੇਕ ਚਾਲ ਚਲਨ, ਉੱਚੇ ਕਿਰਦਾਰ ਅਤੇ ਸਾਂਝੀਵਾਲਤਾ ਵਾਲੀ ਜੀਵਨੀ ਨਹੀਂ ਬਣਾਉਂਦਾ ਤਾਂ ਰੱਬੀ ਵਿਛੋੜੇ ਦੀ ਅਵਸਥਾ ਵਾਲਾ ਐਸਾ ਜੀਵਨ ਹੀ ਅਸਲੀਅਤ 'ਚ 'ਦੁਖ' ਕਹਿਲਾਉਂਦਾ ਹੈ।

ਜਿਉਂ ਹੀ ਮਨੁੱਖ ਰੱਬ ਜੀ ਨੂੰ ਵਿਸਾਰ ਕੇ ਮਨੁਖਤਾ ਦੇ ਤਲ ਤੋਂ ਡਿਗ ਕੇ ਪਸ਼ੂਆਂ ਵਾਲੇ (inhumane) ਕਰਮ ਕਰਦਾ ਹੈ ਤਾਂ ਉਸ ਵਿਚੋਂ ਮਨੁੱਖਤਾ ਵਾਲੇ ਰੱਬੀ ਗੁਣ ਅਲੋਪ ਹੋ ਜਾਂਦੇ ਹਨ ਫਿਰ **"ਹਰਿ ਬਿਸਰਤ ਸਦਾ ਖੁਆਰੀ"** ਕਾਰਨ ਸਦੀਵੀ ਮਾਨਸਕ, ਆਤਮਕ ਦੁਖਾਂ ਵਾਲਾ ਜੀਵਨ ਬਣ ਜਾਂਦਾ ਹੈ। **"ਜਾ ਕੈ ਹਰਿ ਧਨੁ ਸੋਈ ਸੁਹੇਲਾ॥"** ਅਨੁਸਾਰ ਜੋ ਮਨੁੱਖ ਰੱਬੀ ਗੁਣਾਂ ਵਾਲਾ ਜੀਵਨ ਜਿਊਂਦਾ ਹੈ ਉਹ ਸਦਾ ਸੁਹੇਲਾ ਭਾਵ ਸੁਖੀ ਜੀਵਨ ਮਾਣਦਾ ਹੈ। ਇਸੇ ਨੂੰ ਗੁਰਬਾਣੀ ਵਿਚ 'ਸਦੀਵੀ ਸੁਖ' ਕਹਿੰਦੇ ਹਨ।

ਜੋ ਮਨੁੱਖ ਅਖੌਤੀ ਦੁਖਾਂ ਤੋਂ ਡਰਦਾ ਹੈ ਉਹੋ ਸਰੀਰਕ ਜਨਮ ਮੁੜ ਕੇ ਨਾ ਲੈਣਾ ਪਵੇ ਦੀ ਜਾਚਨਾ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਜੋ ਮਨੁੱਖ ਸਰੀਰਕ ਮਰਨ ਮਗਰੋਂ ਨਹੀਂ ਬਲਕਿ ਅਜ ਇਸੇ ਜੀਵਨ ਵਿਚ ਜਿਊਂਦਿਆਂ, ਜੀਵਨ ਮੁਕਤ ਅਵਸਥਾ ਮਾਣਦਾ ਹੈ ਉਹ ਸਦੀਵੀ 'ਸੁਹੇਲਾ' ਭਾਵ ਸੁਖੀ ਹੋ ਜਾਂਦਾ ਹੈ, ਉਸਦਾ ਰੱਬ ਜੀ ਨਾਲੋਂ ਵਿਛੜਨ ਦਾ 'ਦੁਖ' ਮੁਕ ਜਾਂਦਾ ਹੈ। ਵਿਕਾਰਾਂ ਤੋਂ ਮੁਕਤ ਅਵਸਥਾ ਮਾਣਦਾ ਹੋਇਆ, ਐਸਾ ਮਨੁੱਖ,

ਰੱਬੀ ਰਜ਼ਾ 'ਚ ਆਪਣੇ ਜੀਵਨ ਦਾ ਮਕਸਦ ਪੂਰਾ ਕਰਨ 'ਚ ਕਾਮਯਾਬ ਹੋ ਜਾਂਦਾ ਹੈ, ਐਸਾ ਮਨੁੱਖ ਦੁਨਿਆਵੀ ਸੁਖਾ-ਦੁਖਾਂ ਤੋਂ ਉੱਪਰ ਹੋ ਕੇ ਸਦੀਵੀ ਸੁਖ 'ਚ ਪ੍ਰਵੇਸ਼ ਕਰ ਜਾਂਦਾ ਹੈ। ਫਿਰ ਸਰੀਰਕ ਮੌਤ ਜਾਂ ਸਰੀਰਕ ਜਨਮ ਦਾ ਡਰ ਰਹਿੰਦਾ ਹੀ ਨਹੀਂ।

ਜਦੋਂ ਮਨੁੱਖ ਅਸਲੀਅਤ 'ਚ 'ਆਤਮਕ ਸੁਖ' ਦੀ ਸਦੀਵੀ ਅਵਸਥਾ ਮਾਣਨ ਲਗ ਪੈਂਦਾ ਹੈ ਤਾਂ ਅਮੀਰੀ-ਗਰੀਬੀ, ਰੰਗ-ਰੂਪ, ਠੰਡ-ਗਰਮੀ, ਜਿੱਤ-ਹਾਰ ਆਦਿ ਦਾ ਉਸ ਦੇ ਅੰਦਰਲੇ (ਅੰਤਰ ਆਤਮੇ) ਉਤੇ ਕੋਈ ਅਸਰ ਨਹੀਂ ਪੈਂਦਾ। ਰੱਬੀ ਵਿਛੋੜੇ ਵਾਲੀ ਬਿਰਤੀ ਦਾ ਵੈਰਾਗ, ਦੁਖ, ਬਿਰਹਾ ਮਨੁੱਖ ਮਹਿਸੂਸ ਕਰ ਸਕਦਾ ਹੈ ਤੇ 'ਸਤਿਗੁਰ' ਰਾਹੀਂ 'ਸਦੀਵੀ-ਸੁਖ' ਦੀ ਅਵਸਥਾ ਮਾਣ ਸਕਦਾ ਹੈ।

**ਸਵਾਲ:-** ਕਈ ਮਨੁੱਖ ਇਹ ਕਹਿੰਦੇ ਹਨ ਕਿ ਜੇ ਕਰ ਮਰਨ ਤੋਂ ਬਾਅਦ ਦਾ ਡਰ, ਲੇਖਾ-ਜੋਖਾ, ਦਰਗਾਹ ਨਾ ਮੰਨੀਏ ਤਾਂ ਜ਼ੁਲਮ ਕਰਣ ਵਾਲੇ ਜੁਲਮ ਕਰਕੇ ਵੀ ਐਸ਼ਾਂ ਕਰੀ ਜਾਣਗੇ, ਸੋ ਉਨ੍ਹਾਂ ਲਈ ਲੇਖਾ ਜੋਖਾ, ਦਰਗਾਹ ਦਾ ਡਰ ਜ਼ਰੂਰੀ ਹੈ।

**ਬੇਨਤੀ:-** ਜੋ ਸੱਜਣ ਇਹ ਸਵਾਲ ਕਰਦੇ ਹਨ ਉਨ੍ਹਾਂ ਦਾ ਖਿਆਲ ਆਪਣੀ ਜਗ੍ਹਾ ਉਨ੍ਹਾਂ ਨੂੰ ਮੁਬਾਰਕ, ਮਨੁੱਖਾਂ ਉਤੇ ਜ਼ੁਲਮ ਵੇਖ ਕੇ ਉਨ੍ਹਾਂ ਦਾ ਦਰਦ (concern) ਵੀ ਸਹੀ ਹੈ ਪਰ ਜ਼ੁਲਮ ਕਰਣ ਵਾਲੇ ਮਨੁੱਖਾਂ, ਧੜਿਆਂ ਬਾਰੇ ਅਤੇ ਐਸ਼ ਕਰਣ ਵਾਲੇ ਮਨੁੱਖਾਂ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਤੋਂ ਪਹਿਲਾਂ ਅਨੇਕਾਂ ਫਲਸਫੇ, (ਲੇਖੇ, ਦਰਗਾਹ, ਜਮ, ਜਮਰਾਜ, ਚਿਤ੍ਰ ਗੁਪਤ, ਤਰਣੀ ਨਦੀ, ਜਮ ਮਾਰਗ, ਪੁਰਸਲਾਤ ਦਾ ਪੁਲ, ਅਜ਼ਰਾਇਲ ਫਰੇਸਤਾਂ) ਪਰਚਾਰੇ ਗਏ। ਗ੍ਰੰਥਾਂ ਦੇ ਗ੍ਰੰਥ ਭਰੇ ਪਏ ਹਨ ਪਰ ਅਫਸੋਸ ਜ਼ੁਲਮੀਆਂ ਵਲੋਂ ਜ਼ੁਲਮ ਅਤੇ ਐਸ਼ ਪ੍ਰਸਤੀ ਵਾਲੇ ਮਨਮੁਖਾਂ ਦੀ ਗਿਣਤੀ ਵਧਦੀ ਹੀ ਜਾ ਰਹੀ ਹੈ। ਦਰਅਸਲ ਇਸ ਦੁਨੀਆ ਨੂੰ 'ਸਤਿਗੁਰ' (divine wisdom, universal truth) ਸੱਚ ਦਾ ਗਿਆਨ ਦਾ ਪਾਠ ਪੜ੍ਹਾਉਣਾ ਜ਼ਰੂਰੀ ਬਣਦਾ ਸੀ। ਸੋ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰਾਹੀਂ ਮਨੁੱਖਾਂ ਨੂੰ ਸਮਝਾਇਆ ਹੈ ਕਿ ਮਰਨ ਮਗਰੋਂ ਨਰਕ ਭੋਗੇਂਗਾ ਕਿ ਨਹੀਂ, ਤੂੰ ਅਜ ਹੀ (ਧਨ, ਭੂਮ, ਰਾਜ) ਅਭਿਮਾਨ ਕਾਰਨ, ਨਰਕ 'ਚ ਪਿਆ ਸੜ ਰਿਹਾ ਹੈਂ। **"ਜਿਸ ਕੈ ਅੰਤਰਿ ਰਾਜ ਅਭਿਮਾਨੁ।। ਸੋ ਨਰਕਪਾਤੀ ਹੋਵਤ ਸੁਆਨੁ"** (ਗੁਰੂ ਗ੍ਰੰਥ ਸਾਹਿਬ, ਪੰਨਾ : 278)

ਇਸੇ ਤਰ੍ਹਾਂ ਜੋ ਮਨੁੱਖ ਐਸ਼ 'ਚ ਗਲਤਾਨ ਹਨ ਉਨ੍ਹਾਂ ਨੂੰ

**ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭਰਮਾਵਣਹ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1358)

ਅਤੇ

**ਜੋ ਜਾਨੈ ਮੈ ਜੋਬਨਵੰਤੁ।। ਸੋ ਹੋਵਤ ਬਿਸਟਾ ਕਾ ਜੰਤੁ।।** (ਗੁਰੂ ਗ੍ਰੰਥ ਸਾਹਿਬ, ਪੰਨਾ : 278)

ਐਸੇ ਅਨੇਕ ਪ੍ਰਮਾਣਾਂ ਰਾਹੀਂ ਤਾੜਨਾ ਦੇ ਕੇ ਸਮਝਾਇਆ ਹੈ ਕਿ ਐ ਮਨੁੱਖ, 'ਇਹ ਜਗ ਮਿਠਾ ਅਗਲਾ ਕਿਨ ਡਿਠਾ' ਕਹਿ ਕੇ ਜਿਊਣਾ, ਤੇਰੀ ਆਤਮਕ ਮੌਤ, ਖੁਆਰੀ ਦਾ ਕਾਰਨ ਬਣ ਰਿਹਾ ਹੈ। **ਹਰਿ ਬਿਸਰਤ ਸਦਾ ਖੁਆਰੀ।। ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ।। ਰਹਾਉ।। ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ।।** (ਗੁਰੂ ਗ੍ਰੰਥ ਸਾਹਿਬ, ਪੰਨਾ : 711) ਐਸੇ ਸ਼ਬਦਾਂ ਰਾਹੀਂ ਮਨਮੁਖੀ ਪਸ਼ੂ ਬਿਰਤੀ ਵਾਲੇ ਮਨੁੱਖਾਂ ਨੂੰ ਸੁਚੇਤ ਕਰਾਇਆ ਹੈ ਕਿ ਤੂੰ ਪਲ-ਛਿਨ ਦੇ ਸੁਖਾਂ ਲਈ (momentry pleasures) ਆਪਣਾ ਆਤਮਕ ਜੀਵਨ

(character) ਖਰਾਬ ਕਰ ਰਿਹਾ ਹੈਂ, ਦੁਰਮਤ ਕਰਕੇ 'ਮੈਲਾ ਮਨ' ਹੋ ਰਿਹਾ ਹੈ, ਜਾਗ, ਤੇ ਆਪਣੇ ਮਨੁੱਖਾ ਜਨਮ ਦੀ ਇਹ "**ਦੁਲਭ ਦੇਹ ਸਵਾਰਿ॥**"

ਜਿਨ੍ਹਾਂ ਮਨੁੱਖਾਂ ਨੂੰ 'ਮਰਨ ਮਗਰੋਂ' ਦੇ ਡਰ ਨੇ ਕੁਝ ਵੀ ਅਗਵਾਈ ਨਹੀਂ ਦਿਤੀ, ਉਨ੍ਹਾਂ ਨੂੰ ਜੇ ਹੁਣ ਦੇ ਆਤਮਕ/ਮਾਨਸਕ ਦੁਖਾਂ, ਰੋਗਾਂ ਬਾਰੇ ਸਮਝ ਪੈ ਜਾਵੇ ਤਾਂ ਉਹ ਮਨੁੱਖ, ਸਾਂਝੀਵਾਲਤਾ, ਵੰਡ ਛਕੱਣਾ ਵਾਲੀ ਜੀਵਨੀ ਜਿਊਣ ਲਈ ਜਾਗ ਕੇ ਉਦਮ ਕਰਨ ਵੱਲ ਪ੍ਰੇਰਿਤ ਹੋ ਸਕਦੇ ਹਨ। "**ਏਕੁ ਪਿਤਾ ਏਕਸ ਕੇ ਹਮ ਬਾਰਿਕ**" ਸਮਝਣ ਵਾਲਾ ਮਨੁੱਖ ਜ਼ੁਲਮ ਕਰ ਹੀ ਨਹੀਂ ਸਕਦਾ। 'ਅਗਲਾ ਜੱਗ' ਹੈ ਕਿ ਨਹੀਂ ਪਰ ਇਸੇ 'ਜਗ' 'ਚ ਰੱਬ ਜੀ ਨੂੰ ਹਾਜ਼ਰ ਨਾਜ਼ਰ ਸਮਝਣ ਵਾਲਾ ਮਨੁੱਖ, ਵਿਕਾਰਾਂ ਦੇ ਵਸ ਪੈ ਹੀ ਨਹੀਂ ਸਕਦਾ, ਕਿਉਂਕਿ ਉਹ ਮਨੁੱਖ ਅੰਤਰ ਆਤਮੇ 'ਚ ਅਤੇ ਹੋਰਨਾ ਮਨੁੱਖਾਂ 'ਚ (**ਬਾਹਰਿ ਭੀਤਰਿ ਏਕੋ ਜਾਨਹੁ**) ਇਕ ਰੱਬ ਜੀ ਨੂੰ ਮਹਿਸੂਸ ਕਰ ਰਿਹਾ ਹੁੰਦਾ ਹੈ। ਉਹ ਮਨੁੱਖ ਅਯਾਸ਼ੀ ਨਹੀਂ ਕਰੇਗਾ, ਤੇ ਨਾ ਹੀ ਕਿਸੇ ਨੂੰ ਧੋਖਾ ਦੇਵੇਗਾ ਕਿਉਂਕਿ '**ਸਭੈ ਘਟਰਾਮੁ ਬੋਲੈਂ**', '**ਕੁਦਰਤਿ ਕੇ ਸਭ ਬੰਦੇ**', '**ਘਟਿ ਘਟਿ ਮਾਧਉ ਜੀਆ**', ਦੇ ਸੁਨੇਹੇ ਕਾਰਨ ਮਨੁੱਖ '**ਜੈਸਾ ਹਰਿ ਹੀ ਹੋਇ॥**' ਵਾਲਾ ਰੱਬੀ ਗੁਣਾਂ ਵਾਲਾ ਜੀਵਨ ਜਿਊਂਦਾ ਹੈ। ਰੱਬੀ ਇਕਮਿਕਤਾ ਕਾਰਨ ਰੱਬ ਰੂਪ ਹੋਇਆ '**ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ**' ਵਾਲਾ ਮਨੁੱਖ ਕਿਸੀ ਤੇ ਜ਼ੁਲਮ ਅਤੇ ਐਸ਼ ਪ੍ਰਸਤੀ ਵਾਲੇ ਮੰਦੇ ਕਰਮ ਕਰ ਹੀ ਨਹੀਂ ਸਕਦਾ।

ਅਜੋਕੀ ਸਾਇੰਸ ਨੇ ਕੁਦਰਤ ਚੋਂ ਸੱਚ ਦੇ ਆਧਾਰ 'ਤੇ ਕਾਢਾਂ ਕਢੀਆਂ। ਸਾਇੰਸਦਾਨਾਂ ਨੇ ਆਪਣੇ ਵਲੋਂ ਕੁਝ ਬਣਾਇਆ ਨਹੀਂ, ਕੇਵਲ ਕੁਦਰਤ 'ਚ ਰੱਬੀ ਨਿਯਮਾਂ ਨੂੰ ਲੱਭਿਆ ਹੈ। ਸਾਇੰਸ ਦੇ ਨਿਰਪੱਖ ਖਰੇ ਸੱਚ ਸਾਹਮਣੇ, ਅਨੇਕਾਂ ਮਜ਼ਬਾਂ-ਧਰਮਾਂ ਦੇ ਅਖੌਤੀ ਕਰਮਕਾਂਡ ਅਤੇ ਅੰਧ ਵਿਸ਼ਵਾਸ ਦਲੀਲ ਤੇ ਪੂਰੇ ਨਹੀਂ ਉਤਰਦੇ। ਉਨ੍ਹਾਂ 'ਚੋਂ ਜਿਸ ਕਿਸੇ ਵਿਚ ਵੀ ਸੱਚਾ ਗਿਆਨ ਨਹੀਂ ਹੈ, ਉਨ੍ਹਾਂ ਧਰਮਾਂ ਨੂੰ ਸਾਇੰਸ ਤੋਂ ਖਤਰਾ ਲਗਦਾ ਹੈ। ਹਾਂ ਪਰ, ਗੁਰੂ ਗ੍ਰੰਥ ਸਾਹਿਬ ਜੀ ਵਿਚ ਕੋਈ ਵੀ ਅੰਧ ਵਿਸ਼ਵਾਸ ਦੀ ਗੱਲ ਨਾ ਹੋਣ ਕਾਰਨ ਗੁਰੂ ਗ੍ਰੰਥ ਸਾਹਿਬ ਜੀ (ਸਤਿਗੁਰ) ਨੂੰ ਕਿਸੀ ਵੀ ਕਿਸਮ ਦੀ ਸਾਇੰਸ ਦੀ ਖੋਜ ਤੋਂ ਡਰ ਹੈ ਹੀ ਨਹੀਂ। ਅਜ 'ਕਲੋਨਿੰਗ' (cloning) ਦਾ ਮਸਲਾ ਸਾਹਮਣੇ ਆ ਰਿਹਾ ਹੈ। ਸਭ ਧਰਮਾਂ ਨੂੰ ਖਤਰਾ ਲਗ ਰਿਹਾ ਹੈ ਪਰ ਗੁਰੂ ਗ੍ਰੰਥ ਸਾਹਿਬ ਜੀ ਨੂੰ ਕੋਈ ਖਤਰਾ ਨਹੀਂ ਹੈ, ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਵਿਚ '**ਨਾ ਕਛੁ ਆਇਬੋ ਨਾ ਕਛੁ ਜਾਇਬੋ**', '**ਜੋ ਕਿਛੁ ਪਾਇਆ ਸੁ ਏਕਾ ਵਾਰ**' ਜੈਸੇ ਅਨੇਕਾਂ ਪ੍ਰਮਾਣ ਹਨ ਜੋ ਵਿਚਾਰਨ ਯੋਗ ਹਨ। ਕਈ ਸੱਜਣ 'ਆਤਮਾ' ਸਰੀਰ 'ਚ 'ਵੜਨ ਅਤੇ ਬਾਹਰ ਆਉਣ' ਦੀ ਵਿਚਾਰ ਮੰਨ ਕੇ ਭੂਤ ਪ੍ਰੇਤ ਅਤੇ ਜੂਨਾਂ 'ਚ ਭਟਕਨ ਦੇ ਵਿਚਾਰ ਬਣਾ ਲੈਂਦੇ ਹਨ। ਕਈ ਕਹਿੰਦੇ ਹਨ ਕਿ, "ਸਾਇੰਸਦਾਨਾਂ ਨੇ ਇਕ ਜ਼ਿੰਦਾ ਬੰਦੇ ਨੂੰ (ਸ਼ੀਸ਼ੇ ਦੇ) ਜਾਰ 'ਚ ਬੰਦ ਕਰ ਦਿੱਤਾ, ਜਦੋਂ ਉਹ ਮਨੁੱਖ ਮਰਿਆ ਤਾਂ ਸ਼ੀਸ਼ੇ ਦਾ ਜਾਰ ਟੁੱਟ ਗਿਆ।"

ਅੱਜ ਤਕ ਸਾਇੰਸ ਦੀ ਕੀਤੀ ਹਰੇਕ ਖੋਜ ਲਈ ਮਨੁੱਖਾਂ ਦਾ ਦੇਸ਼ ਅਤੇ ਨਾਮ ਦਸਿਆ ਜਾਂਦਾ ਹੈ, ਪਰ ਕਿਸੀ ਵੀ ਸਾਇੰਸਦਾਨ ਨੇ ਹੁਣ ਤਕ ਨਹੀਂ ਕਿਹਾ ਕਿ ਇਹ ਸ਼ੀਸ਼ੇ ਦੇ ਜਾਰ ਵਾਲਾ ਤਜ਼ਰਬਾ ਕਿਸਨੇ ਕੀਤਾ ਹੈ। ਇਹ ਜੁਰਮ (crime) ਹੈ, ਕਿਸੀ ਵੀ ਦੇਸ਼ 'ਚ ਇਜਾਜ਼ਤ ਨਹੀਂ ਹੈ ਕਿ ਜਿਊਂਦੇ ਮਨੁੱਖ ਨੂੰ ਸ਼ੀਸ਼ੇ ਦੇ ਜਾਰ 'ਚ ਪਾ ਕੇ ਮਰਦਿਆਂ ਵੇਖੋ। ਇਹ ਕੇਵਲ ਕੰਨੋ ਕੰਨੀ ਫੈਲਾਇਆ ਗਿਆ ਅੰਧ ਵਿਸ਼ਵਾਸ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਆਤਮਾ, ਜੀਵਾਤਮਾ, ਜੀਅੜਾ, ਜੀਊ ਜੈਸੇ ਅਨੇਕਾਂ ਲਫਜ਼ ਆਏ ਹਨ ਪਰ ਉਨ੍ਹਾਂ ਦਾ ਭਾਵਅਰਥ ਅਖੌਤੀ 'ਆਤਮਾ' ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਜੀਅੜਾ, ਹਿਰਦਾ, ਮਨ, ਆਤਮਾ, ਅੰਤਰ ਆਤਮਾ ਆਦਿ

ਲਫ਼ਜ਼ਾਂ ਦਾ ਭਾਵਅਰਥ ਹੈ ਮਨੁੱਖ ਦੀ ਜ਼ਮੀਰ (will, conscience)। ਜਿਵੇਂ ਅਸੀਂ ਕਹਿੰਦੇ ਹਾਂ ਕਿ "ਤੇਰਾ ਮਨ, ਤੇਰੀ ਜ਼ਮੀਰ, ਤੇਰੀ ਆਤਮਾ, ਤੇਰੇ ਅੰਦਰ ਦੀ ਅਵਾਜ਼ ਮੰਨਦੀ ਹੈ ਕਿ ਫਲਾਣਾ ਕਰਮ ਕਰਾਂ"।

ਇਹ ਸਰੀਰ ਪੰਜ ਤਤਾਂ ਤੋਂ ਬਣਿਆ ਹੈ। ਮਨੁੱਖੀ ਸਰੀਰ ਨੂੰ ਪ੍ਰਾਪਤ ਕਰਣ ਮਗਰੋਂ ਮਾਂ-ਪਿਉ, ਭੈਣ, ਭਰਾ, ਮਾਹੌਲ, ਮੌਸਮ, ਸਮਾਜ ਕਾਰਨ ਮਨੁੱਖ ਦਾ 'ਮਨ' ਬਣਦਾ ਹੈ। ਸੋ ਮਨੁੱਖੀ ਮਨ ਮਰਨ ਮਗਰੋਂ ਮਨੁੱਖ ਦੇ ਸਰੀਰ ਨਾਲ ਹੀ ਮੁਕ ਜਾਂਦਾ ਹੈ। ਪੰਜ ਤੱਤ ਇਸ ਸ੍ਰਿਸ਼ਟੀ 'ਚ ਮਿਲ ਜਾਂਦੇ ਹਨ। ਗੁਰਮਤ ਸਿਧਾਂਤ ਅਨੁਸਾਰ 'ਸਤਿਗੁਰ' ਪ੍ਰਾਪਤ ਕਰਕੇ, ਮਨੁੱਖ ਦਾ ਮਨ ਜਾਗ (aware) ਪੈਂਦਾ ਹੈ, ਮਨ ਦੀ ਮੈਲ ਧੁਲ ਜਾਂਦੀ ਹੈ, ਵਿਕਾਰ ਵਸ ਵਿਚ ਆ ਜਾਂਦੇ ਹਨ। ਅਜਿਹੇ ਜਾਗੇ ਮਨ ਨੂੰ ਹੀ ਕਿਹਾ ਹੈ **"ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ।। ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ।।"** (ਗੁਰੂ ਗ੍ਰੰਥ ਸਾਹਿਬ, ਪੰਨਾ : 917) ਸੋ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਮਨ ਨੂੰ ਮਾਰਨਾ ਨਹੀਂ ਹੈ, ਕੇਵਲ ਸੁੱਤੇ ਮਨ ਨੂੰ ਜਗਾਉਣ ਦੀ ਅਵਸਥਾ 'ਚ ਲਿਆਉਣ ਲਈ 'ਸਤਿਗੁਰ' ਗਿਆਨ-ਗੁਰ (divine wisdom) ਦੇ ਅਧੀਨ ਕਰਨਾ ਹੈ। ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ 'ਆਤਮਾ' ਬਾਰੇ ਕਈ ਸ਼ਬਦ ਵਿਚਾਰਨਯੋਗ ਹਨ। ਗੁਰੂ ਗ੍ਰੰਥ ਸਾਹਿਬ ਜੀ ਦਾ ਆਤਮਾ ਬਾਰੇ ਨਜ਼ਰੀਆ ਵਿਚਾਰਨਾ ਸਾਡਾ ਸਭ ਦਾ ਫਰਜ਼ ਬਣਦਾ ਹੈ।

ਜ਼ਿਆਦਾਤਰ ਮਨੁੱਖ ਐਸੇ ਕਈ ਸਵਾਲ ਕਰਕੇ ਆਪ ਹੀ ਜਵਾਬ ਬਣਾ ਲੈਂਦੇ ਹਨ ਤੇ ਆਪਣੇ ਆਪ ਹੀ ਆਵਾਗਵਨ, 84 ਲੱਖ ਜੂਨੀਆਂ, ਜਨਮ ਮਰਨ ਦੇ ਸਿਧਾਂਤ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਉਤੇ ਥੋਪ ਕੇ ਭਰਮ 'ਚ ਪਏ ਰਹਿੰਦੇ ਹਨ, ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁਣੀ ਸੁਣਾਈ ਫਿਲਾਸਫੀ ਨਾਲ ਪੜ੍ਹਦੇ, ਰਹਿੰਦੇ ਹਨ ਤੇ ਅਸਲੀਅਤ ਤੋਂ ਖੁੰਝ ਜਾਂਦੇ ਹਨ।

ਵਿਚਾਰ ਕੀਤਿਆਂ ਪਤਾ ਲਗਦਾ ਹੈ ਕਿ ਭਾਵੇਂ ਕੋਈ ਵੀ ਕੁਝ ਵੀ, ਪਿਆ ਕਹੇ ਲੇਕਿਨ ਗੁਰੂ ਗ੍ਰੰਥ ਸਾਹਿਬ ਜੀ ਦੀ 'ਸਤਿਗੁਰ' (Universal truth) ਦੀ ਵਿਚਾਰਧਾਰਾ ਮਨੁੱਖ ਨੂੰ ਪੂਰਨ ਮਨੁੱਖਤਾ (Humanity) ਵਾਲਾ ਜੀਵਨ ਜਿਊਣਾ ਸਿਖਾਉਂਦੀ ਹੈ ਅਤੇ ਇਸੇ ਨੂੰ 'ਜਿਊਂਦਿਆਂ ਮੁਕਤੀ' ਕਹਿੰਦੇ ਹਨ। ਮਰਨ ਮਗਰੋਂ ਮੁਕਤੀ (ਉਧਾਰ) ਨਹੀਂ ਬਲਕਿ ਨਕਦ ਜੀਵਨ ਹੀ ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਦ੍ਰਿੜ ਕਰਵਾਇਆ ਹੈ।

ਮਨੁੱਖ ਨੂੰ ਡਰਾ ਕੇ ਪਾਪੀ-ਪੁੰਨੀ, ਸਵਰਗ-ਨਰਕ ਜੈਸੀਆਂ ਵਿਚਾਰਾਂ, ਲਾਲਚ ਦੇ ਕੇ ਅਮਲੀ ਜੀਵਨੀ ਨਹੀਂ ਘੜੀ ਜਾ ਸਕਦੀ। ਮਨੁੱਖ ਨੂੰ ਬਿਬੇਕ ਬੁਧੀ ਮਿਲੇ ਇਹੋ ਹੀ ਗੁਰੂ ਗ੍ਰੰਥ ਸਾਹਿਬ ਜੀ ਦਾ ਤਤ ਗਿਆਨ ਹੈ ਤਾਂ ਕਿ ਮਨੁੱਖ ਚੰਗੇ-ਮੰਦੇ ਦੀ ਪਛਾਣ ਕਰਣ ਵਾਲੀ ਜੀਵਨੀ ਜਿਊ ਸਕੇ।

ਜਿਸ ਮਨੁੱਖ ਨੂੰ ਇਹ ਸਮਝ ਪੈ ਜਾਂਦੀ ਹੈ ਕਿ ਮੇਰੇ ਪਾਪ ਜਾਂ ਕੀਤੇ ਮਾੜੇ ਕਰਮਾਂ ਦਾ ਸਭ ਕੁਝ ਫਲਾਣੇ-ਫਲਾਣੇ ਕਰਮਾਂ ਕਾਂਡਾਂ ਨਾਲ, ਪਿਤਰਾਂ ਬਾਰੇ ਸ਼ਰਾਧ, ਵਰ੍ਹੀਣਾ, ਪਖੰਡ ਕਰੀ ਜਾਣ ਨਾਲ ਧੁਲ ਸਕਦਾ ਹੈ ਤਾਂ ਉਹ ਮਨੁੱਖ ਆਪਣੇ ਮਾੜੇ ਖਿਆਲ, ਮਾੜੀਆਂ ਆਦਤਾ, ਮਾੜੇ ਸੁਭਾਅ ਅਤੇ ਮਾੜੇ ਫੁਰਨਿਆਂ, ਮਾੜੇ ਕਰਨੀਆਂ ਤੋਂ ਉਪਰ ਨਹੀਂ ਉਠ ਸਕਦਾ। ਉਸਦਾ ਧਿਆਨ ਪਾਪ ਪੁੰਨ ਦੀ 'ਉਧੇੜ-ਬੁਨ' 'ਚ ਪੈ ਜਾਂਦਾ ਹੈ, ਉਹ ਮਨੁੱਖ ਸਵਰਗ ਨਰਕ ਬਾਰੇ ਵਿਚਾਰਾਂ ਕਰਦਾ ਰਹਿੰਦਾ ਹੈ ਪਰ ਆਪਣੇ ਵਰਤਮਾਨ (present) ਜੀਵਨ ਨੂੰ, ਉੱਚੀ ਜੀਵਨੀ ਦੇ ਕਿਰਦਾਰ ਦਾ ਧਾਰਨੀ ਨਹੀਂ ਬਣਾਉਂਦਾ। ਜਿਸ ਮਨੁੱਖ ਨੂੰ 'ਆਤਮਕ ਮੌਤ' ਬਾਰੇ ਸਮਝ ਪੈ ਜਾਂਦੀ ਹੈ ਕਿ ਕਿਵੇਂ ਮੈਂ ਰੋਜ਼-ਰੋਜ਼ ਆਪਣੇ ਜੀਵਨ 'ਚ ਲਖਾਂ ਵਾਰੀ ਆਤਮਕ ਮੌਤ ਕਾਰਨ ਜੰਮਦਾ ਮਰਦਾ ਰਹਿੰਦਾ ਹਾਂ, ਮੇਰਾ ਜੀਵਨ ਅਸ਼ਾਂਤ, ਭਰਮਾਂ 'ਚ ਭਟਕਣ ਕਾਰਨ ਖੁਆਰ ਹੋ ਜਾਂਦਾ ਹੈ ਤਾਂ ਐਸਾ ਮਨੁੱਖ 'ਸਤਿਗੁਰ' ਅਨੁਸਾਰ ਅਮਲੀ ਜੀਵਨ ਦਾ ਧਾਰਨੀ ਹੋ ਕੇ ਅਮਲੀ ਜੀਵਨੀ (ਸਦ ਜੀਵਣ) ਵਾਲਾ ਸਚਿਆਰ ਮਨੁੱਖ ਬਣ ਜਾਂਦਾ ਹੈ।

ਆਤਮਕ ਮੌਤ ਤੋਂ (ਵਿਕਾਰਾਂ ਹਥੀਂ ਅੰਤਕਾਲ ਤੋਂ) ਜੋ ਜਿਊਂਦਿਆਂ ਸੁਚੇਤ ਹੋ ਜਾਂਦਾ ਹੈ, ਉਸੇ ਦੇ ਜੀਵਨ ਨੂੰ ਜੀਵਨ ਮੁਕਤ (ਨਿਰਵਾਣ ਪਦ) ਸਦ ਜੀਵਣ ਕਹਿੰਦੇ ਹਨ। ਜੋ ਮਨੁੱਖ ਜਿਊਂਦਿਆਂ ਦੁਰਲਭ ਦੇਹ ਬਣਾਉਣ 'ਚ (ਸਤਿਗੁਰ ਕੈ ਜਨਮੈ ਗਵਨੁ ਮਿਟਾਇਆ।।) (ਗੁਰੂ ਗ੍ਰੰਥ ਸਾਹਿਬ, ਪੰਨਾ : 940) ਜੀਵਨ ਉਸਾਰਨ 'ਚ ਕਾਮਯਾਬ ਹੋ ਜਾਂਦਾ ਹੈ ਉਸੇ ਬਾਰੇ ਕਹਿੰਦੇ ਹਨ:- "**ਜਨਮ ਮਰਨ ਤਾ ਕਾ ਦੂਖੁ ਨਿਵਾਰੈ।। ਦੁਲਭ ਦੇਹ ਤਤਕਾਲ ਉਧਾਰੈ।।**" (ਗੁਰੂ ਗ੍ਰੰਥ ਸਾਹਿਬ, ਪੰਨਾ : 296)